

# WATNO DUR

July-Aug-Sept. 1985

VOL. 13 No. 107

DATE OF ISSUE: SEPT. 25, 1985

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 JULY-AUG-SEPT 1985 Vol. 13 No. 107

EDITORIAL BOARD:

SURINDER DHANJAL, EDMONTON..........439-6216
SATWANT, EDMONTON...................461-1917
LAAT BHINDER, EDMONTON..............435-7469
AVTAR GILL, SHERWOOD PARK...........464-3851
KARNAIL RANDHAWA, EDMONTON..........462-2712

WATNO DUR REPRESENTATIVES:

● BRITISH COLUMBIA
SADHU, BURNABY......................437-9014
SUKHWANT HUNDAL, VANCOUVER..........321-9221
AMARJIT CHAHAL, SURREY..............581-0406
PAUL BINNING, RICHMOND..............270-9467
GURCHARAN TALLEWALIA, BURNABY.......298-3982
TEJ SANDHU, QUESNEL.................992-6775
AVTAR RODHEY, QUESNEL...............992-7578
INDERJIT RODE, VANCOUVER............430-4104

## ਇਸ ਅੰਕ ਵਿੱਚ

● ਸੰਪਾਦਕੀ : ਸਮਝੌਤਾ, ਕਤਲ ਅਤੇ ਚੋਣਾਂ
● ਕਵਿਤਾਵਾਂ : ਸੁਰਿੰਦਰ ਧੰਜਲ, ਸੁਖਿੰਦਰ, ਅਵਤਾਰ ਰੋਡੇ, ਇਕਬਾਲ ਰਾਮੂਵਾਲੀਆ, ਗੁਰਚਰਨ ਟੱਲੇਵਾਲੀਆ
● ਕਹਾਣੀਆਂ : ਅਵਤਾਰ ਗਿੱਲ, ਤੇਜ ਸੰਧੂ 'ਸਮਾਧਵੀ'
● ਨਾਟਕ : ਸਾਧੂ ਅਤੇ ਸੁਖਵੰਤ ਹੁੰਦਲ

ਵਿਸ਼ੇਸ਼ :

* ਲੇਖ: 1. ਸਾਊਥ ਅਫਰੀਕਾ (ਵੈਨਕੂਵਰ ਸੱਥ)
2. ਚੋਰ-ਗੁਲਾਮੀ ਦੀਆਂ ਜੰਜ਼ੀਰਾਂ 'ਚ ਜਕੜਿਆ ਭਾਰਤ (ਗੁਲਜ਼ਾਰ)

* ਰੀਪੋਰਟ: 1. ਐਡਮੰਟਨ ਵਿੱਚ ਖ਼ਾਲਿਸਤਾਨੀ ਸੰਮੇਲਨ (ਅਮਰੀਕ ਸਿੰਘ)
2. ਐਡਮੰਟਨ ਵਿੱਚ ਯੈਲੋ ਕੈਬ ਡਰਾਈਵਰਾਂ ਦਾ ਸ਼ਾਨਦਾਰ ਘੋਲ (ਲਾਟ ਭਿੰਡਰ)

* ਇੰਗਲੈਂਡ ਤੋਂ ਇੱਕ ਖ਼ਤ: ਸੁਖਦੇਵ ਸਿੱਧੂ

● ANNUAL SUBSCRIPTION

- Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
- Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

● WATNO DUR (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

● All officeholders and members of WATNO DUR PUBLICATIONS (Registered), past and present, have been and are honorary associates of WATNO DUR.

● Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਸਮਝੌਤਾ, ਕਤਲ ਅਤੇ ਚੋਣਾਂ

ਪਿਛਲੇ ਕਈ ਸਾਲਾਂ ਤੋਂ ਪੰਜਾਬ ਸਿਆਸੀ ਹਲੇਰਗਰਦੀ ਦਾ ਕੇਂਦਰ ਬਣਿਆ ਰਿਹਾ ਹੈ ਜਾਂ ਬਣਾਇਆ ਜਾਂਦਾ ਰਿਹਾ ਹੈ। ਹਾਕਮ ਜਮਾਤਾਂ ਅਤੇ ਸਮੇਂ ਦੀ ਸਰਕਾਰ ਦੀ ਸ਼ਹਿ ਉੱਤੇ ਫਿਰਕੂ ਜਨੂੰਨ ਦੀ ਅੱਗ ਪਹਿਲਾਂ ਹੌਲੀ ਹੌਲੀ ਸ਼ੁਰੂ ਹੋਈ ਅਤੇ ਫਿਰ ਹਰਮੰਦਰ ਸਾਹਿਬ ਅਤੇ ਪੰਜਾਬ ਉੱਤੇ ਹੋਏ ਫ਼ੌਜੀ ਹਮਲੇ ਨਾਲ ਜੂਨ 1984 ਵਿੱਚ ਸਿਖ਼ਰ 'ਤੇ ਪਹੁੰਚ ਗਈ। ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਹਾਕਮਾਂ ਵੱਲੋਂ ਹਿੰਦੁਸਤਾਨ ਭਰ ਦੇ ਸਿੱਖਾਂ ਨਾਲ ਜੋ ਗੁੰਡਾਗਰਦੀ ਹੋਈ, ਉਸ ਨਾਲ ਮਾਹੌਲ ਹੋਰ ਵੀ ਵਿਗੜਦਾ ਗਿਆ - ਕਾਂਗਰਸ ਸਰਕਾਰ ਦਾ ਰੀਕਾਰਡ ਤੋੜਵੀਂ ਬਹੁ-ਗਿਣਤੀ ਨਾਲ ਵੋਟਾਂ ਜਿੱਤ ਜਾਣਾ ਇਸ ਗੱਲ ਦਾ ਸਬੂਤ ਸੀ ਕਿ ਸਰਕਾਰ ਆਪਣੀਆਂ ਰਾਜ-ਸੱਤਾ ਨੂੰ ਚਿੰਬੜੇ ਰਹਿਣ ਲਈ ਕੀਤੀਆਂ ਸਾਜ਼ਸ਼ਾਂ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ।

ਇਸ ਮਾਹੌਲ ਨੂੰ ਵਿਗਾੜੀ ਰੱਖਣਾ ਹੀ ਸਰਕਾਰ ਦੇ ਹਿੱਤਾਂ ਵਿੱਚ ਜਾਂਦਾ ਹੈ - ਸੋ ਸਰਕਾਰ ਨੇ ਕਦੇ ਕਿਸੇ ਸਿੱਖ ਫਿਰਕਾਪ੍ਰਸਤ ਰਾਹੀਂ, ਕਦੇ ਕਿਸੇ ਹਿੰਦੂ ਫਿਰਕਾਪ੍ਰਸਤ ਰਾਹੀਂ ਅਜਿਹੀ ਬਿਆਨਬਾਜ਼ੀ ਕਰਵਾਈ ਰੱਖੀ ਜਿਸ ਨਾਲ ਲੋਕ ਭੰਬਲ ਭੂਸਿਆਂ ਵਿੱਚ ਫਸੇ ਰਹਿਣ। ਸੰਯੁਕਤ ਅਕਾਲੀ ਦਲ ਵਰਗੇ ਮੌਕਾਪ੍ਰਸਤ ਸਿਆਸੀ ਗੱਠ ਜੋੜ ਸਾਹਮਣੇ ਆਏ। ਅਜਿਹੀ ਸਥਿਤੀ ਵਿੱਚ ਹੀ ਲੋਕਾਂ ਨੂੰ ਵਰਗਲਾਉਣ ਦੇ ਇੱਕ ਨਵੇਂ ਹਥਿਆਰ ਵਜੋਂ ਰਾਜੀਵ-ਲੌਂਗੋਵਾਲ ਸਮਝੌਤਾ ਸਿਆਸੀ ਚਕਮੇਬਾਜ਼ੀ ਦੀ ਇੱਕ ਹੋਰ ਮਿਸਾਲ ਵਜੋਂ ਸਾਹਮਣੇ ਆ ਪ੍ਰਗਟ ਹੋਇਆ। ਇਸ ਸਮਝੌਤੇ ਵਿੱਚ ਕਿਸੇ ਵੀ ਝਗੜੇ ਵਾਲੀ ਗੱਲ ਦਾ ਸਪੱਸ਼ਟ ਨਿਪਟਾਰਾ ਨਹੀਂ ਕੀਤਾ ਗਿਆ; ਸਗੋਂ ਬਹੁਤੀਆਂ ਗੱਲਾਂ ਨੂੰ ਕਮਿਸ਼ਨਾਂ ਦੇ ਹਵਾਲੇ ਕਰਕੇ, ਇੱਕ ਦੂਜੇ ਨੂੰ ਜੱਫੀਆਂ ਪਾਉਣ ਅਤੇ ਵਧਾਈਆਂ ਦੇਣ ਦੀ ਤਸੱਲੀ ਤੋਂ ਵੱਧ ਇਸਦੀ ਕੋਈ ਕੀਮਤ ਨਹੀਂ। ਅਸੀਂ ਪਿਛਲੇ ਸੰਪਾਦਕੀਆਂ ਅਤੇ ਕਾਲਮਾਂ ਵਿੱਚ ਪਿਛਲੇ ਕਈ ਵਰ੍ਹਿਆਂ ਤੋਂ ਲਗਾਤਾਰ ਕਹਿੰਦੇ ਰਹੇ ਹਾਂ ਕਿ ਇਹ 'ਧਰਮ-ਯੁੱਧ' ਨਹੀਂ ਸਗੋਂ 'ਕੁਰਸੀ-ਯੁੱਧ' ਹੈ ਵਰਨਾਂ ਮੰਗਾਂ ਤਾਂ ਉਦੋਂ ਵੀ ਇਹੀ ਸਨ ਜਦੋਂ ਪੰਜਾਬ ਵਿੱਚ ਅਕਾਲੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ।

ਰਾਜੀਵ-ਲੌਂਗੋਵਾਲ ਸਮਝੌਤੇ ਪ੍ਰਤੀ ਅਤੇ ਲੌਂਗੋਵਾਲ ਦੇ ਕਤਲ ਵੱਲ ਸਾਡੀ ਸਮੁੱਚੀ ਪਹੁੰਚ ਬਿਲਕੁੱਲ ਉਹੋ ਜਿਹੀ ਹੈ, ਜਿਹੋ ਜਿਹੀ ਪਿਛਲੇ ਸਾਲ ਪ੍ਰਧਾਨ ਮੰਤਰੀ ਦੇ ਕਤਲ ਸਮੇਂ ਸੀ। ਪ੍ਰਧਾਨ ਮੰਤਰੀ ਦੇ ਕਤਲ ਸਮੇਂ ਅਸੀਂ ਨਾ ਤਾਂ ਖ਼ੁਸ਼ ਹੋਣ ਵਾਲਿਆਂ ਦੀ ਕਤਾਰ ਵਿੱਚ ਸੀ, ਨਾ ਦੁਖੀ ਹੋਣ ਵਾਲਿਆਂ ਦੀ ਕਤਾਰ ਵਿੱਚ। ਹੁਣ ਵੀ ਇਸ ਸਮਝੌਤੇ ਜਾਂ ਲੌਂਗੋਵਾਲ ਦੇ ਕਤਲ ਉੱਤੇ ਅਸੀਂ ਨਾ ਤਾਂ ਕਿਸੇ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਾਂ, ਨਾ ਦੁੱਖ ਦਾ।

ਪ੍ਰਧਾਨ ਮੰਤਰੀ ਦੇ ਕਤਲ ਸਮੇਂ ਅਸੀਂ ਦੁਖੀ ਨਹੀਂ ਸੀ ਕਿਉਂਕਿ ਲੱਖਾਂ ਬੇਕਸੂਰ ਲੋਕਾਂ ਦੇ ਕਤਲਾਂ ਦੇ ਜ਼ਿੰਮੇਵਾਰ ਦੀ ਮੌਤ ਉੱਤੇ ਦੁੱਖ ਕਾਹਦਾ? ਅਜਿਹੇ ਹਿਟਲਰਾਂ ਨੇ ਅਣਆਈ ਹੀ ਮਰਨਾ ਹੁੰਦਾ ਹੈ।

ਪ੍ਰਧਾਨ ਮੰਤਰੀ ਦੇ ਕਤਲ ਸਮੇਂ ਅਸੀਂ ਖ਼ੁਸ਼ ਨਹੀਂ ਸੀ ਕਿਉਂਕਿ ਇਕ ਕਤਲ ਨਾਲ ਉਸ ਰਾਜਸੀ ਢਾਂਚੇ ਵਿੱਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ ਜਿਸ ਢਾਂਚੇ ਦੀ ਉਹ ਪ੍ਰਤੀਨਿਧਤਾ ਕਰਦੀ ਸੀ - ਉਹ ਨਹੀਂ ਤਾਂ ਉਸ ਵਰਗਾ ਕੋਈ ਹੋਰ ਆ ਗਿਆ।

ਇਸ ਸਮਝੌਤੇ/ਕਤਲ ਉੱਤੇ ਅਸੀਂ ਖ਼ੁਸ਼ ਨਹੀਂ ਹਾਂ ਕਿਉਂਕਿ:

- ਏਨਾ ਖ਼ੂਨ ਖ਼ਰਾਬਾ ਕਰਕੇ/ਕਰਵਾ ਕੇ ਕਿਸੇ ਨੂੰ ਵੀ ਮਿਲਿਆ ਕੀ ਹੈ?
- ਇਸ ਸਮਝੌਤੇ ਵਿੱਚ ਅਜਿਹੀ ਕਿਹੜੀ ਗੱਲ ਹੈ ਜਿਹੜੀ 1982 ਵਿਚ ਨਹੀਂ ਸੀ ਮੰਨੀ ਜਾ ਸਕਦੀ?
- ਲੌਂਗੋਵਾਲ ਦੇ ਕਤਲ ਉੱਤੇ ਖ਼ੁਸ਼ੀ ਮਨਾਉਣਾ ਵੱਖਵਾਦੀ ਰੁਚੀਆਂ ਦਾ ਸਮਰਥਨ ਕਰਨ ਦੇ ਬਰਾਬਰ ਹੈ ਅਤੇ ਵੱਖਵਾਦ ਬਚੇ-ਖੁਚੇ ਪੰਜਾਬ/ ਢਾਈ-ਆਬ ਨੂੰ ਹੁਣ ਨਾਲੋਂ ਵੀ ਭਿਆਨਕ ਖ਼ੂਨ-ਖ਼ਰਾਬੇ ਦੇ ਦਰਿਆ 'ਚ ਭਾਵੇਂ ਰੋੜ੍ਹ ਦੇਵੇ, ਵੱਖਵਾਦ ਨੇ ਦੇਣਾ ਕਿਸੇ ਨੂੰ ਕੀ ਹੈ?

ਇਸ ਸਮਝੌਤੇ/ਕਤਲ ਉੱਤੇ ਅਸੀਂ ਦੁਖੀ ਵੀ ਨਹੀਂ ਹਾਂ ਕਿਉਂਕਿ:

- ਵਿਗੜੇ ਹੋਏ ਮਾਹੌਲ ਨੂੰ ਠੀਕ ਕਰਨ ਲਈ ਅਤੇ ਲੋਕਾਂ ਵਿੱਚ ਸੁਰੱਖਿਅਤਾ/ਵਿਸ਼ਵਾਸ ਦੀ ਭਾਵਨਾ ਪੈਦਾ ਕਰਨ ਲਈ ਕੁਝ ਨਾ ਕੁਝ ਕਰਨਾ ਤਾਂ ਜ਼ਰੂਰੀ ਸੀ।
- ਅੱਤਵਾਦੀ ਅਤੇ ਵੱਖਵਾਦੀ ਸੰਤ ਲੌਂਗੋਵਾਲ ਦੇ ਸਾਹਮਣੇ ਹੀ ਤਾਂ ਵਧਦੇ ਫੁੱਲਦੇ ਰਹੇ ਹਨ। ਕੀ ਸੰਤ ਲੌਂਗੋਵਾਲ ਨੂੰ ਪਤਾ ਨਹੀਂ ਸੀ ਕਿ ਜਿਹੜੇ ਲੋਕ ਅੱਜ ਹਰ ਮਾਨਵਵਾਦੀ ਰਵਾਇਤ ਦਾ ਮੂੰਹ ਚਿੜਾ ਕੇ ਫਿਰਕੂ ਜਨੂੰਨ ਦੀ ਅੱਗ ਫੈਲਾ ਰਹੇ ਹਨ, ਉਹ ਕੱਲ੍ਹ ਨੂੰ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕਰਨਗੇ?

'ਵਤਨੋਂ ਦੂਰ' ਦੇ ਪ੍ਰਤੀਨਿਧਾਂ ਵੱਲੋਂ ਇਸ ਵਿਸ਼ੇ ਉੱਤੇ ਕੈਨੇਡਾ ਦੇ ਪੰਜਾਬੀ ਭਾਈਚਾਰੇ ਨਾਲ ਵੱਡੀ ਪੱਧਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਰਿਹਾ ਹੈ। ਬਹੁਤ ਸਾਰੀਆਂ ਗ਼ੈਰ-ਰਸਮੀ ਮੁਲਾਕਾਤਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ

ਬਹੁ ਗਿਣਤੀ ਅਜਿਹੇ ਸਿੱਖਾਂ ਦੀ ਹੈ ਜਿਹੜੇ ਕਹਿੰਦੇ ਹਨ : "ਸਾਡਾ ਅਜੋਕੀ ਸਿੱਖ ਸਿਆਸਤ ਦੇ ਨਰਮ ਜਾਂ ਗਰਮ ਕਿਸੇ ਧੜੇ ਨਾਲ ਕੋਈ ਵਾਹ-ਵਾਸਤਾ ਨਹੀਂ ਪਰ ਸਾਡੇ ਸ਼੍ਰੋਮਣੀ ਧਾਰਮਕ ਅਸਥਾਨ ਉੱਤੇ ਹੋਏ ਫ਼ੌਜੀ ਹਮਲੇ ਦਾ ਅਤੇ ਨਵੰਬਰ ਵਿੱਚ ਸਿੱਖਾਂ ਨਾਲ ਹੋਈ ਗੁੰਡਾਗਰਦੀ ਦਾ ਅਥਾਹ ਰੋਸ ਹੈ।"

ਉਨ੍ਹਾਂ ਦਾ ਅਜਿਹਾ ਰੋਸ ਬਿਲਕੁੱਲ ਜਾਇਜ਼ ਹੈ ਪਰ ਫ਼ੈਸਲਾਕੁਨ ਤੱਤ ਇਸ ਗੱਲ ਉੱਤੇ ਨਿਰਭਰ ਹੋਣਗੇ ਕਿ ਇਹ ਰੋਸ ਹੈ ਕਿਸ ਉਪਰ?

ਜੇ ਰੋਸ 'ਕੇਵਲ' ਹਿੰਦੂ ਫ਼ਿਰਕਾਪ੍ਰਸਤੀ ਜਾਂ ਹਿੰਦੂ ਧਰਮ ਉੱਤੇ ਹੈ ਤਾਂ ਗ਼ਲਤ ਹੈ;
ਜੇ ਰੋਸ 'ਕੇਵਲ' ਸਿੱਖ ਫ਼ਿਰਕਾਪ੍ਰਸਤੀ / ਜਾਂ ਨਰਮ-ਦਲੀਏ ਲੀਡਰਾਂ 'ਤੇ ਹੈ ਤਾਂ ਵੀ ਗ਼ਲਤ ਹੈ;
ਜੇ ਰੋਸ 'ਕੇਵਲ' ਪੰਜਾਬ ਸਰਕਾਰ ਉੱਤੇ ਹੈ ਤਾਂ ਵੀ ਗ਼ਲਤ ਹੈ;
ਜੇ ਰੋਸ 'ਕੇਵਲ' ਵਿਰੋਧੀ ਪਾਰਟੀਆਂ ਉੱਤੇ ਹੈ ਤਾਂ ਵੀ ਗ਼ਲਤ ਹੈ;

ਇਨ੍ਹਾਂ ਵਿੱਚੋਂ ਕਿਸੇ ਵੀ ਇੱਕ ਧਿਰ ਦੇ ਸਿਰ ਦੋਸ਼ ਧਰਨ ਨਾਲ ਅਸੀਂ ਜਾਣੇ/ਅਣਜਾਣੇ ਕਿਸੇ ਦੂਜੀ ਦੋਸ਼ੀ ਧਿਰ ਦੀ ਹਮਾਇਤ ਕਰ ਰਹੇ ਹੋਵਾਂਗੇ – ਸਹੀ ਵਿਸ਼ਲੇਸ਼ਣ ਇਹੀ ਹੈ ਕਿ ਇਹ ਸਾਰੇ ਇਸ ਭਿਆਨਕ ਖ਼ੂਨੀ-ਕਾਂਡ ਵਿੱਚ ਸ਼ਰੀਕ ਹਨ ਅਤੇ ਮੁੱਖ ਦੋਸ਼ੀ ਸਮੇਂ ਦੀ ਸਰਕਾਰ ਹੈ ਜਿਸਨੇ ਇਸ ਮਾਮਲੇ ਨੂੰ ਇਸ ਹੱਦ ਤੱਕ ਵਧਣ ਦਿੱਤਾ।

ਸਤੰਬਰ ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ਬਾਰੇ ਵੀ "ਚੋਣਾਂ ਕਰਵਾਓ ਜਾਂ ਚੋਣਾਂ ਦਾ ਬਾਈਕਾਟ" ਦੇ ਦੋ ਵਿਰੋਧੀ ਨੁਕਤਿਆਂ ਨੂੰ ਉਛਾਲਿਆ ਜਾ ਰਿਹਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਨਾ ਹੀ ਇਨ੍ਹਾਂ ਚੋਣਾਂ ਨਾਲ ਅਤੇ ਨਾ ਹੀ ਰਾਜੀਵ-ਲੌਂਗੋਵਾਲ ਸਮਝੌਤੇ ਵਰਗੇ ਸਮਝੌਤਿਆਂ ਨਾਲ ਪੰਜਾਬ / ਹਿੰਦੁਸਤਾਨ ਦੇ ਲੋਕਾਂ ਦੀ ਕੋਈ ਬੁਨਿਆਦੀ ਸਮੱਸਿਆ (ਭੁੱਖ, ਨੰਗ, ਗਰੀਬੀ, ਭ੍ਰਿਸ਼ਟਾਚਾਰ, ਚੋਰ ਬਜ਼ਾਰੀ, ਕੁਨਬਾਪ੍ਰਵਰੀ, ਬਲਾਤਕਾਰ, ਪੁਲਸ ਅੱਤਿਆਚਾਰ) ਹੱਲ ਹੋ ਸਕਦੀ ਹੈ। ਇਨ੍ਹਾਂ ਸਮੱਸਿਆਵਾਂ ਦਾ ਹੱਲ ਤਾਂ ਸੰਘਰਸ਼ ਦਾ ਰਾਹ ਹੀ ਹੈ ਜਿਹੜਾ ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ ਚਿਤਵੇ ਅਜਿਹੇ ਰਾਜਨੀਤਕ ਢਾਂਚੇ ਦੀ ਸਥਾਪਨਾ ਕਰੇ "ਜਿਸ ਵਿੱਚ ਆਦਮੀ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋਵੇ।"

●

'ਵਤਨੋਂ ਦੂਰ' ਜੁਲਾਈ 1973 ਵਿੱਚ ਇੱਕ ਮਾਸਕ-ਪੱਤਰ ਦੇ ਤੌਰ 'ਤੇ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਸੀ। ਉਦੋਂ ਤੋਂ ਹੁਣ ਤੱਕ ਇਹ ਬਹੁਤ ਸਾਰੇ ਉਤਰਾਵਾਂ-ਚੜ੍ਹਾਵਾਂ ਵਿੱਚੋਂ ਗੁਜ਼ਰਿਆ ਹੈ। ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਸ਼ੁਰੂ ਹੋਇਆ ਸੀ ਪਰ ਅੱਜ ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚੋਂ ਇੱਕੋ ਸਮੇਂ ਪ੍ਰਕਾਸ਼ਤ ਹੁੰਦਾ ਹੈ। ਬਹੁਤ ਸਾਰੀਆਂ ਤਬਦੀਲੀਆਂ ਦੇ ਬਾਵਜੂਦ ਵੀ ਇਹ ਸਾਹਿਤਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਲੋਕ-ਪੱਖੀ ਸਿਹਤਮੰਦ ਕਦਰਾਂ ਕੀਮਤਾਂ ਦਾ ਧਾਰਨੀ ਰਿਹਾ ਹੈ ਅਤੇ ਪਿਛਾਂਹਖਿੱਚੂ, ਫ਼ਿਰਕੂ ਜਨੂੰਨੀ ਅਤੇ ਲੋਕ-ਧ੍ਰੋਹੀ ਸ਼ਕਤੀਆਂ ਦਾ ਵਿਰੋਧੀ ਰਿਹਾ ਹੈ। ਇਸ ਅੰਕ ਨਾਲ ਆਪਣੀ ਉਮਰ ਦੇ ਤੇਰ੍ਹਵੇਂ ਵਰ੍ਹੇ ਵਿੱਚ ਦਾਖ਼ਲ ਹੁੰਦਾ ਹੋਇਆ 'ਵਤਨੋਂ ਦੂਰ' ਆਪਣੇ ਸਾਰੇ ਲੇਖਕਾਂ, ਪਾਠਕਾਂ ਅਤੇ ਹੋਰ ਸਹਿਯੋਗੀਆਂ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਸਦਾ ਕਲਾਤਮਕ ਅਤੇ ਵਿਚਾਰਧਾਰਕ ਪੱਧਰ ਨਿਸ਼ਚਿਤ ਕਰਨ ਵਿੱਚ ਨਿਰੰਤਰ ਮੱਦਦ ਕੀਤੀ ਹੈ।

ਸਾਨੂੰ ਅਤੇ ਪਾਠਕਾਂ ਨੂੰ ਗਿਲਾ ਹੈ ਕਿ 'ਵਤਨੋਂ ਦੂਰ' ਬਹੁਤ ਲੇਟ ਛਪਦਾ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਕੈਨੇਡਾ ਦੇ ਲੇਖਕਾਂ ਵੱਲੋਂ 'ਵਤਨੋਂ ਦੂਰ' ਦੇ ਗੰਭੀਰ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਮੈਟਰ ਏਨੀ ਮਿਕਦਾਰ ਨਾਲ ਅਤੇ ਏਨੀ ਰਫ਼ਤਾਰ ਨਾਲ ਸਾਡੇ ਕੋਲ ਪਹੁੰਚ ਨਹੀਂ ਰਿਹਾ। ਅਸੀਂ ਕਿਉਂਕਿ ਪਰਚਾ 'ਛਾਪਣ ਵਾਸਤੇ ਛਾਪਣ' ਵਿੱਚ ਯਕੀਨ ਨਹੀਂ ਰੱਖਦੇ (ਅਤੇ ਨਾ ਹੀ ਸਾਡੇ ਕੋਈ ਹੋਰ ਵਪਾਰਕ ਹਿੱਤ ਹਨ), ਇਸ ਲਈ ਸਹੀ ਪੱਧਰ ਵਾਲਾ ਮੌਲਿਕ ਮੈਟਰ ਕੈਨੇਡਾ ਵਿੱਚੋਂ ਤਲਾਸ਼ਦੇ ਹੋਏ, ਲਿਖਦੇ ਹੋਏ ਜਾਂ ਲਿਖਵਾਉਂਦੇ ਹੋਏ ਅਸੀਂ ਪਰਚਾ ਪ੍ਰਕਾਸ਼ਤ ਕਰਨ ਵਿੱਚ ਅਕਸਰ ਲੇਟ ਹੋ ਜਾਂਦੇ ਹਾਂ।

ਇਨ੍ਹਾਂ ਸਤਰਾਂ ਰਾਹੀਂ ਅਸੀਂ ਕੈਨੇਡਾ ਵਿੱਚ ਪ੍ਰਗਤੀਵਾਦੀ ਅਤੇ ਲੋਕ-ਜਮਹੂਰੀ ਕਦਰਾਂ ਕੀਮਤਾਂ ਦੇ ਝੰਡਾ-ਬਰਦਾਰ ਲੇਖਕਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਮਕਾਲੀ ਭਖਦੇ ਮਸਲਿਆਂ ਬਾਰੇ ਅਤੇ ਜ਼ਿੰਦਗੀ ਨਾਲ ਸੰਬੰਧਤ ਸਚਾਈ ਵਿਸ਼ਿਆਂ ਬਾਰੇ ਸਾਹਿਤ-ਰਚਨਾ ਕਰਕੇ ਅਤੇ ਸਾਨੂੰ ਲਗਾਤਾਰ ਪਹੁੰਚਾ ਕੇ ਸਾਡਾ ਹੱਥ ਵਟਾਉਣ। ਜ਼ਿਆਦਾ ਘਾਟ ਗੰਭੀਰ ਵਾਰਤਕ ਦੀ, ਖ਼ਾਸ ਕਰਕੇ ਲੇਖਾਂ ਦੀ ਹੈ। ਫ਼ਿਰਕੂ ਜਨੂੰਨ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ, ਪਾਠਕਾਂ ਤੱਕ ਲੋਕ-ਏਕਤਾ ਅਤੇ ਲੋਕ-ਸੰਘਰਸ਼ ਦਾ ਸੁਨੇਹਾ ਪਹੁੰਚਾਉਣ ਲਈ ਵਿਕੋਲਿਤਰੀਆਂ ਕਵਿਤਾਵਾਂ ਨਾਲੋਂ ਲੇਖ, ਕਹਾਣੀਆਂ, ਨਾਟਕ, ਖ਼ਤ ਅਤੇ ਆਲੋਚਨਾ ਜ਼ਿਆਦਾ ਕਾਰਗਰ ਸਾਬਤ ਹੋਣਗੇ।

– ਅਦਾਰਾ ਵਤਨੋਂ ਦੂਰ

# ਮਿੱਤਰ ਪਿਆਰੇ ਨੂੰ

ਸੁਰਿੰਦਰ ਧੰਜਲ

ਹੇ ਗੁਰੂ !
ਮੈਂ ਜਦੋਂ ਵੀ ਤੇਰੇ ਰੂਬਰੂ ਹੁੰਦਾ ਹਾਂ
ਸ਼ਮਸ਼ੀਰ ਦੇ ਦਸਤੇ ਨੂੰ ਤਾਅ ਜਿਹਾ ਚੜ੍ਹ ਜਾਂਦਾ ਹੈ
ਪਰ ਮੈਨੂੰ ਮਾਫ਼ ਕਰਨਾ ਗੁਰੂ !
ਮੈਂ ਉਨ੍ਹਾਂ ਤਲਵਾਰਾਂ ਲਈ ਢਾਲ ਨਹੀਂ ਬਣ ਸਕਿਆ
ਜੋ ਆਪਣੇ ਹੀ ਭਰਾਵਾਂ ਦਾ ਗਲਾ ਕੁਤਰ ਕੇ
ਮਿਆਨ ਦੇ ਮੱਥੇ ਦਾ ਕਲੰਕ ਬਣ ਗਈਆਂ

ਸੱਚ ਜਾਣੀਂ, ਮੇਰੇ ਕੋਲ ਕੁਝ ਵੀ ਨਹੀਂ
ਲਾਲਚੀ ਰਸੋਈਏ ਦੇ ਵਿਸਾਹਘਾਤ ਵਰਗਾ
ਕਿਲ੍ਹਾ ਛੁਡਾਉਣ ਦੀਆਂ ਝੂਠੀਆਂ ਕਸਮਾਂ ਵਰਗਾ
ਜਾਂ ਬੇਦਾਵਾ ਲਿਖਣ ਅਤੇ ਪੜਵਾਉਣ ਦੀ ਬੇਨਤੀ ਵਰਗਾ-
ਮੈਂ ਤਾਂ ਏਨਾ ਹੀ ਦੱਸਣਾ ਹੈ:
ਦੇਸ ਪਰਦੇਸ 'ਚ ਉੱਠੇ ਬਦਚਲਣ ਤੂਫ਼ਾਨ
ਮੁੜ ਸਰਸਾ 'ਚ ਡੋਬਣੇ ਚਾਹੁੰਦੇ ਹਨ ਤੇਰੇ ਗਰੰਥ-

ਕਹਿਣ ਨੂੰ ਤਾਂ ਉਹ ਵੀ ਤੇਰੇ ਹੀ ਹਨ:
ਜਿਨ੍ਹਾਂ ਨੂੰ ਤੇਰੇ ਤਖ਼ਤ 'ਚੋਂ ਕੁਝ ਵੀ ਨਹੀਂ ਪੋਹਿਆ
'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ
ਹੁਕਮਨਾਮੇ ਵਰਗਾ-
ਪੰਜਾਂ ਪਿਆਰਿਆਂ ਦੀ ਦਸਾਂ ਨਹੁੰਆਂ ਦੀ ਕਿਰਤ 'ਚੋਂ
ਜਿਹੜੇ ਅੱਜ ਵੀ ਜੱਟ, ਖੱਤਰੀ, ਨਾਈ, ਝਿਉਰ ਜਾਂ ਛੀਂਬਾ
ਸੁੰਘਦੇ ਫਿਰਦੇ ਹਨ-
'ਰੰਘਰੇਟੇ ਗੁਰ ਕੇ ਬੇਟੇ' ਨੂੰ
ਚੂਹੜਾ ਸਮਝਣ ਵਾਲੀ ਹਉਮੈਂ ਦੇ
ਨਰਕ-ਕੁੰਡ ਵਿੱਚ ਸੜਦੇ ਹਨ-

ਕਹਿਣ ਨੂੰ ਤਾਂ ਉਹ ਵੀ ਤੇਰੇ ਹੀ ਹਨ:
ਜਿਨ੍ਹਾਂ ਨੇ ਅਨੰਦਪੁਰ ਦੇ ਮਤੇ
ਅਤੇ ਅਨੰਦਪੁਰ ਦੇ ਯੁੱਧ ਦਾ ਅੰਤਰ ਸਮਝਣ ਵਾਲਾ
'ਬਚਿੱਤਰ ਨਾਟਕ' ਪੜ੍ਹਨ ਤੋਂ ਇਨਕਾਰ ਕਰ ਦਿੱਤਾ-
ਤੇਰੇ ਸੁੱਚੇ ਬੋਲਾਂ ਦੀਆਂ ਜੜ੍ਹਾਂ 'ਚ ਫਿਰਦੇ ਟੋਕੇ ਨੂੰ ਜਿਹੜੇ
ਜ਼ਫ਼ਰਨਾਮੇ ਦਾ ਵਾਰਸ ਸਮਝਣ ਦੀ ਭੁੱਲ ਕਰਦੇ ਰਹੇ-
ਜਿਨ੍ਹਾਂ ਦਾ ਯੁੱਧ
ਔਰੰਗਜ਼ੇਬ, ਪਹਾੜੀ ਰਾਜਿਆਂ ਅਤੇ ਮਸੰਦਾਂ ਦੀ ਥਾਂ
'ਹਿੱਟ ਲਿਸਟਾਂ' ਦੀਆਂ ਲਾਟਰੀਆਂ 'ਚ ਹੀ ਗੁਆਚਦਾ ਰਿਹਾ-

ਮੈਨੂੰ ਮਾਫ਼ ਕਰਨਾ ਗੁਰੂ !
ਆਦਿ ਗਰੰਥ ਦੇ ਇੱਕੋ ਨੂਰ ਤੋਂ ਵੱਖਰਾ
ਜਿਹੜੇ ਹੋਰ ਵੀ ਬੱਤੀਵਾਂ ਰਾਗ ਅਲਾਪਦੇ ਹਨ
ਮੈਂ ਉਨ੍ਹਾਂ ਨੂੰ ਤੇਰੇ ਸ਼ੇਰ ਅਤੇ ਆਪਣੇ ਭਰਾ
ਨਹੀਂ ਸਮਝ ਸਕਿਆ-
ਦੇਸ਼ ਦੀ ਸਭ ਤੋਂ ਉੱਚੀ ਕੁਰਸੀ ਦਾ ਰੰਚਿਆ
ਤੇਰੇ ਇਤਿਹਾਸ ਨੂੰ ਮਿਥਿਹਾਸ 'ਚ ਬਦਲਣ ਦਾ
ਕੋਈ ਵੀ ਅਡੰਬਰ ਮੈਨੂੰ ਰਾਸ ਨਹੀਂ ਆਇਆ

ਹੇ ਗੁਰੂ !
ਉਨ੍ਹਾਂ ਚੰਦਰੀਆਂ ਘੜੀਆਂ ਨੂੰ
ਮੇਰੀਆਂ ਹੀ ਬਦਕਿਸਮਤ ਅੱਖਾਂ ਨੇ ਤੱਕਣਾ ਸੀ
ਜਦੋਂ ਚਾਂਦਨੀ ਚੌਕ ਦੇ ਜੱਲਾਦ
ਹਰਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਂਦੇ ਰਹੇ-
ਉਨ੍ਹਾਂ ਬੇਰਹਿਮ ਗੋਲਿਆਂ ਦੇ ਖੜਾਕ ਨੂੰ
ਮੇਰੇ ਹੀ ਬਦਕਿਸਮਤ ਕੰਨਾਂ ਨੇ ਸੁਣਨਾ ਸੀ
ਜੋ ਅਕਾਲ ਤਖ਼ਤ ਦਾ ਸੀਨਾ ਛਾਨਣੀ ਛਾਨਣੀ ਕਰਦੇ ਰਹੇ-
ਸ਼ਰਾਬ, ਬੀੜੀਆਂ, ਬਦਫੈਲੀਆਂ ਦੀ ਉਸ ਦੁਰਗੰਧ ਨੂੰ
ਮੇਰੇ ਹੀ ਬਦਕਿਸਮਤ ਨੱਕ ਨੇ ਸੁੰਘਣਾ ਸੀ
ਜੋ ਲਹੂ ਲੁਹਾਣ ਸਰੋਵਰ ਵਿੱਚ ਬੇਖ਼ੌਫ਼ ਤਾਰੀਆਂ ਲਾਉਂਦੀ ਰਹੀ-
ਇਨ੍ਹਾਂ ਅਡੰਬਰੀ ਘੜੀਆਂ ਦੇ ਘਟਾ ਘਰਾਂ ਨਾਲ
ਤਾਂ ਯੁੱਧ ਵਿੱਚ ਨਿੱਤਰਨਾ ਹੀ ਪੈਣਾ ਹੈ ਗੁਰੂ !
ਸੰਕਟ-ਕਾਲ ਦਾ ਕਾਲਾ ਇਤਿਹਾਸ ਗਵਾਹ ਹੈ
ਕਿ ਦਿੱਲੀ ਦੇ ਘਟਾ ਘਰ ਦੀਆਂ ਖਚਰੀਆਂ ਸੂਈਆਂ ਤੋਂ
ਵੱਖਰੀ ਹੈ ਮੇਰੀ ਤੋਰ, ਜਿਸਨੇ 'ਚੰਡੀ ਦੀ ਵਾਰ' ਨੂੰ
ਪਿੱਠ ਨਹੀਂ ਦਿਖਾਈ !

ਯੁੱਧ ਤਾਂ ਲੜਨਾ ਹੀ ਪੈਣਾ ਹੈ ਗੁਰੂ !
ਜੋ ਤੇਰੇ ਵਾਂਗ ਉੱਤਰ ਤੋਂ ਦੱਖਣ ਤੱਕ ਫੈਲ ਜਾਵੇ-
ਚੜ੍ਹਦੀ ਕਲਾ ਵਰਗੀ ਜਿਸਦੀ ਸੈਨਾ ਵਿੱਚ
ਪਗੜੀ, ਟੋਪੀ ਅਤੇ ਕੁੱਲੇ ਦੀ ਵਰਦੀ ਦਾ
ਕੋਈ ਅੰਤਰ ਨਾ ਰਹੇ-
ਜਿਸ ਵਿੱਚ ਲਛਮਣ ਦਾਸ ਉਰਫ਼ ਬੰਦਾ ਬਹਾਦਰ ਵੀ ਹੋਵੇਗਾ
ਚਮਕੌਰ ਦੇ ਯੁੱਧ ਵਾਲਾ ਸੰਗਤ ਸਿੰਘ ਵੀ-
ਜਿਸ ਵਿੱਚ ਭੰਗਾਣੀ ਦੇ ਯੁੱਧ ਵਾਲਾ ਪੀਰ ਬੁੱਧੂ ਸ਼ਾਹ ਵੀ ਹੋਵੇਗਾ
ਅਤੇ ਮਸ਼ਕ ਦਾ ਮਿੱਤਰ ਭਾਈ ਘਨੱਈਆ ਵੀ-
ਜਿਸ ਵਿੱਚ ਬੰਗਾਲ ਦਾ ਭਗਤ ਜੈਦੇਵ ਵੀ ਹੋਵੇਗਾ
ਅਤੇ ਮਹਾਂਰਾਸ਼ਟਰ ਦਾ ਤ੍ਰਿਲੋਚਨ ਵੀ-
ਜਿਸ ਵਿੱਚ ਉੱਤਰ ਪ੍ਰਦੇਸ਼ ਦਾ ਭਗਤ ਰਾਮਾਨੰਦ ਵੀ ਹੋਵੇਗਾ
ਅਤੇ ਰਾਜਪੂਤਾਨੇ ਦਾ ਧੰਨਾ ਵੀ-
ਆਖ਼ਰੀ ਯੁੱਧ ਵਰਗਾ, ਕੋਈ ਨਾ ਕੋਈ ਯੁੱਧ
ਤਾਂ ਲੜਨਾ ਹੀ ਪੈਣਾ ਹੈ ਗੁਰੂ !
ਕਬੀਰ ਦੀ ਖੱਡੀ ਅਤੇ ਨਾਮਦੇਵ ਦੇ ਕੁੜਤੇ ਵਰਗਾ
ਰਵਿਦਾਸ ਦੀ ਜੁੱਤੀ ਅਤੇ ਲਾਲੋ ਦੇ ਹਥੌੜੇ ਵਰਗਾ
ਮਰਦਾਨੇ ਦੀ ਰਬਾਬ ਅਤੇ ਭਾਈ ਗੁਰਦਾਸ ਦੀ ਕਲਮ ਵਰਗਾ
ਕਣਕ ਦੀਆਂ ੱਲੀਆਂ ਅਤੇ ਮੱਕੀ ਦੀਆਂ ਛੱਲੀਆਂ ਵਰਗਾ
ਮਾਂ ਦੀ ਲੋਰੀ ਦੇ ਸਦਾ-ਬਹਾਰ ਸੰਗੀਤ ਵਰਗਾ
ਸਜ ਵਿਆਹੀ ਮੁਟਿਆਰ ਦੀਆਂ ਸਦਾ ਸੁਹਾਗਣ ਚੂੜੀਆਂ ਵਰਗਾ

ਮੇਰੀ ਸ਼ਮਸ਼ੀਰ ਨੂੰ ਮੱਤ-ਪੱਤ ਬਖ਼ਸ਼ੀਂ ਗੁਰੂ !
ਕਿ ਸਿਰ ਦੀ ਟੋਪੀ ਨਹੀਂ, ਜ਼ੁਲਮ ਦਾ ਤਾਜ ਵੇਖਕੇ
ਰਹੁ ਵਿੱਚ ਜੂਝਦੀ ਸ਼ਹੀਦ ਹੋ ਜਾਵੇ... ...
(ਨਵੇਂ ਕਾਵਿ-ਸੰਗ੍ਰਹਿ "ਜ਼ਖਮਾਂ ਦੀ ਫ਼ਸਲ" ਵਿੱਚੋਂ)

● EDMONTON, ALBERTA

# ਜਾਮਣੀ ਰੰਗ ਦੀ ਧੁੰਦ

ਸੁਖਿੰਦਰ

ਜਾਮਣੀ ਰੰਗ ਦੀ ਧੁੰਦ ਛਟੀ
ਤਾਂ ਘਰਾਂ ਦੇ ਬਨੇਰਿਆਂ 'ਤੇ
ਕੁੱਕੜ ਬਾਂਗਾਂ ਦੇਣ ਲੱਗੇ
ਕੁੱਤਿਆਂ ਨੇ ਮੌਸਮੀ ਘੁਰਰ ਘੁਰਰ ਕੀਤੀ
ਗਿਰਗਟਾਂ ਨੇ ਸਤਰੰਗੀ ਪੀਂਘ ਵਾਂਗੂੰ ਰੰਗ ਬਦਲੇ
ਡੱਡੂਆਂ ਦੀ ਗੜੈਂ ਗੜੈਂ ਸ਼ੁਰੂ ਹੋਈ
ਮੱਖੀਆਂ ਭਿਣਭਿਣਾ ਉੱਠੀਆਂ
ਕਾਗਾਂ ਨੇ ਆਖਿਆ :
ਮੌਸਮ ਬਹੁਤ ਖ਼ੂਬਸੂਰਤ ਹੈ -

ਕਿਸੇ ਨ ਸੋਚਿਆ ਪਲ ਭਰ
ਜਦੋਂ ਜ਼ਹਿਰੀਲੀ ਹਵਾ
ਸ਼ਹਿਰ ਦੇ ਰੁੱਖਾਂ 'ਤੇ
ਕਾਲੀ ਘਟਾ ਬਣ ਵਰ੍ਹਣ ਲੱਗੀ ਸੀ
ਇਹ ਸਭ ਮੌਸਮੀ ਪਰਿੰਦੇ
ਓਦੋਂ ਕਿੱਥੇ ਸਿਮਟ ਗਏ ਸਨ

ਮੈਂ ਧੀਮੀ ਜਿਹੀ ਸੁਰ 'ਚ ਆਖਿਆ
ਸੁਣੋ :
ਇਸ ਸ਼ਹਿਰ ਵਿੱਚ
ਕੁਝ ਪਲ ਪਹਿਲਾਂ
ਸੱਪਾਂ ਦਾ ਪਹਿਰਾ ਸੀ
ਸੱਪ !
ਖਾਮੋਸ਼ੀ ਪਸਰ ਗਈ ਹਰ ਪਾਸੇ

ਮੈਂ ਫਿਰ ਆਖਿਆ :
ਰਕੀਬੋ, ਕਦਰਦਾਨੋ, ਪਤਵੰਤਿਓ, ਯਾਰੋ
ਇਤਿਹਾਸ ਦੀ ਸੂਈ
ਹਮੇਸ਼ਾਂ ਘੁੰਮਦੀ ਰਹਿੰਦੀ
ਜੋ ਪਲ ਤਹਿਜ਼ੀਬ ਦੇ ਮੱਥੇ 'ਤੇ
ਇੱਕ ਵਾਰ ਉੱਕਰੇ ਜਾਏ
ਉਹ ਕਦੀ ਵਾਪਸ ਨਹੀਂ ਮੁੜਦੇ
ਜਾਮਣੀ ਰੰਗ ਦੀ ਧੁੰਦ ਵਿੱਚ
ਜੋ ਰੰਗ ਫ਼ਿਜ਼ਾ ਵਿੱਚ ਫੈਲ ਗਏ ਸਨ
ਉਹੋ ਰੰਗ ਹੀ ਹਵਾ ਵਿੱਚ
ਸਦਾ ਲਈ ਜਾਗਦੇ ਰਹਿਣੇ ।
(ਛਪ ਰਹੇ ਕਾਵਿ-ਸੰਗ੍ਰਹਿ "ਤੂਫ਼ਾਨ ਦੀਆਂ ਜੜ੍ਹਾਂ ਵਿੱਚ" ਵਿੱਚੋਂ)

● TORONTO, ONTARIO

# ਧਰਮ - ਇੱਕ ਦਿਖਾਵਾ

ਅਵਤਾਰ ਰੌਡੇ

ਤੁਸੀਂ ਉਸ ਧਰਮ ਦੇ ਲੋਕਾਂ ਦੀ ਗੱਲ ਕਰਦੇ ਹੋ
ਜਿਨ੍ਹਾਂ ਦਾ ਧਰਮ
ਬੱਸ ਮਨੁੱਖੀ ਲਿਬਾਸ ਤੱਕ ਹੀ ਸੀਮਤ ਹੈ
ਜਿਸਦੇ ਅਸੂਲ, ਦਸਤੂਰ ਤਾਂ
ਬਹੁਤ ਦੇਰ ਪਹਿਲਾਂ ਦੇ ਹੀ ਗੁੰਮ ਹੋ ਚੁੱਕੇ ਹਨ।

ਜਿਸਦੇ ਸ਼ਰਧਾਲੂ
ਦੂਸਰੇ ਧਰਮਾਂ ਨੂੰ ਬੁਰਾ ਕਹਿ
ਲੋਕਾਂ ਦੇ ਮਨਾਂ ਵਿਚ ਵੱਖਵਾਦ ਦੀ ਜ਼ਹਿਰ ਘੋਲ
ਆਪਣੀ ਅਗਿਆਨਤਾ ਦਾ ਚਿੱਕੜ
ਲੋਕਾਂ ਦੀਆਂ ਅੱਖਾਂ 'ਤੇ
ਧਰਮ ਦੇ ਪਖੰਡ ਦੀ ਪੱਟੀ ਬੰਨ ਦੇਂਦੇ ਹਨ।

ਮਜ਼ਹਬਾਂ ਦੀ ਹਨੇਰੀ ਵਿੱਚ
ਇਹ ਉਸ ਧਰਮ ਦੇ ਆਗੂ ਹਨ
ਜਿਨ੍ਹਾਂ ਦੀ ਜਨੂੰਨੀ ਨਸ਼ੇ ਦੀ ਅਗਵਾਈ ਥੱਲੇ
ਕਈ ਸਕੇ ਭਰਾਵਾਂ ਦੇ ਪਹਿਰਾਵੇ ਦਾ ਫ਼ਰਕ ਹੀ
ਉਨ੍ਹਾਂ ਦੀ ਮੌਤ ਬਣਕੇ ਆ ਗਿਆ।

ਤੁਸੀਂ ਉਸੇ ਧਰਮ ਦੇ ਲੀਡਰਾਂ ਦੀ
ਤੇ ਕੌਮ ਦੇ ਰਖਵਾਲਿਆਂ ਦੀ ਗੱਲ ਕਰਦੇ ਹੋ
ਜਿਨ੍ਹਾਂ ਦੇ ਜ਼ਹਿਰੀਲੇ ਬੋਲਾਂ ਦੇ ਡੰਗਾਂ ਨੇ
ਮਨੁੱਖੀ ਆਜ਼ਾਦੀ ਦਾ ਗਲਾ ਘੁੱਟ
ਉਨ੍ਹਾਂ ਦੀ ਅਕਲ ਤੇ ਸੋਚ ਨੂੰ ਖੁੰਢ ਬਣਾ ਦਿਤਾ।

ਫਿਰ ਇਹ ਕਿਸ ਧਰਮ ਦੇ ਲੋਕ ਹਨ
ਜਿਸਦੇ ਸੇਵਕਾਂ ਦੇ ਕੰਨ ਆਦੀ ਨਹੀਂ
ਚੰਗੀ ਗੱਲ ਸੁਣਨ ਦੇ
ਤੇ ਜਿਸਦੇ ਪ੍ਰਚਾਰਕਾਂ ਦੀ ਜ਼ਬਾਨ ਗੁੰਗੀ ਐ
ਸੱਚੀ ਗੱਲ ਕਹਿਣ ਲਈ
ਜਿਨ੍ਹਾਂ ਦਾ ਕੋਈ ਅਸੂਲ, ਦਸਤੂਰ ਨਹੀਂ
ਨਾਂ ਹੀ ਕੋਈ ਭਵਿਸ਼ ਵਿੱਚ ਮੰਜ਼ਿਲ
ਤੇ ਧਰਮ ਸਿਰਫ਼
ਮਨੁੱਖੀ ਪਹਿਰਾਵੇ ਦਾ ਦਿਖਾਵਾ
ਬਣਕੇ ਹੀ ਰਹਿ ਗਿਆ ਹੈ।

● QUESNEL, B.C.

ਪਿਛਲੇ ਵਰ੍ਹਿਆਂ ਵਿੱਚ ਦੇਸ ਪਰਦੇਸ ਦੀ ਫਿਰਕੂ ਸਥਿਤੀ
ਬਾਰੇ ਕੈਨੇਡਾ ਦੇ ਕਵੀਆਂ ਦੀਆਂ ਚੋਣਵੀਆਂ ਰਚਨਾਵਾਂ

ਸੰਗਲ ਦੇ ਵਿਰੁੱਧ

ਸੰਪਾਦਕ : ਸਾਧੂ ਅਤੇ ਸੁਖਪਾਲ

# ਪਿਕਟ ਲਾਈਨ

ਸਾਧੂ ਅਤੇ ਸੁਖਵੰਤ ਹੁੰਦਲ

ਪਾਤਰ :

ਖੇਤ ਮਜ਼ਦੂਰ ਕੁੜੀਆਂ : ਨਿੰਦਰ, ਜਸਵੰਤ, ਦਰਸ਼ਨ, ਕੁਲਵਿੰਦਰ, ਬਲਵੰਤ

ਫਾਰਮਰ

ਕਾਮਾ ਨੰਬਰ ਇੱਕ, ਕਾਮਾ ਨੰਬਰ ਦੋ

ਬਲਵੰਤ ਦੇ ਘਰ ਵਾਲਾ

ਪਾਲ : ਯੂਨੀਅਨ ਆਰਗੇਨਾਈਜ਼ਰ ਨੰਬਰ ਇੱਕ

ਯੂਨੀਅਨ ਆਰਗੇਨਾਈਜ਼ਰ ਨੰਬਰ ਦੋ

## ਸੀਨ ਪਹਿਲਾ

(ਕੰਮ ਖ਼ਤਮ ਕਰਕੇ ਆਈਆਂ ਦੋ ਕੁੜੀਆਂ ਬੈਠੀਆਂ ਹਨ। ਇਕ ਐਪਲ ਖਾ ਰਹੀ ਹੈ ਤੇ ਦੂਜੀ ਥਰਮੋਸ ਵਿਚੋਂ ਕੱਪ ਵਿਚ ਥੋੜ੍ਹੀ ਚਾਹ ਪਾ ਰਹੀ ਹੈ। ਦੋਵੇਂ ਥੱਕੀਆਂ ਹੋਣ ਦੇ ਐਕਸ਼ਨ ਕਰਦੀਆਂ ਹਨ)

ਕੁਲਵਿੰਦਰ : ਅੱਧਾ ਘੰਟਾ ਹੋ ਗਿਆ, ਅਜੇ ਤਕ ਆਈਆਂ ਈ ਨਈਂ। ਪਤਾ ਨਹੀਂ ਕੀ ਉਥੇ ਫੈਸ਼ਨ ਕਰੀ ਜਾਂਦੀਆਂ ਆ।

ਦਰਸ਼ਨ : ਆਪਾਂ ਨੂੰ ਅਜੇ ਪੰਜ ਮਿੰਟ ਨਹੀਂ ਹੋਏ ਆਈਆਂ ਨੂੰ। ਆ ਜਾਣਗੀਆਂ। ਉਨ੍ਹਾਂ ਦਾ ਵਿਚਕਾਰਲਾ ਰੂਮ ਅਜੇ ਫਿਨਿਸ਼ ਕਰਨ ਵਾਲਾ ਪਿਆ ਸੀ। ਤੇਰਾ ਬੜਾ ਬੁਰਾ ਹਾਲ ਹੋਇਐ। ਥੋੜ੍ਹਾ ਹੌਲੀ ਕਰ ਲਿਆ ਕਰ, ਉਦੋਂ ਤਾਂ ਐਦਾਂ ਸਾਰੇ ਸਾਰ ਕਰਦੀ ਹੁੰਦੀ ਆਂ ਜਿਦਾਂ ਮੁੜ ਕੇ ਦਿਨ ਈ ਨਈਂ ਚੜ੍ਹਨਾ ਹੁੰਦਾ।

ਕੁਲਵਿੰਦਰ : ਸਾਰੇ ਸਾਰ ਤੈਨੂੰ ਕੀ ਕਰਨੀ ਆ, ਕੁਛ ਬਣਦਾ ਈ ਨਈਂ। ਹੁਣ ਆਪਾਂ ਸਵੇਰ ਛੇ ਵਜੇ ਦੀਆਂ ਲੱਗੀਆਂ ਆਂ। ਹੁਣ ਛੇ ਤੋਂ ਉੱਤੇ ਹੋ ਗਏ ਆ - ਸਰ ਕੇ ਅੱਠ 'ਟੱਬ' ਟੁੱਟੇ ਆ। ਦੋ ਡਾਲੇ ਘੰਟੇ ਦੇ ਨਈਂ ਪੱਲੇ ਪਏ। ਸਰੀਰ ਥਾਂ ਥਾਂ ਏਦਾਂ ਦੁਖਦੈ ਪਈ ਜਿਵੇਂ ਕਿਸੇ ਨੇ ਛੱਲੀਆਂ ਵਾਂਗ ਕੁੱਟਿਆ ਹੋਵੇ।

ਦਰਸ਼ਨ : ਲੈ ਫੜ ਚਾਹ ਦਾ ਘੁੱਟ ਪੀ ਤੇਰੇ ਹੱਡ ਸਿੱਧੇ ਹੋਣ। ਇਹ ਤਾਂ ਤੈਨੂੰ ਸੁਰਗਾਂ ਦੇ 'ਨਜ਼ਾਰੇ' ਆ - ਕੋਈ ਕਾਫ਼ੀ ਸ਼ਾਪਾਂ 'ਚ ਭਾਂਡੇ ਧੋ ਕੇ ਲੈ ਰਿਹਾ, ਕੋਈ ਕਲੀਨ-ਅੱਪ ਕਰਕੇ ਤੇ ਆਪਾਂ ਮਸ਼ਰੂਮ ਤੋੜ ਕੇ।

ਕੁਲਵਿੰਦਰ : ਨੀ ਕੰਮ ਤੋਂ ਨਈਂ ਡਰ ਲੱਗਦਾ - ਜਿਦਾਂ ਦਾ ਮਰਜ਼ੀ ਹੋਵੇ। ਪਰ ਕੁਛ ਬਣੇ ਜੁੜੇ ਵੀ। ਸੌਲਾਂ ਸੌਲਾਂ ਘੰਟੇ ਲਿਆਹਿਆਂ ਦਾ ਮੂੰਹ ਨਹੀਂ ਦੇਖੀਦਾ - ਪੱਲੇ ਫੇਰ ਨਈਂ ਕੁਛ ਪੈਂਦਾ।

(ਦੋ ਹੋਰ ਖੇਤ-ਮਜ਼ਦੂਰ ਕੁੜੀਆਂ ਸਟੇਜ ਤੇ ਆਉਂਦੀਆਂ ਹਨ ਉਹ ਕਾਫ਼ੀ ਘਬਰਾਈਆਂ ਹੋਈਆਂ ਹਨ)

ਜਸਵੰਤ : ਚੰਗਾ ਹੋਇਆ ਤੁਸੀਂ ਏਥੇ ਈ ਆਂ। (ਸਾਹ ਨਾਲ ਸਾਹ ਰਲਾਉਂਦੀ ਹੋਈ) ਅਸੀਂ ਤਾਂ ਕਿਹਾ ਕਿਤੇ ਚਲੇ ਈ ਨਾ ਗਈਆਂ ਹੋਵ।

ਦਰਸ਼ਨ : (ਹਲਕੇ ਰੌਂਅ 'ਚ) ਨੀ ਬੜਾ ਸਾਹ ਚੜ੍ਹਿਆ ਆ ਤੁਹਾਨੂੰ ਤਾਂ - ਕਿਤੇ ਫਾਰਮਰ ਨੇ ਕੁੱਤੇ ਤਾਂ ਨਈਂ ਲਾ 'ਤੇ ਮਗਰ?

ਨਿੰਦਰ : ਬੱਸ ਕੁੱਤੇ ਈ ਨਈਂ ਲਾਏ। ਹੋਰ ਤਾਂ ਉਹਨੇ ਕੋਈ ਕਸਰ ਨਹੀਂ ਛੱਡੀ।

ਜਸਵੰਤ : ਨੀ ਤੁਹਾਡੇ ਮਗਰੋਂ ਸਾਡੇ ਤਾਂ ਪੇਸ਼ ਈ ਪੈ ਗਿਆ।

ਦਰਸ਼ਨ : ਕਿਉਂ ਨੀ, ਕੀ ਕਹਿੰਦਾ ਸੀ?

ਨਿੰਦਰ : ਕਹਿਣਾ ਕੀ ਆ ਉਹਨੇ? ਜੋ ਅੱਗੇ ਕਹਿੰਦਾ ਹੁੰਦਾ। (ਮੂੰਗ ਲਾਉਂਦੀ ਹੋਈ) ਮਸ਼ਰੂਮ ਮਿਕਸ ਕਰੀ ਜਾਨੀਆਂ। ਬਲਬ ਨਈਂ ਸਾਂਭ ਕੇ ਰੱਖਦੀਆਂ - ਆਹ ਨਈਂ ਕਰਦੀਆਂ, ਔਹ ਨਈਂ ਕਰਦੀਆਂ। ਆਹ ਕਰੀ ਜਾਂਦੀਆਂ, ਔਹ ਕਰੀ ਜਾਂਦੀਆਂ ਚੌਵੀ ਘੰਟੇ ਕੋਈ ਨਾ ਕੋਈ ਬਹਾਨੇ ਈ ਟੋਲਦਾ ਰਹਿੰਦਾ - ਤੰਗ ਕਰਨ ਦੇ।

ਜਸਵੰਤ : ਅੱਜ ਤਾਂ ਪਤਾ ਨਈਂ ਉਹਨੂੰ ਕਾਹਦਾ ਇੰਨਾ ਗੁੱਸਾ ਚੜ੍ਹਿਆ ਹੋਇਆ ਸੀ। ਸੂਈ ਹੋਈ ਕੁੱਤੀ ਵਾਂਗ ਝਈਆਂ ਲੈ ਲੈ ਕੇ ਪੈਂਦਾ ਸੀ।

ਕੁਲਵਿੰਦਰ : ਉਹ ਅੱਗੇ ਵੀ ਤਾਂ ਏਦਾਂ ਈ ਕਰਦਾ - ਅੱਜ ਕਿਹੜੀ ਕੋਈ ਨਵੀਂ ਕੀਤੀ ਹੋਈ ਆ ਉਹਨੇ।

ਦਰਸ਼ਨ : ਨਹੀਂ, ਪਰ ਅੱਗੇ ਉਹਨੇ ਕਦੇ ਇਹਨਾਂ ਨੂੰ ਨਈਂ ਵਾਧੂ ਘਾਟੂ ਕਿਹਾ। ਇਹਨਾਂ ਜਿੰਨਾ ਕੰਮ ਤਾਂ ਇਥੇ ਕੋਈ ਵੀ ਪ੍ਰੀਤ ਨਾਲ ਨਹੀਂ ਕਰਦਾ।

ਨਿੰਦਰ : ਅਸੀਂ ਵੀ ਫੇਰ ਚੰਗੀਆਂ ਸੁਣਾਈਆਂ। ਅਸੀਂ ਕਿਹਾ ਤੂੰ ਸਾਨੂੰ ਸਮਝਦਾ ਕੀ ਆਂ? ਤੇਰੇ ਖ਼ਿਆਲ ਵਿਚ ਜੇ ਮਸ਼ਰੂਮ ਤੋੜਨ ਵਾਲੀਆਂ ਅਸੀਂ ਮਾੜੀਆਂ ਤੀਵੀਆਂ ਈ ਆਂ ਤਾਂ ਤੂੰ ਜਿੱਦਾਂ ਮਰਜ਼ੀ ਦਬਕੇ ਮਾਰਦਾ ਫਿਰੇਂ? ਕਸੂਰ ਤੇਰਾ ਆਪਣਾ ਹੁੰਦਾ ਐ ਗੁੱਸਾ ਸਾਡੇ 'ਤੇ ਕੱਢਦੈਂ। ਨਾ ਕਦੀ ਕੋਈ ਸਾਨੂੰ ਛੁੱਟੀ ਦਿੰਨੈ, ਨਾ ਕੋਈ ਓਵਰ ਟਾਈਮ। ਨਾ ਕੋਈ ਵੇਲੇ ਸਿਰ ਥੱਲਬ ਲਿਆ ਕੇ ਦਿੰਨੈਂ। ਦੋ ਸਾਲ ਹੋ ਗਏ ਆ, ਤੇਰੇ ਕੋਲੋਂ ਵਾਸ਼ਰੂਮ ਤਾਂ ਫਿਕਸ ਨਈਂ ਕਰਾ ਹੋਇਆ ਵੱਡੇ ਲੈਂਡ-ਲਾਰਡ ਤੋਂ।

ਕੁਲਵਿੰਦਰ : ਅੱਛਾ ਫੇਰ ਕੀ ਹੋਇਆ?

ਜਸਵੰਤ : ਹੋਣਾ ਕੀ ਆ, ਬੁੜ ਬੁੜ ਕਰਦਾ ਪਰ੍ਹੇ ਨੂੰ ਚਲਾ ਗਿਆ।

ਦਰਸ਼ਨ : ਉਹ ਫਾਰਮ ਦਾ ਮਾਲਕ ਆ, ਉਹਦੇ ਹੱਥ 'ਚ ਤਾਕਤ ਹੈ। ਜੋ ਮਰਜ਼ੀ ਕਰੇ। ਆਪਾਂ 'ਕੱਲੀਆਂ ਤੀਵੀਆਂ ਕੀ ਕਹਿ ਸਕਦੀਆਂ ਆਂ ਉਹਨੂੰ? ਜਿਹੜੇ ਦੋ ਤਿੰਨ ਮੁੰਡੇ ਕੰਮ ਕਰਦੇ ਆ, ਉਹ ਤੇਰੇ ਸਾਹਮਣੇ ਸ਼ਰਾਬ ਦੇ ਘੁੱਟ ਨੂੰ ਕਤੂਰਿਆਂ ਵਾਂਗ ਉਹਦੇ ਮਗਰ ਮਗਰ ਈ ਤੁਰੇ ਰਹਿੰਦੇ ਆ।

ਜਸਵੰਤ : ਕਹਿਣਾ ਤਾਂ ਕੁਛ ਨਾ ਕੁਛ ਆਪਾਂ ਨੂੰ ਈ ਪਊ। ਅਸਮਾਨੋਂ ਉੱਤਰ ਕੇ ਕਿਸੇ ਨੇ ਆਪਣੀ ਮਦਦ ਕਰਨੀ ਨਹੀਂ।

ਨਿੰਦਰ : (ਬਹਿੰਦੀ ਹੋਈ) ਮੈਂ ਤਾਂ ਕਹਿਨੀ ਆਂ ਪਈ ਆਪਾਂ ਨੂੰ ਇਹਦੇ ਬਾਰੇ ਕੁਛ ਸੋਚਣਾ ਚਾਹੀਦਾ ਆ। ਕਿੰਨ੍ਹਾਂ ਕੁ ਚਿਰ ਆਹ ਦੋ ਡਾਲੇ ਘੰਟੇ ਪਿਛੇ ਚੰਮ ਕੁਟਾਈ ਜਾਵਾਂਗੇ।

ਦਰਸ਼ਨ : ਲੈ ਆਹ ਤਾਂ ਉਦਾਂ ਵਾਧੂ ਗੱਲ ਆ ਤੇਰੀ। ਨਾ ਕੁਟਾਉ ਚੰਮ, ਤੁਹਾਨੂੰ ਕੋਈ ਮੱਲੋ-ਮੱਲੀ ਘਰੋਂ ਲੈਣ ਜਾਂਦਾ? ਨਾ ਆਇਆ ਕਰੋ। ਆਪਣੀ ਲੋੜ ਨੂੰ ਕਰਦੀਆਂ ਭਾਈ...

ਕੁਲਵਿੰਦਰ : ਕਰਦੀਆਂ ਤਾਂ ਲੋੜ ਨੂੰ ਈ ਆਂ, ਪਰ ਲੋੜ ਕੋਈ ਚੰਗੀ ਤਰ੍ਹਾਂ ਪੂਰੀ ਤਾਂ ਹੋਵੇ।

ਦਰਸ਼ਨ : ਨਾ ਆਪਾਂ ਇਹਦੇ ਬਾਰੇ ਕਰ ਵੀ ਕੀ ਸਕਦੀਆਂ - ਜਿਦਾਂ ਦਾ ਹੈਗਾ ਚੁੱਪ ਕਰਕੇ ਕਰੀ ਜਾਈਏ।

ਨਿੰਦਰ : ਕਰਨੇ ਨੂੰ ਕਿਉਂ ਨਹੀਂ ਕਰ ਸਕਦੀਆਂ? ਜੇ ਆਪਾਂ 'ਕੱਠੀਆਂ ਹੋ ਕੇ ਕੁਛ ਕਰੀਏ ਤਾਂ ਕਿਉਂ ਨਾ ਕੋਈ ਗੱਲ ਬਣੇ।

ਜਸਵੰਤ : 'ਕੱਠੀਆਂ ਹੋ ਕੇ ਵੀ ਆਪਾਂ ਕੀ ਕਰ ਸਕਦੀਆਂ ਆਂ? ਆਪਣੇ

ਵਿਚੋਂ ਕਿਸੇ ਨੂੰ ਗੱਲ ਤਾਂ ਚੰਗੀ ਤਰ੍ਹਾਂ ਕਰਨੀ ਨਹੀਂ ਆਉਂਦੀ।

ਨਿੰਦਰ : ਇਸੇ ਕਰਕੇ ਮੈਂ ਕਹਿੰਦੀ ਆਂ ਪਈ ਆਪਾਂ ਨੂੰ ਯੂਨੀਅਨ ਬਣਾ ਲੈਣੀ ਚਾਹੀਦੀ ਹੈ।

ਕੁਲਵਿੰਦਰ : ਨਾ ਨੀ ਭੈਣੇ, ਆਪਾਂ ਨਹੀਂ ਯੂਨੀਅਨ ਦੀ ਗੱਲ ਕਰਨੀ। ਚੇਤਾ ਉਦੋਂ ਜੀਤੋ ਹੋਰੀਂ ਅਜੇ ਗੱਲਾਂ ਈ ਕਰਦੀਆਂ ਸੀਗੀਆਂ ਤਾਂ ਇਹਨੇ ਚਾਰੇ ਜਣੀਆਂ ਹੀ 'ਫਾਇਰ' ਕਰ ਦਿੱਤੀਆਂ। ਮੇਰੇ ਤਾਂ ਘਰ ਵਾਲਾ ਵੀ ਹੁਣ ਵੇਹਲਾ ਬੈਠਾ। ਮੇਰੀ ਚੈੱਕ ਬਿਨਾਂ ਤਾਂ ਸਾਡਾ ਸਰਨਾਂ ਹੀ ਨਹੀਂ।

ਜਸਵੰਤ : ਸਾਡੇ ਤਾਂ ਆਪ ਨਹੀਂ ਸਰਨਾ। ਆਹ ਜਦੋਂ ਦੇ ਬੈਂਕਾਂ ਦੇ ਇੰਟਰੈੱਸਟ ਰੇਟ ਵਧੇ ਆ ਸਾਡੀ ਤਾਂ ਮੌਰਗੇਜ਼ ਪੇਮੈਂਟ ਦੁੱਗਣੀ ਹੋ ਗਈ ਆ।

ਦਰਸ਼ਨ : ਮੈਂ ਤਾਂ ਕਹਿੰਦੀ ਆਂ ਪਈ ਆਪਾਂ 'ਕੱਠੀਆਂ ਹੋ ਕੇ ਉਦਾਂ ਈ ਉਹਦੇ ਨਾਲ ਗੱਲ ਕਰੀਏ ਕਿ ਥੋੜ੍ਹੇ ਜਿਹੇ ਪੈਸੇ ਵਧਾ ਦੇਵੇ। ਐਵੇਂ ਆਹ ਯੂਨੀਅਨ ਯਾਨੀਅਨ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ- ਇਹਦੇ ਨਾਲ ਤਾਂ ਪਰਾਬਲਮਾਂ ਈ ਵਧਦੀਆਂ।

ਜਸਵੰਤ : ਨੀ ਤੂੰ ਕਿਉਂ ਏਨੀ ਡਰਦੀ ਐਂ ਯੂਨੀਅਨ ਤੋਂ - ਤੇਰੀ ਕੀ ਮੌਰਗੇਜ ਟੁੱਟਦੀ ਆ?

ਕੁਲਵਿੰਦਰ : ਕਿਉਂ ਨੀ ਏਹਨੇ ਆਪਣੇ ਲੱਗਦੇ ਨੂੰ ਮੰਗਵਾਉਣ ਲਈ ਕੰਮ ਦੀ ਚਿੱਠੀ ਨਹੀਂ ਲੈਣੀ?

ਨਿੰਦਰ : 'ਕੱਠੀਆਂ ਹੋ ਕੇ ਅੱਗੇ ਕਈ ਵਾਰ ਉਹਦੇ ਨਾਲ ਗੱਲ ਕੀਤੀ ਆ, ਕਿੰਨ੍ਹਾ ਕੁ ਉਹ ਆਪਣੇ ਆਖੇ ਲੱਗਦਾ ਆ। ਦੱਸ ਤਾਂ ਕਿੰਨੀ ਵਾਰੀ ਆਪਾਂ ਲਾਈਟਾਂ ਦੀ ਗੱਲ ਕੀਤੀ ਆ ਪਈ ਠੀਕ ਕਰਵਾ ਕੇ ਦਿਉ। ਹਨੇਰੇ 'ਚ ਅੱਖਾਂ ਦਾ ਬੁਰਾ ਹਾਲ ਹੋ ਜਾਂਦਾ ਆ। ਕਦੀ ਸੁਣੀ ਆ ਉਹਨੇ ਆਪਣੀ?

ਜਸਵੰਤ : ਆਹੋ ਅੱਗੇ ਉਹਨੂੰ ਕਿਹਾ ਸੀ ਪਈ ਇਥੇ ਇਕ ਫੋਨ ਲਵਾ ਦੇ- ਵੇਲੇ ਕੁਵੇਲੇ ਘਰ ਨੂੰ ਫੋਨ ਕਰਨਾ ਪੈਂਦਾ ਆ। ਲੱਗਾ ਸੀ ਆਖੇ? ਸਗੋਂ ਮਖੌਲ 'ਚ ਗੱਲ ਪਾ ਗਿਆ ਅਖੇ ਕਿਤੇ ਦਫ਼ਤਰ 'ਚ ਕੰਮ ਕਰਦੀਆਂ?

ਦਰਸ਼ਨ : ਜੇ ਆਪਣੀ ਨਹੀਂ ਸੁਣਦਾ ਤਾਂ ਆਪਾਂ ਏਦਾਂ ਕਰਦੀਆਂ ਕਿ ਆਪਣੇ ਘਰ ਦਿਆਂ ਨੂੰ ਕਹਿੰਦੀਆਂ ਪਈ ਉਹ ਏਹਦੇ ਨਾਲ ਗੱਲ ਕਰ ਲੈਣ। ਮੇਰਾ ਖ਼ਿਆਲ ਹੈ ਇਹ ਉਨ੍ਹਾਂ ਦਾ ਕਿਹਾ ਜ਼ਰੂਰ ਮੰਨੂਗਾ।

ਜਸਵੰਤ : ਦੇਖ ਲਉ ਟਰਾਈ ਕਰਨੀ ਆ ਤਾਂ। ਮੈਨੂੰ ਤਾਂ ਉਮੀਦ ਨਹੀਂ ਕਿ ਇਹ ਉਨ੍ਹਾਂ ਦੀ ਵੀ ਕੋਈ ਗੱਲ ਮੰਨੇ।

ਨਿੰਦਰ : ਇਥੇ ਕੰਮ ਆਪਾਂ ਕਰਦੀਆਂ ਕਿ ਆਪਣੇ ਘਰਦੇ? ਜਿੰਨਾ ਚਿਰ ਆਪਾਂ ਖ਼ੁਦ ਨਹੀਂ ਕੁਝ ਕਹਿਣ ਦਾ, ਕਰਨ ਦਾ ਹੌਸਲਾ ਕਰਦੀਆਂ ਕਿਸੇ ਨੇ ਨਹੀਂ ਸੁਣਨੀ ਆਪਣੀ। ਜੇ ਇਹ ਕੰਮ ਕੋਈ ਕਰ ਸਕਦਾ ਹੈ ਤਾਂ ਆਪਾਂ ਈ ਕਰ ਸਕਦੀਆਂ ਹਾਂ। ਆਪਾਂ ਨੂੰ ਇਹ ਏਧਰ ਉਧਰ ਦੀਆਂ ਯਭਲੀਆਂ ਮਾਰਨ ਦੀ ਥਾਂ ਸਿੱਧੀ ਗੱਲ ਕਰਨੀ ਚਾਹੀਦੀ ਹੈ। ਮੈਂ ਤਾਂ ਕਹਿਨੀ ਆਂ ਪਈ ਆਪਾਂ ਨੂੰ ਯੂਨੀਅਨ ਬਣਾਉਣੀ ਚਾਹੀਦੀ ਹੈ। ਇਸ ਤੋਂ ਬਿਨਾਂ ਹੋਰ ਕੋਈ ਤਰੀਕਾ ਨਹੀਂ।

ਜਸਵੰਤ : ਗੱਲ ਤਾਂ ਤੇਰੀ ਠੀਕ ਆ, ਪਰ ਸਾਡੇ ਤਾਂ ਘਰ ਦਿਆਂ ਨੇ ਨਹੀਂ ਰਾਜ਼ੀ ਹੋਣਾ।

ਕੁਲਵਿੰਦਰ : ਜੇ 'ਫਾਇਰ' ਹੋ ਗਈਆਂ ਤਾਂ ਮੇਰੀ ਤਾਂ ਸ਼ਾਮਤ ਆ ਜਾਣੀ ਆ। ਜਿੱਦਣ ਮੇਰੇ ਮਾਂ-ਪਿਉ ਦੀ ਚਿੱਠੀ ਤਰੀ ਸੀ ਤੁਹਾਡੇ ਭਾਈ ਨੇ ਤਾਂ ਸਿੱਧਾ ਈ ਦੱਸ ਦਿੱਤਾ ਸੀ ਪਈ ਉਹਨਾਂ ਦਾ ਸਾਰਾ ਖਰਚਾ ਮੈਨੂੰ ਈ ਕਰਨਾ ਪੈਣਾ ਆ।

ਨਿੰਦਰ : ਤੁਸੀਂ ਏਦਾਂ ਈ ਕਿਉਂ ਸੋਚੀ ਜਾਨੀਆਂ ਪਈ ਯੂਨੀਅਨ ਦੀ ਗੱਲ ਕੀਤੀ ਤਾਂ 'ਫਾਇਰ' ਹੋ ਜਾਵਾਂਗੀਆਂ? ਇਦਾਂ ਕਿਉਂ ਨਹੀਂ ਸੋਚਦੀਆਂ ਪਈ ਜੇ ਯੂਨੀਅਨ ਬਣ ਗਈ ਤਾਂ ਪੈਸੇ ਜ਼ਿਆਦਾ ਮਿਲਣਗੇ। ਕੰਮ ਘੱਟ ਘੰਟੇ ਕਰਨਾ ਪਊ, ਪਤਾ ਹੋਊ ਕਦੋਂ ਕੰਮ 'ਤੇ ਲੱਗਣਾ ਤੇ ਕਦੋਂ ਹਟਣਾ ਆ।

ਵਕਫ਼ਾ... (ਸੋਚਦੀਆਂ ਹਨ)

ਜਸਵੰਤ : ਆਹੋ ਜ਼ਰੂਰੀ ਤਾਂ ਨਹੀਂ ਪਈ ਆਪਾਂ 'ਫਾਇਰ' ਹੀ ਹੋਣ ਲੱਗੀਆਂ ਜੇ ਆਪਾਂ ਸਾਰੀਆਂ ਮਿਲ ਕੇ ਕੋਸ਼ਿਸ਼ ਕਰੀਏ ਤਾਂ ਡਰ ਵੀ ਕੀ ਆ?

ਕੁਲਵਿੰਦਰ : ਦੇਖ ਲਉ। ਗੱਲ ਤਾਂ ਠੀਕ ਆ। ਪਰ ਆਪਾਂ ਚਾਰੇ ਕੀ ਕਰ ਸਕਦੀਆਂ। ਜਾਂ ਤਾਂ ਬਾਕੀਆਂ ਨੂੰ ਵੀ ਮਨਾਉ।

ਦਰਸ਼ਨ : ਭਈ ਮੈਨੂੰ ਤਾਂ ਯੂਨੀਅਨ ਦੀ ਗੱਲ ਅਜੇ ਵੀ ਚੰਗੀ ਨਹੀਂ ਲੱਗਦੀ ਪਰ ਜੇ ਤੁਸੀਂ ਸਾਰੀਆਂ ਕਹਿੰਦੀਆਂ ਤੇ ਨਾਲੇ ਜੇ ਬਾਕੀ ਵੀ ਮੰਨ ਜਾਣ ਤਾਂ ਫੇਰ ਮੈਂ ਵੀ ਤੁਹਾਡੇ ਨਾਲ ਈ ਆਂ।

ਨਿੰਦਰ : ਤੁਸੀਂ ਹੌਸਲਾ ਤਾਂ ਰੱਖੋ, ਜਿੱਦਾਂ ਤੁਸੀਂ ਮੰਨੀਆਂ ਆਂ ਉਦਾਂ ਈ ਉਹ ਵੀ ਮੰਨ ਜਾਣਗੀਆਂ।

ਕੁਲਵਿੰਦਰ : ਚੱਲੋ ਨੀ ਛੇਤੀ ਛੇਤੀ- ਸਾਡੇ ਘਰ ਤਾਂ ਪ੍ਰਾਹੁਣੇ ਆਏ ਹੋਏ ਆ ਅਜੇ ਜਾ ਕੇ ਖਾਣ ਪੀਣ ਦਾ ਵੀ ਕਰਨਾ।

ਦਰਸ਼ਨ : ਕਾਹਦੀ ਜੂਨ ਆ ਆਪਣੀ ਵੀ। ਵੀਕ-ਐਂਡ 'ਤੇ ਕਿਸੇ ਨੇ ਆਉਣਾ ਜਾਣਾ ਹੁੰਦਾ, ਪਰ ਅਸੀਂ ਉਦੋਂ ਵੀ ਫਾਹੇ ਆਈਆਂ ਹੁੰਦੀਆਂ।

ਨਿੰਦਰ : ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ ਹੁੰਦੇ। ਯੂਨੀਅਨ ਬਣੀ ਤੋਂ ਏਥੀਂ ਤਾਂ ਕਿਵੇਂ ਨਹੀਂ ਦਿੰਦਾ ਛੁੱਟੀ ਜਦੋਂ ਚਾਹੀਦੀ ਹੋਵੇ। ਇਸੇ ਕਰਕੇ ਆਪਾਂ ਨੂੰ ਚਾਹੀਦਾ ਕਿ ਬਾਕੀਆਂ ਨੂੰ ਵੀ ਮਨਾਈਏ। (ਕੁਲਵਿੰਦਰ ਨੂੰ ਮੁਖ਼ਾਤਿਬ ਹੋ ਕੇ) ਆਪਾਂ ਫਿਰ ਅੱਜ ਰੋਟੀ ਪਾਣੀ ਤੋਂ ਬਾਅਦ ਮਨਜੀਤ ਕੇ ਤੇ ਨਾਲੇ ਬਲਵੰਤ ਕੇ ਘਰ ਨੂੰ ਚੱਲੀਏ। ਮੈਂ ਹੁਣੇ ਘਰ ਜਾ ਕੇ ਯੂਨੀਅਨ ਵਾਲਿਆਂ ਨੂੰ ਫੋਨ ਕਰਦੀਆਂ, ਉਨ੍ਹਾਂ ਨੂੰ ਨਾਲ ਲੈ ਕੇ ਚੱਲਾਂਗੇ। (ਬਾਕੀਆਂ ਨੂੰ ਵੀ) ਤੁਸੀਂ ਵੀ ਸਾਰੀਆਂ ਜਾ ਕੇ ਬਾਕੀ ਕੁੜੀਆਂ ਨੂੰ ਫੋਨ ਕਰਿਉ।

(ਸਾਰੀਆਂ ਸਹਿਮਤ ਹੁੰਦੀਆਂ ਹਨ ਤੇ ਹੌਲੀ ਹੌਲੀ ਸਟੇਜ ਤੋਂ ਬਾਹਰ ਜਾਣ ਲੱਗਦੀਆਂ ਹਨ)

• • • • • • •

## ਸੀਨ ਦੂਜਾ

ਸਥਾਨ : ਇਕ ਖੇਤ-ਮਜ਼ਦੂਰ ਕੁੜੀ ਦਾ ਘਰ।

ਸਮਾਂ : ਸ਼ਾਮ ਦਾ।

(ਖੇਤ-ਮਜ਼ਦੂਰ ਕੁੜੀ ਬਲਵੰਤ ਅਤੇ ਉਹਦੇ ਘਰ ਵਾਲਾ ਆਪਣੇ ਘਰ ਦੇ 'ਲਿਵਿੰਗ-ਰੂਮ' ਵਿਚ ਬੈਠੇ ਗੱਲਾਂ ਕਰ ਰਹੇ ਹਨ)

ਬਲਵੰਤ : ਪਰ ਮੈਨੂੰ ਤਾਂ ਲੱਗਦਾ ਪਈ ਬਾਕੀ ਸਾਰੀਆਂ ਕੁੜੀਆਂ ਨੇ ਮੰਨ ਜਾਣੈ। ਉਥੇ ਜੋ ਕੁਝ ਹੋ ਰਿਹਾ ਉਸ ਤੋਂ ਸਾਰੀਆਂ ਹੀ ਔਖੀਆਂ ਹਨ।

ਘਰ ਵਾਲਾ : ਹਾਂ (ਲਮਕਾ ਕੇ) ਮੰਨ ਜਾਣੈ... ਤੂੰ ਦੇਖ ਲਈਂ ਕਈਆਂ ਦੇ ਘਰ ਦਿਆਂ ਨੇ ਐਵੇਂ ਵਿਚ ਲੱਤ ਅੜਾਈ ਜਾਣੀ ਆ।

ਬਲਵੰਤ : ਨਾ ਉਹ ਕਿਤੇ ਸਾਰੇ ਕਮਲੇ ਈ ਆ ਪਈ...

ਘਰ ਵਾਲਾ : (ਉਹਦੀ ਗੱਲ ਵਿਚੋਂ ਹੀ ਕੱਟ ਕੇ) ਕਮਲਿਆਂ ਕੁਮਲਿਆਂ ਬਾਰੇ ਤਾਂ ਮੈਨੂੰ ਨਹੀਂ ਪਤਾ ਪਰ ਤੈਨੂੰ ਇਕ ਗੱਲ ਦੱਸ ਦਿਨਾਂ ਪਈ ਇਹ ਲੋਕ ਨਹੀਂ ਕਿਸੇ ਸਿਰੇ ਲੱਗਣ ਵਾਲੇ। ਤੁਹਾਨੂੰ ਘਰ ਬੈਠੀਆਂ ਬੁੜ੍ਹੀਆਂ ਨੂੰ ਕੀ ਪਤਾ ਬਈ ਇਹ ਲੋਕ ਕਿਵੇਂ ਸੋਚਦੇ ਆ। ਨਾਲੇ ਬਾਕੀ ਦੇ ਮੰਨ ਵੀ ਜਾਣ ਤਾਂ ਆਪਾਂ ਨੂੰ ਆਪਣੇ ਬਾਰੇ ਵੀ ਸੋਚਣਾ ਪਊਗਾ ਪਈ ਯੂਨੀਅਨ 'ਚ ਰਲਕੇ

ਆਪਣਾ ਸਰਦਾ ਵੀ ਆ ਕਿ ਨਹੀਂ।

ਬਲਵੰਤ : ਸਰਨੇ ਨੂੰ ਕੀ ਆ? ਬਾਕੀ ਲੋਕਾਂ ਦਾ ਵੀ ਸਰਦਾ ਈ ਆ ਕਈਆਂ ਦੇ ਤਾਂ ਘਰ ਦੇ ਵੀ ਕੰਮ ਨਹੀਂ ਕਰਦੇ। ਜੇ ਉਨ੍ਹਾਂ ਦਾ ਸਰ ਸਕਦਾ ਤਾਂ ਆਪਾਂ ਨੂੰ ਕੀ ਹੋਣ ਲੱਗਾ?

ਘਰ ਵਾਲਾ : (ਥੋੜ੍ਹਾ ਖਿਝ ਕੇ) ਕੀਹਦਾ ਸਰਦਾ ਇਥੇ ਲੋਕ ਸਾਲੀ ਟੁੱਟੀ ਜਿਹੀ ਬੇਸਮੈਂਟ ਦੇ ਸੌ ਨੂੰ ਕਿਰਾਏ 'ਤੇ ਲੈ ਕੇ ਸਾਰੀ ਜਾਂਦੇ ਹੋਣਗੇ। ਆਪਣੇ ਘਰ ਦੀ ਨੌਂ ਸੌ ਡਾਲਰ ਮਹੀਨੇ ਦੀ ਕਿਸ਼ਤ ਹੈ ਤੇ ਕਾਰ ਦੀ ਵਾਧੂ। ਇਹ ਕਿਸ਼ਤਾਂ ਕਿੱਥੋਂ ਦੇਣੀਆਂ ਆ। ਨਾਲੇ ਤੈਨੂੰ ਮੈਂ ਕਈ ਕਿਹਾ ਬਈ ਲੋਕਾਂ ਮਗਰ ਨਹੀਂ ਲੱਗੀਦਾ ਹੁੰਦਾ। ਲੋਕ ਜੇ ਕੱਲ੍ਹ ਨੂੰ ਛੱਤੇ ਖੂਹ 'ਚ ਛਾਲ ਮਾਰਨਗੇ ਤਾਂ ਤੂੰ ਵੀ ਮਗਰੇ ਮਾਰ ਦੇਵੇਂਗੀ? ਤੂੰ ਬੱਸ ਆਪਣੇ ਕੰਮ ਨਾਲ ਮਤਲਬ ਰੱਖ।

ਬਲਵੰਤ : ਨਾ ਫੇਰ ਤੁਹਾਡੀ ਕੀ ਸਲਾਹ ਹੈ ਜੇ ਉਹਨਾਂ ਨੇ ਮੈਨੂੰ ਪੁੱਛਿਆ ਤਾਂ ਕੀ ਜਵਾਬ ਦੇਵਾਂ। ਆਹ ਤੁਹਾਡੇ ਆਉਣ ਤੋਂ ਪਹਿਲਾਂ ਨਿੰਦੀ ਦਾ ਫੋਨ ਆਇਆ ਸੀ, ਉਹ ਕਿਸੇ ਯੂਨੀਅਨ ਵਾਲੇ ਨੂੰ ਨਾਲ ਲੈ ਕੇ ਆਉਣ ਲੱਗੀ ਐ।

ਘਰ ਵਾਲਾ : ਬਈ ਮੈਂ ਤਾਂ ਤੈਨੂੰ ਸਿੱਧੀ ਦੱਸ ਦਿਆਂ ਬਈ ਜੇ ਯੂਨੀਅਨ ਦੇ ਪੰਗੇ ਤੋਂ ਤੇਰੇ ਦੋ-ਚਾਰ ਮਹੀਨੇ ਖਰਾਬ ਹੋ ਗਏ ਤਾਂ ਆਪਣਾ ਤਾਂ ਬੁਰਾ ਹਾਲ ਹੋ ਜਾਊ। ਇਸ ਕਰਕੇ ਮੈਂ ਨਹੀਂ ਰਾਜ਼ੀ ਯੂਨੀਅਨ ਬਣਾਉਣ 'ਚ।

(ਬਾਹਰਲਾ ਦਰਵਾਜ਼ਾ ਖੜਕਦਾ ਹੈ)

ਬਲਵੰਤ : ਮੇਰੇ ਖਿਆਲ 'ਚ ਨਿੰਦਰ ਹੋਣੀ ਈ ਹੋਣੈ ਆ (ਦਰਵਾਜ਼ਾ ਖੋਲ੍ਹਣ ਲਈ ਉਠਦੀ ਹੈ)

ਘਰ ਵਾਲਾ : (ਕੁਰਸੀ ਨਾਲੋਂ ਉਠਦਾ ਹੈ) ਅੱਛਾ ਤੂੰ ਚੱਲ ਅੰਦਰ, ਮੈਂ ਕਰਦਾਂ ਪਹਿਲਾਂ ਉਹਨਾਂ ਨਾਲ ਗੱਲ।

(ਬਲਵੰਤ ਬਾਹਰਲੇ ਦਰਵਾਜ਼ੇ ਵੱਲ ਵੇਖਦੀ ਹੈ, ਫਿਰ ਨਾ-ਚਾਹੁੰਦਿਆਂ ਹੋਇਆਂ ਵੀ ਕਿਚਨ ਵੱਲ ਚਲੀ ਜਾਂਦੀ ਹੈ)

(ਦਰਵਾਜ਼ਾ ਖੋਲ੍ਹਣ 'ਤੇ ਨਿੰਦਰ ਅਤੇ ਯੂਨੀਅਨ ਆਰਗੇਨਾਈਜ਼ਰ ਦਾਖਲ ਹੁੰਦੇ ਹਨ)

ਘਰ ਵਾਲਾ : ਸਾ ਸਰੀ 'ਕਾਲ ਜੀ।

ਨਿੰਦਰ : ਸਾਸਰੀ 'ਕਾਲ ਭਾ ਜੀ, ਭਾ ਜੀ ਇਹਨਾਂ ਦਾ ਨਾਂ ਪਾਲ ਹੈ ਤੇ ਇਹ ਯੂਨੀਅਨ ਆਰਗੇਨਾਈਜ਼ਰ ਹਨ।

(ਦੋਵੇਂ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਬੁਲਾਉਂਦੇ ਹਨ ਘਰ ਵਾਲਾ ਉਹਨਾਂ ਨੂੰ ਬੈਠਣ ਲਈ ਕਹਿੰਦਾ ਹੈ)

ਘਰ ਵਾਲਾ : (ਬੈਠਣ ਲੱਗਦਾ ਹੈ) ਤੁਸੀਂ ਤਾਂ ਬਈ ਨਿੰਦੀ ਕਦੇ ਗੇੜਾ ਈ ਨਹੀਂ ਮਾਰਿਆ। ਮੈਂ ਕਿਹਾ ਕਈ ਵਾਰੀ ਬਲਵੰਤ ਨੂੰ ਬਈ ਫੋਨ ਕਰ ਉਹਨਾਂ ਨੂੰ।

ਨਿੰਦਰ : ਤੁਸੀਂ ਕਿਹੜਾ ਭਾ ਜੀ ਕਦੇ ਆਏ ਆਂ, ਤੁਹਾਡਾ ਤਾਂ ਫੋਨ ਈ ਨਹੀਂ ਹੁੰਦਾ।

ਘਰ ਵਾਲਾ : ਕਾਹਨੂੰ, ਆਉਣਾ ਸੀ ਐਤਕੀਂ ਵੀਕ-ਐਂਡ 'ਤੇ, ਬੱਸ ਹੋਰ ਈ ਪਾਸੇ 'ਬਿਜ਼ੀ' ਹੋ ਗਏ।

ਨਿੰਦਰ : ਕਿਧਰ ਗਈ ਭੈਣ ਸਾਡੀ, ਕਿਤੇ ਦਿਸਦੀ ਈ ਨਹੀਂ।

ਘਰ ਵਾਲਾ : ਜਾਣਾ ਕਿਥੇ ਐ, ਐਥੇ ਅੰਦਰ ਈ ਹੋਣੀ ਆਂ ਕਿਚਨ 'ਚ ਕੁੱਝ ਕਰਦੀ। ਇੰਜ ਕਰ ਤੂੰ ਵੀ ਅੰਦਰ ਈ ਚਲੀ ਜਾਹ।

ਨਿੰਦਰ : ਮੈਂ ਉਹਨੂੰ ਏਥੇ ਈ 'ਵਾਜ਼ ਮਾਰ ਲੈਂਨੀ ਹਾਂ।

ਘਰ ਵਾਲਾ : ਓ ਕਾਹਨੂੰ, ਤੁਸੀਂ ਅੰਦਰੇ ਈ ਪੀਲਓ ਚਾਹ ਚੂਹ, ਅਸੀਂ ਇਥੇ ਗੱਪ-ਛੱਪ ਮਾਰਦੇ ਹਾਂ।

(ਪਰ ਨਿੰਦਰ ਉਥੇ ਹੀ ਬੈਠੀ ਰਹਿੰਦੀ ਹੈ)

ਪਾਲ : ਸੁਣਾਉ ਜੀ ਕੰਮ ਕਾਰ ਦਾ ਕੀ ਹਾਲ ਹੈ? ਕਿਥੇ ਕਰਦੇ ਓਂ ਕੰਮ ਤੁਸੀਂ?

ਘਰ ਵਾਲਾ : ਵੈੱਸਟ-ਕੋਸਟ ਲੰਬਰ ਵਿਚ।

ਪਾਲ : ਅੱਛਾ, ਉਹ ਜਿਹੜੀ ਮਰੀਨ-ਡਰਾਈਵ 'ਤੇ ਐ; ਚਿਰ ਹੋ ਗਿਆ ਹੋਣਾ ਤੁਹਾਨੂੰ ਤਾਂ ਉਥੇ ਕੰਮ ਕਰਦਿਆਂ ਨੂੰ।

ਘਰ ਵਾਲਾ : ਹਾਂ ਜੀ, ਹੋ ਈ ਗਏ ਕੋਈ ਦਸ ਸਾਲ ਇਸੇ ਮਿੱਲ 'ਚ; ਮਿੱਲ ਹੈ ਤਾਂ ਛੋਟੀ ਜਿਹੀ ਪਰ ਅਜੇ ਵਧੀਆ ਚੱਲੀ ਜਾਂਦੀ ਆ। ਉਦਾਂ ਤੁਹਾਨੂੰ ਅੱਜ ਕੱਲ ਕੰਮਾਂ ਕਾਰਾਂ ਦਾ ਤਾਂ ਪਤਾ ਈ ਐ।

ਪਾਲ : ਤੁਹਾਡੇ ਤਾਂ ਉਥੇ ਯੂਨੀਅਨ ਹੋਣੀ ਆ?

ਘਰ ਵਾਲਾ : ਯੂਨੀਅਨ ਤਾਂ ਜੀ ਉਥੇ ਕਿਤੇ ਪਹਿਲਾਂ ਦੀ ਬਣੀ ਹੋਈ ਆ। ਨਾਲੇ I.W.A. ਤਾਂ ਬਹੁਤ ਵੱਡੀ ਯੂਨੀਅਨ ਆ, ਬਹੁਤ 'ਸਟਰਾਂਗ' ਆ।

ਪਾਲ : ਤੁਹਾਨੂੰ ਤਾਂ ਜੀ ਫੇਰ ਸਾਰੀ ਗੱਲ ਬਾਤ ਦਾ ਪਤਾ ਈ ਆ। ਤੁਸੀਂ ਸਾਡੀ ਮਦਦ ਜ਼ਰੂਰ ਕਰੋਗੇ।

ਘਰ ਵਾਲਾ : (ਵਿਚੋਂ ਟੋਕਕੇ) ਤੂੰ ਬਈ ਨਿੰਦੀ ਅੰਦਰ ਜਾ ਆਉਂਦੀ। ਦੇਖ ਤਾਂ ਤੇਰੀ ਭੈਣ ਨੇ ਕੋਈ ਚਾਹ ਚੂਹ ਵੀ ਧਰੀ ਆ ਕਿ ਨਹੀਂ?

ਨਿੰਦਰ : (ਉੱਠਦੀ ਹੋਈ) ਮੈਂ ਉਹਨੂੰ ਏਥੇ ਈ 'ਵਾਜ਼ ਮਾਰਦੀ ਆਂ।

ਘਰ ਵਾਲਾ : ਨਹੀਂ, ਨਹੀਂ; ਤੁਸੀਂ ਉਥੇ ਈ ਚਾਹ ਚੂਹ ਪੀ ਲਓ। ਅਸੀਂ ਇਥੇ ਗੱਪ-ਸ਼ੱਪ ਮਾਰਦੇ ਆਂ।

(ਨਿੰਦਰ ਗੁਆਚੀ ਜਿਹੀ ਅੰਦਰ ਜਾਂਦੀ ਹੈ)

ਘਰ ਵਾਲਾ : ਤੁਸੀਂ ਜੀ ਬੀਅਰ ਦਾ ਬੱਤਾ ਲਓਗੇ ਜਾਂ ਡਰਿੰਕ?

ਪਾਲ : ਨਾ ਜੀ, ਬਹੁਤ ਮਿਹਰਬਾਨੀ; ਮੈਂ ਤਾਂ ਰੋਟੀ ਖਾ ਕੇ ਆਇਆ ਸੀ ਘਰੋਂ।

(ਰੁਕਕੇ) ... ਅੱਛਾ ਭਾਅ ਜੀ, ਤੁਹਾਨੂੰ ਪਤਾ ਈ ਆ ਬਈ ਭੈਣ ਜੀ ਹੋਰਾਂ ਦੇ ਫਾਰਮ ਵਿਚ ਯੂਨੀਅਨ ਦੀ ਗੱਲਬਾਤ ਚੱਲ ਰਹੀ ਹੈ। ਅਸੀਂ ਤਾਂ ਉਹਨਾਂ ਨੂੰ ਮੈਂਬਰ ਬਣਾਉਣ ਆਏ ਹਾਂ।

ਘਰ ਵਾਲਾ : ਅੱਛਾ! ਬਈ ਉਹਨੇ ਤਾਂ ਮੈਨੂੰ ਕੁਝ ਦੱਸਿਆ ਈ ਨਹੀਂ। ਉਦਾਂ ਫਾਰਮ 'ਚ ਯੂਨੀਅਨ ਬਣਾਉਣੀ ਕੁਝ ਮੁਸ਼ਕਲ ਜਿਹੀ ਲੱਗਦੀ ਹੈ। ਇਹ ਕਿਹੜਾ ਕੋਈ ਮਿੱਲ ਜਾਂ ਫੈਕਟਰੀ ਆ ਬਈ ਗਿਣਵੇਂ ਬੰਦੇ, ਬੱਝਵੇਂ ਘੰਟੇ ਤੇ ਪੱਕੇ ਥਾਂ ਕੰਮ ਕਰਦੇ ਆ। ਫਾਰਮ ਵਿਚ ਤਾਂ ਪਤਾ ਈ ਨਹੀਂ ਲੱਗਦਾ ਬਈ ਅੱਜ ਕਿੰਨੇ ਬੰਦਿਆਂ ਨੇ ਕਿੰਨੇ ਘੰਟੇ ਕਿਥੇ ਕੰਮ ਕਰਨਾ ਆ।

ਪਾਲ : ਮੁਸ਼ਕਲ ਤਾਂ ਬਹੁਤ ਆ ਪਰ ਫੇਰ ਵੀ ਜੇ ਕੰਮ ਕਰਨ ਵਾਲੇ ਚਾਹੁਣ ਤਾਂ ਇਕੱਠ ਨਾਲ ਸਭ ਕੁਝ ਕਰ ਸਕਦੇ ਆ। ਦੂਜੀ ਗੱਲ ਮੁਸ਼ਕਲਾਂ ਵੀ ਹਰੇਕ ਥਾਂ ਇਕੋ ਜਿਹੀਆਂ ਨਹੀਂ। ਹੁਣ ਜਿੱਦਾਂ ਮਸ਼ਰੂਮ ਫਾਰਮ, ਕੈਨਰੀਆਂ ਵਿਚ ਜਾਂ ਨਰਸਰੀ ਵਿਚ ਤਾਂ ਮਿੱਲਾਂ ਜਾਂ ਫੈਕਟਰੀਆਂ ਵਾਂਗ ਈ ਆ।

ਘਰ ਵਾਲਾ : ਓ ਜੀ ਜਿੱਦਾਂ ਕਹਿੰਦੇ ਹੁੰਦੇ ਆ ਭੂਕੀ ਤਾਂ ਉਦੋਂ ਜਦੋਂ ਸਰ ਨਾ ਆਇਆ। ਜੇ ਆਪਣੇ ਲੋਕ ਇਕੱਠੇ ਹੋ ਜਾਣ ਤਾਂ ਫੇਰ ਕਾਹਦਾ ਘਾਟਾ ਐ। ਪਰ ਪਤਾ ਨਹੀਂ ਕੀ ਰੱਬ ਦੀ ਮਾਰ ਪਈ ਆ। ਇਹ ਹੋਰ ਸਭ ਕੁਝ ਕਰ ਲੈਣਗੇ, ਪਰ ਇਕੱਠੇ ਹੋ ਕੇ ਕੋਈ ਕੰਮ ਨਹੀਂ ਕਰ ਸਕਦੇ।

ਪਾਲ : ਨਹੀਂ ਜੀ, ਸਾਰੇ ਤਾਂ ਨਹੀਂ ਇਦਾਂ ਦੇ। ਬਥੇਰੇ ਹੈਗੇ ਆ ਏਦਾਂ ਦੇ ਵੀ। ਪਰ ਆਮ ਲੋਕ ਤਾਂ ਚੰਗੇ ਕੰਮ ਲਈ ਨਾਲ ਮਿਲ ਈ ਜਾਂਦੇ ਆ।

ਘਰ ਵਾਲਾ : ਨਾ ਜੀ, ਤੁਸੀਂ ਇਹਨਾਂ ਲੋਕਾਂ 'ਤੇ ਇਤਬਾਰ ਨਹੀਂ ਕਰ ਸਕਦੇ। ਤੁਹਾਡੇ ਨਾਲ ਇਹ ਹੋਰ ਗੱਲਾਂ ਕਰਨਗੇ ਅੰਦਰੋਂ ਕੁਝ ਹੋਰ ਸੋਚਣਗੇ। ਇਸ ਗੱਲੋਂ ਗੋਰੇ ਆ, ਉਹ ਜਿਹੜੀ ਗੱਲ ਹੋਵੇ ਸਿੱਧੀ ਕਰਨਗੇ। ਕੋਈ ਵਲ ਵਲੇਵਾਂ ਨਹੀਂ। ਲੈ ਜੇ ਇਥੇ ਫਾਰਮ 'ਚ ਗੋਰੇ ਕੰਮ ਕਰਦੇ ਹੁੰਦੇ ਤਾਂ ਕਦੋਂ ਦੀ ਯੂਨੀਅਨ

ਬਣ ਜਾਣੀ ਸੀ। ਪਰ ਆਪਣੇ ਲੋਕਾਂ ਨੇ ਤਾਂ ਹੋਰ ਢੇਰੀ ਵੀ ਕਰਨੀ ਆ। ਆਹ ਹੁਣ ਦੇਖ ਲੌਂਦੇ ਤੁਹਾਨੂੰ ਕਿੰਨਾ ਚਿਰ ਹੋ ਗਿਆ। ਤੁਸੀਂ ਏਨਾ ਵਧੀਆ ਕੰਮ ਕਰਦੇ ਓ। ਆਪਣੇ ਘਰ ਦੇ ਸਾਰੇ ਕੰਮ ਛੱਡੀ ਫਿਰਦੇ ਹੋ। ਇਹ ਲੋਕ ਤੁਹਾਨੂੰ ਕਹੀ ਜਾਂਦੇ ਆ ਪਈ ਤੁਸੀਂ ਪੈਸੇ ਖਾਈ ਜਾਨੇ ਆਂ।

ਪਾਲ : ਉਹ ਤੁਹਾਡੀ ਗੱਲ ਤਾਂ ਠੀਕ ਆ। ਪਰ ਫੇਰ ਵੀ ਆਪਣੇ ਬਥੇਰੇ ਲੋਕ ਹੈਗੇ ਆ ਜਿਹੜੇ ਸਾਡੀ ਬੜੀ ਮੱਦਦ ਕਰਦੇ ਆ। ਆਹ ਹੁਣੇ ਅਸੀਂ ਗੁਰਦੇਵ ਸਿੰਘ ਹੁਰਾਂ ਦੇ ਘਰੋਂ ਆਏ ਹਾਂ। ਉਹਨਾਂ ਨੇ ਸਾਡੇ ਨਾਲ ਬੜੀ ਵਧੀਆ ਗੱਲਬਾਤ ਕੀਤੀ ਆ। ਅਸੀਂ ਘੰਟੇ ਤੋਂ ਉੱਪਰ ਬੈਠੇ ਉਹਨਾਂ ਨਾਲ ਗੱਲਾਂ ਬਾਤਾਂ ਕਰਦੇ ਰਹੇ ਹਾਂ। ਤੇ ਹੁਣ ਤੁਸੀਂ ਵੀ ਸਾਡੀ ਗੱਲ-ਬਾਤ ਸਮਝਦੇ ਹੋ। ਸਾਰੇ ਲੋਕਾਂ ਬਾਰੇ ਤਾਂ ਆਪਾਂ ਕੁਛ ਨਹੀਂ ਕਰ ਸਕਦੇ, ਪਰ ਜਿੰਨਿਆਂ ਨੂੰ ਇਹਨਾਂ ਗੱਲਾਂ ਦੀ ਸਮਝ ਆ ਉਨੇ ਕੁ ਤਾਂ ਆਪਾਂ ਮੂਹਰੇ ਹੋ ਕੇ ਇਹੋ ਜਿਹੇ ਕੰਮਾਂ 'ਚ ਪਹਿਲ ਕਰੀਏ।

ਘਰ ਵਾਲਾ : (ਥੋੜ੍ਹਾ ਘਬਰਾਇਆ ਹੋਇਆ) ਬਈ ਮੈਂ ਤਾਂ ਆਪ ਯੂਨੀਅਨ ਦਾ ਮੈਂਬਰ ਆਂ। ਮੈਨੂੰ ਤਾਂ ਕੋਈ ਇਤਰਾਜ਼ ਨਈਂ। ਆਪਾਂ ਬਲਵੰਤ ਨੂੰ ਪੁੱਛ ਲੈਂਦੇ ਆਂ। ਅਕਸਰ ਨੂੰ ਕੰਮ ਤਾਂ ਉਥੇ ਉਹੋ ਹੀ ਕਰਦੀ ਆ ਤੇ ਸਾਈਨ ਵੀ ਉਹਨੇ ਈ ਕਰਨੇ। ਮੈਂ ਉਹਨਾਂ ਨੂੰ ਆਵਾਜ਼ ਮਾਰਦਾਂ (ਉੱਠ ਕੇ ਕਿਚਨ ਵੱਲ ਨੂੰ ਜਾਂਦਾ ਹੈ ਤੇ ਉਹਨਾਂ ਨੂੰ ਸੱਦਦਾ ਹੈ)

(ਨਿੰਦਰ ਅਤੇ ਬਲਵੰਤ ਦੋਵੇਂ ਆਉਂਦੀਆਂ ਹਨ)

ਪਾਲ : (ਉੱਠ ਕੇ ਹੱਥ ਜੋੜਦਾ ਹੈ) ਸਤਿ ਸ੍ਰੀ ਅਕਾਲ ਭੈਣ ਜੀ।

ਬਲਵੰਤ : (ਹੌਲੀ ਆਵਾਜ਼ ਵਿਚ) ਸਤਿ ਸ੍ਰੀ ਅਕਾਲ ਵੀਰ ਜੀ।

ਪਾਲ : (ਬਹਿੰਦਾ ਹੋਇਆ) ਭੈਣ ਜੀ, ਆਪਾਂ ਹੁਣ ਯੂਨੀਅਨ ਬਣਾ ਈ ਦੇਈਏ। ਬੱਸ ਇਕ ਦੋ ਕੁੜੀਆਂ ਰਹਿ ਗਈਆਂ ਸਾਈਨ ਕਰਨ ਤੋਂ। ਬਾਕੀ ਸਾਰੀਆਂ ਨੇ ਤਾਂ ਹਾਂ ਕਰ ਦਿੱਤੀ ਆ। ਤੁਹਾਡਾ ਕੀ ਖ਼ਿਆਲ ਆ ਹੁਣ?

ਬਲਵੰਤ : ਦੇਖ ਲਉ। ਐਨਾਂ ਤਾਂ ਮਾੜਾ ਹੈ ਨਹੀਂ ਉਥੇ ਕੰਮ। ਬੜਾ ਸੌਖਾ ਚੱਲੀ ਈ ਜਾਂਦਾ ਆ।

ਨਿੰਦਰ : ਫਿਰ ਉਹੀ ਗੱਲ। ਮੈਂ ਤੈਨੂੰ ਕਿਚਨ 'ਚ ਵੀ ਦੱਸਦੀ ਆਈ ਆਂ। ਸਰਨੇ ਨੂੰ ਤਾਂ ਜਾਨਵਰਾਂ ਦਾ ਵੀ ਸਰੀ ਜਾਂਦਾ ਆ। ਆਪਾਂ ਤਾਂ ਬੰਦੇ ਆਂ। ਤੇ ਆਪਣਾ ਬੰਦਿਆਂ ਵਾਂਗ ਸਰਨਾ ਚਾਹੀਦਾ ਹੈ। (ਰੁਕ ਕੇ) ਕੀ ਹਾਲ ਹੈ ਉਥੇ ਆਪਣਾ? ਸਾਰਾ ਦਿਨ ਖੋਤਿਆਂ ਵਾਂਗ ਕੰਮ ਕਰ ਕਰ ਕੇ ਬਣਦਾ ਕੀ ਆ - ਦੋ ਡਾਲੇ ਘੰਟੇ ਦੇ। ਹਨੇਰੇ ਵਿਚ ਕੰਮ ਕਰ ਕਰ ਕੇ ਅੱਖਾਂ ਦਾ ਬੁਰਾ ਹਾਲ ਹੋ ਜਾਂਦਾ ਤੇ ਉਹ ਡਾਲੇ ਦਾ ਫਿਊਜ਼ ਹੋਇਆ ਬੱਲਬ ਨਹੀਂ ਬਦਲ ਸਕਦਾ। ਇਹ ਆਪੂ ਅਸੀਂ ਮਸ਼ਰੂਮ ਸਿਕਸ ਕਰੀ ਜਾਂਦੀਆਂ। ਕਿਸੇ ਦੇ ਖੁਸ਼ੀ ਦਾ ਦਿਨ ਹੋਵੇ ਜਾਂ ਸੋਗ ਦਾ- ਕੋਈ ਛੁੱਟੀ ਨਹੀਂ। ਬੀਮਾਰ ਵੀ ਹੋਣਾ ਹੋਵੇ ਤਾਂ ਤਿੰਨ ਦਿਨ ਪਹਿਲਾਂ ਦੱਸੋ। ਕੀ ਉਹ ਆਪਾਂ ਨੂੰ ਇਨਸਾਨ ਸਮਝਦਾ? ਨਹੀਂ। ਮੈਨੂੰ ਤਾਂ ਇਹ ਨਈਂ ਪਤਾ ਲੱਗਦਾ ਪਈ ਆਪਾਂ ਕਿੱਦਾਂ ਕਰੀ ਜਾਂਦੀਆਂ ਕਿ ਸਰੀ ਜਾਂਦਾ ਆ।

ਘਰ ਵਾਲਾ : ਬਈ ਨਿੰਦਰ, ਉਥੇ ਕੰਮ ਦੀਆਂ ਮੁਸ਼ਕਲਾਂ ਤਾਂ ਹੈਗੀਆਂ ਪਰ ਤੈਨੂੰ ਪਤਾ ਈ ਆ ਪਈ ਅੱਜ ਕੱਲ ਕੰਮ ਕਿਤੇ ਮਿਲਦੇ ਨਹੀਂ ਇਸ ਕਰਕੇ ਕਈ ਵਾਰੀ ਵਾਧੂ ਘਾਟੂ ਵੀ ਸਹਿਣਾ ਪੈਂਦਾ।

ਪਾਲ : ਭਾਅ ਜੀ ਆਪਾਂ ਕੰਮ ਕਰਨ ਵਾਲਿਆਂ ਲਈ ਤਾਂ ਹਾਲਤਾਂ ਹਮੇਸ਼ਾ ਏਦਾਂ ਦੀਆਂ ਹੀ ਰਹਿਣੀਆਂ। ਇਹ ਸਿਸਟਮ ਤਾਂ ਕੰਮ ਈ ਵਧੀਆ ਉਦੋਂ ਕਰਦਾ ਹੈ ਜਦੋਂ ਥੋੜ੍ਹੇ ਬਾਹਲੇ ਲੋਕ ਕੰਮ ਤੋਂ ਵਿਹਲੇ ਹੋਣ। ਇਹਦੇ ਨਾਲ ਕਸੇ 'ਜਾਬ' ਖੁੱਸਣ ਤੋਂ ਡਰਦੇ ਬਾਹਲੀਆਂ ਮੰਗਾਂ ਨਹੀਂ ਮੰਗਦੇ ਤੇ ਮਾਲਕਾਂ ਦਾ ਮੁਨਾਫ਼ਾ ਉਤਾਂਹ ਰਹਿੰਦਾ ਹੈ। ਇਸ ਕਰਕੇ ਇਹਨਾਂ ਹੀ ਹਾਲਤਾਂ ਵਿਚ ਆਪਾਂ ਨੂੰ ਘੋਲ ਕਰਨਾ ਪੈਣਾ। ਤੁਹਾਡੇ ਖਿਆਲ ਵਿਚ ਜਦੋਂ I.W.A. ਬਣੀ ਸੀ, ਉਦੋਂ ਹਾਲਤ ਬਹੁਤ ਵਧੀਆ ਸੀ। ਤੁਸੀਂ ਏਥੋਂ ਦੀਆਂ ਜਾਂ ਭਾਰਤ ਦੀਆਂ ਟਰੇਡ ਯੂਨੀਅਨਾਂ ਦਾ ਇਤਿਹਾਸ ਪੜ੍ਹੋ ਤਾਂ ਉਹ ਅੱਜ ਦੀਆਂ ਹਾਲਤਾਂ ਨਾਲੋਂ ਵੀ ਮਾੜੀਆਂ ਹਾਲਤਾਂ ਵਿਚ ਬਣੀਆਂ ਸੀ। ਤੇ ਉਹਨਾਂ ਨੂੰ ਬਣਾਉਣ ਲਈ ਹਜ਼ਾਰਾਂ ਲੋਕਾਂ ਨੇ ਆਪਣੀਆਂ ਨੌਕਰੀਆਂ ਗਵਾਈਆਂ। ਕਈਆਂ ਨੂੰ ਜੇਲ ਜਾਣਾ ਪਿਆ। ਟਰੇਡ ਯੂਨੀਅਨ ਬਣਾਉਣਾ ਆਪਣੇ ਹੱਕਾਂ ਲਈ ਲੜਨਾ ਹੈ ਤੇ ਹੱਕ ਲੈਣ ਲਈ ਹਮੇਸ਼ਾ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਗੁਰੂ ਗੋਬਿੰਦ ਸਿੰਘ ਨੇ ਹੱਕ ਅਤੇ ਸੱਚ ਦੀ ਲੜਾਈ ਲਈ ਆਪਣਾ ਸਭ ਕੁਛ ਕੁਰਬਾਨ ਕਰਕੇ ਸਾਨੂੰ ਕੁਰਬਾਨੀ ਦਾ ਰਾਹ ਨਹੀਂ ਦਿਖਾਇਆ? ਸਾਡੇ ਦੇਸ਼ ਦੇ ਹਜ਼ਾਰਾਂ ਹੀ ਸਰਜੀਵੜੇ ਬਹਾਦਰ ਹੋਏ ਹਨ ਜਿਨ੍ਹਾਂ ਨੇ ਹੱਕਾਂ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ। ਕੀ ਸਾਨੂੰ ਭਗਤ ਸਿੰਘ ਤੇ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਣਾ ਚਾਹੀਦਾ ਹੈ? ਨਹੀਂ। ਸਾਨੂੰ ਵੀ, ਅਸੀਂ ਜਿੱਥੇ ਵੀ ਹੋਈਏ, ਜਿਸ ਹਾਲਤ ਵਿਚ ਵੀ ਹੋਈਏ, ਜਿੰਨਾ ਵੀ ਕਰ ਸਕੀਏ, ਹੱਕ ਤੇ ਸੱਚ ਦੀ ਲੜਾਈ 'ਚ ਹਿੱਸਾ ਪਾਉਣਾ ਚਾਹੀਦਾ ਹੈ। ਤੇ ਫਾਰਮ ਵਿਚ ਯੂਨੀਅਨ ਬਣਾਉਣਾ ਵੀ ਇਸੇ ਵੱਡੀ ਲੜਾਈ ਦਾ ਹੀ ਹਿੱਸਾ ਹੈ। ਇਸ ਕਰਕੇ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਪਈ ਹਾਲਾਤ ਵਧੀਆ ਹੋਵਣਗੇ ਤਾਂ ਹੀ ਆਪਣੇ ਹੱਕਾਂ ਬਾਰੇ ਲੜਿਆ ਜਾ ਸਕਦਾ ਹੈ। ਜਦੋਂ ਹਾਲਾਤ ਮਾੜੇ ਹੋਣ ਤਾਂ ਉਦੋਂ ਕੁਛ ਕਰਨ ਦੀ ਸਗੋਂ ਜਿਆਦਾ ਲੋੜ ਹੁੰਦੀ ਹੈ।

(ਵਕਫ਼ਾ)

ਨਿੰਦਰ : ਕਿਉਂ ਭੈਣ ਕਿੱਦਾਂ ਮਨ ਮੰਨਦਾ ਕਿ ਨਹੀਂ?

ਬਲਵੰਤ : ਤੁਹਾਡੀਆਂ ਸਾਰੀਆਂ ਗੱਲਾਂ ਤਾਂ ਠੀਕ ਆ, ਪਰ...

(ਵਕਫ਼ਾ)

ਪਾਲ : ਭਾਅ ਜੀ, ਤੁਸੀਂ ਕਹੋ ਭੈਣ ਜੀ ਨੂੰ। ਤੁਹਾਡੇ ਕਹੇ ਤੋਂ ਬਿਨਾਂ ਨਹੀਂ ਇਹਨਾਂ ਫੈਸਲਾ ਕਰਨਾ।

ਘਰ ਵਾਲਾ : ਬਈ ਇਹਦੀ ਮਰਜ਼ੀ ਆ। ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਸਾਡੇ ਘਰ ਦੀ ਹਾਲਤ ਦਾ ਇਹਨੂੰ ਵੀ ਪਤਾ ਈ ਆ।

ਪਾਲ : ਭੈਣ ਜੀ, ਇਹਦੇ ਵਿਚ ਡਰਨ ਦੀ ਕੋਈ ਲੋੜ ਨਹੀਂ। ਡਰ 'ਕੱਲੇ ਬੰਦੇ ਨੂੰ ਹੁੰਦਾ ਆ। ਬਾਕੀਆਂ ਨੇ ਵੀ ਸਾਈਨ ਕੀਤੇ ਹੋਏ ਆ। ਸਾਰੀਆਂ ਕੁੜੀਆਂ 'ਕੱਠੀਆਂ ਹਨ। ਫਾਰਮਰ ਤੁਹਾਡਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

(ਸਾਰੇ ਜਣੇ ਉਹਦੇ ਵੱਲ ਵੇਖਦੇ ਹਨ)

ਬਲਵੰਤ : (ਰੁਕ ਕੇ, ਸੋਚ ਕੇ, ਫਿਰ ਫੁਰਤੀ ਨਾਲ ਪਾਲ ਵੱਲ ਮੁੜ ਕੇ) ਲਿਆਉ ਕਿੱਥੇ ਕਰਾਂ ਸਾਈਨ?

ਨਿੰਦਰ : ਹਾਂ, ਇਹ ਤਾਂ ਹੋਈ ਨਾ ਗੱਲ। ਹੁਣ ਕੱਲ੍ਹ ਨੂੰ ਆਪਾਂ ਉਹਨੂੰ ਦੱਸ ਦੇਵਾਂਗੇ ਵੱਡੇ ਮਾਲਕ ਨੂੰ ਕਿ ਉਹ ਸਾਡੇ ਨਾਲ ਜਾਨਵਰਾਂ ਵਾਲਾ ਵਰਤਾ ਨਹੀਂ ਕਰ ਸਕਦਾ।

• • • • • • •

# ਸੀਨ ਤੀਜਾ

(ਸਟੇਜ 'ਤੇ ਫਾਰਮਰ ਫੋਨ ਉਪਰ ਗੱਲਾਂ ਕਰ ਰਿਹਾ ਹੈ। ਉਸ ਦਾ ਮੂਡ ਬੜਾ ਖੁਸ਼, ਬੇਪਰਵਾਹ ਅਤੇ ਮਾਲਕਾਂ ਵਾਲਾ ਹੈ)

ਫਾਰਮਰ : ਉਹ ਨਹੀਂ, ਏਦਾਂ ਦੀ ਕੋਈ ਗੱਲਬਾਤ ਨਹੀਂ। ਤੁਸੀਂ ਆਇਓ ਆਪਾਂ ਬੈਠਾਂਗੇ, ਦਰਸ-ਦਰੂਸ ਪੀਵਾਂਗੇ। ਤੁਸੀਂ ਓਦਣ ਉਥੇ ਆਏ ਹੀ ਨਹੀਂ, ਬੜਾ ਫਨ-ਸ਼ੰਨ ਹੋਇਆ ਉਥੇ ਵੀ... ਬੱਸ ਹੋਰ ਠੀਕ ਠਾਕ ਆ। ਤੁਸੀਂ ਸੁਣਾਉ ਕਿਵੇਂ ਚੱਲਦਾ ਆ .. ਸਾਡਾ ਤਾਂ 'ਐਰੈਂਟ' ਹੈ। ਨਿੱਕੀ ਮੋਟੀ ਪਰਾਬਲਮ ਤੈਨੂੰ ਪਤੈ ਕੋਈ ਨਾ ਕੋਈ ਰਹਿੰਦੀ ਆ, ਪਰ ਉਦਾਂ ਓਵਰ-ਆਲ ਤਾਂ ਗੁਡ ਈ ਆ। ਓ ਕਿਤੇ ਕਿਤੇ ਕੈਸ ਵਾਲੀਆਂ ਨੂੰ ਦਬਕਾ ਮਾਰ ਛੱਡੇ ਬੰਦਾ ਤਾਂ ਠੀਕ ਰਹਿੰਦੀਆਂ। ਸਾਡੇ ਵਾਲੀਆਂ ਤਾਂ ਊਂ ਹੀ ਏਨੀਆਂ ਮਾੜੀਆਂ ਨਹੀਂ ਘੱਟ ਹੀ ਮਿਕਸਿੰਗ ਕਰਦੀਆਂ। ਉਦਾਂ ਵੀ ਉਹ ਤਾਂ ਸਾਰੀਆਂ ਬਹੁਤ ਹੀ ਸਾਊ ਆ। ਇਕ ਦੋ ਹੈਗੀਆਂ ਟਰੱਬਲ-ਮੇਕਰ, ਪਰ ਉਹਦੇ ਨਾਲ ਕੀ ਫਰਕ ਪੈਂਦਾ...

(ਇਸ ਸਮੇਂ ਬਾਹਰੋਂ ਫਾਰਮਰ ਦੇ ਦੋ ਕਾਮੇ (ਚਮਚੇ) ਬਹੁਤ ਘਬਰਾਏ ਹੋਏ ਕਾਹਲੀ ਕਾਹਲੀ ਅੰਦਰ ਆਉਂਦੇ ਹਨ। ਉਨ੍ਹਾਂ ਦੀਆਂ ਹਰਕਤਾਂ ਤੋਂ ਇੰਜ ਲੱਗਦਾ ਹੈ ਕਿ ਉਹ ਛੇਤੀ ਛੇਤੀ ਕੁਝ ਫਾਰਮਰ ਨੂੰ ਦੱਸਣਾ ਚਾਹੁੰਦੇ ਹਨ। ਉਹ ਉਨ੍ਹਾਂ ਨੂੰ ਦੇਖ ਕੇ ਕਾਹਲੀ ਨਾਲ ਫੋਨ ਰੱਖਣ ਦੀ ਕਰਦਾ ਹੈ)

ਫਾਰਮਰ : ਅੱਛਾ, ਹੁਣ ਤੁਸੀਂ ਆਇਓ ਆਪਾਂ ਬਹਿ ਕੇ ਗੱਲਾਂ ਕਰਾਂਗੇ। O.K. ਫੇਰ, ਬਾਏ! (ਫੋਨ ਰੱਖ ਦਿੰਦਾ ਹੈ, ਚਮਚਿਆਂ ਵੱਲ ਮੁੜਦਾ ਹੈ) ਤੁਸੀਂ ਦੇਖ ਤਾਂ ਲਿਆ ਕਰੋ ਆਉਣ ਲੱਗੇ। ਮੈਂ ਫੋਨ 'ਤੇ ਕਿਸੇ ਨਾਲ ਖਾਸ ਗੱਲ ਕਰਦਾ ਸੀ। ਦੋ ਮਿੰਟ ਬਾਹਰ ਨਹੀਂ ਸੀ ਅਟਕ ਸਕਦੇ।

ਕਾਮਾ ਨੰ: 1 : ਗੱਲ ਅਟਕਣ ਵਾਲੀ ਨਹੀਂ ਸੀ, ਭਾਅ ਜੀ, ਬਹੁਤ ਜ਼ਰੂਰੀ ਆ WE HAVE A VERY SERIOUS PROBLEM.

ਕਾਮਾ ਨੰ: 2 : ਤੁਹਾਡਾ ਭੈੜਾ ਬੈਠਣ ਵਾਲਾ ਭਾਅ ਜੀ, ਤੁਸੀਂ ਕਹਿੰਦੇ ਓ ਬਾਹਰ ਈ ਅਟਕ ਜਾਂਦੇ।

ਫਾਰਮਰ : ਐਨੀ ਵੀ ਕਿਹੜੀ ਗੱਲ ਹੋ ਗੀ, ਓਏ ਜਿਹੜਾ ਤੁਹਾਨੂੰ ਮੇਰਾ ਕਾਲ ਦਿਸਣ ਲੱਗ ਪਿਆ।

ਕਾਮਾ ਇਕ : ਆਪਣੇ ਫਾਰਮ ਵਿਚ ਯੂਨੀਅਨ ਬਣ ਚੱਲੀ ਆ।

ਕਾਮਾ ਦੋ : ਸਰਦਾਰੋ ਆਪਣੀ ਸਰਦਾਰੀ ਖੁੱਸ ਚੱਲੀ ਆ।

(ਫਾਰਮਰ ਹੈਰਾਨ ਹੁੰਦਾ ਹੈ। ਉਸ ਦੇ ਐਕਸ਼ਨਾਂ ਤੋਂ ਇੰਜ ਲੱਗਦਾ ਹੈ ਕਿ ਉਸਨੂੰ ਉਨ੍ਹਾਂ ਦੀ ਗੱਲ ਉਪਰ ਯਕੀਨ ਨਹੀਂ ਆ ਰਿਹਾ)

ਫਾਰਮਰ : ਯੂਨੀਅਨ? ਨਹੀਂ, ਮੈਨੂੰ ਯਕੀਨ ਨਹੀਂ ਆਉਂਦਾ। (ਚਮਚਿਆਂ ਵੱਲ ਇਸ਼ਾਰਾ ਕਰਕੇ) ਤੁਹਾਨੂੰ ਜ਼ਰੂਰ ਗਲਤ ਖ਼ਬਰ ਮਿਲੀ ਆ।

ਕਾਮਾ ਇਕ : ਨਹੀਂ, ਭਾਅ ਜੀ ਇਹ ਬਿਲਕੁਲ ਸੱਚ ਹੈ। ਮੈਨੂੰ ਯੂਨੀਅਨ ਦੇ ਇਕ ਬੰਦੇ - ਕੀ ਨਾਂ ਸੀ ਉਹਦਾ (ਸੋਚਣ ਲੱਗਦਾ ਹੈ, ਕੁੱਝ ਚਿਰ ਬਾਅਦ) ਚਲੋ ਆਪਾਂ ਨਾਂ 'ਚੋ ਕੀ ਲੈਣਾ - ਉਹ ਕਹਿੰਦਾ ਸੀ ਕਿ ਮੈਂ ਯੂਨੀਅਨ ਦਾ ਮੈਂਬਰ ਬਣ ਜਾਵਾਂ। ਨਾਲੇ ਕਹਿੰਦਾ ਸੀ ਕਿ ਬਾਕੀ ਦੀਆਂ ਸਾਰੀਆਂ ਕੁੜੀਆਂ ਤਾਂ ਪਹਿਲਾਂ ਈ ਮੈਂਬਰ ਬਣ ਗਈਆਂ ਹਨ।

ਕਾਮਾ ਦੋ : ਮੈਨੂੰ ਵੀ ਸਵੇਰੇ ਉਸ ਤਿੱਖੀ ਜਿਹੀ ਦਾ ਫੋਨ ਆਇਆ ਸੀ ਕਿ ਉਹਨੇ ਮੇਰੇ ਨਾਲ ਕੋਈ ਗੱਲ ਕਰਨੀ ਹੈ। ਤਾਂ ਆਹ ਈ ਗੱਲ ਹੋਣੀ ਆ। ਮੈਂ ਐਵੇਂ ਕੁਛ ਹੋਰ ਈ ਸਮਝੀ ਜਾਂਦਾ ਸੀ।

ਫਾਰਮਰ : ਸਮਝ ਨਹੀਂ ਆਉਂਦੀ ਏਥੇ ਉਨ੍ਹਾਂ ਨੂੰ ਕੀ ਔਖਿਆਈ ਸੀ। ਜਿਹੜੀਆਂ ਉਹ ਯੂਨੀਅਨ ਵਾਲਿਆਂ ਦੇ ਮਗਰ ਲੱਗ ਗਈਆਂ।

ਕਾਮਾ ਦੋ : ਉਹ ਜੀ ਯੂਨੀਅਨ ਵਾਲੇ ਤਾਂ ਵੱਡਿਆਂ ਵੱਡਿਆਂ ਨੂੰ ਮਗਰ ਲਾ ਲੈਂਦੇ ਆ। ਇਹ ਉਨ੍ਹਾਂ ਦਾ ਰੋਜ਼ ਦਾ ਕੰਮ ਜੁ ਹੋਇਆ।

ਕਾਮਾ ਇਕ : ਮੇਰੇ ਖਿਆਲ ਵਿਚ ਉਹ ਹੀ ਨਿੱਕੀਆਂ ਨਿੱਕੀਆਂ ਫਜ਼ੂਲ ਜਿਹੀਆਂ ਗੱਲਾਂ ਜਿਨ੍ਹਾਂ ਦਾ ਕੋਈ ਮਤਲਬ ਨਹੀਂ।

ਕਾਮਾ ਦੋ : ਨੈ ਹੁਣ ਉਹ ਵਾਸ਼ਰੂਮ ਦੀ ਗੱਲ ਹੀ ਨਹੀਂ ਛੱਡਦੀਆਂ। ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੋਵੇ, ਵਾਸ਼ਰੂਮ ਦਾ ਤੁਹਾਨੂੰ ਹੁਣ ਚੇਤਾ ਆਇਆ। ਪਿਛਲੇ ਦੋ ਸਾਲਾਂ ਤੋਂ ਤੁਸੀਂ ਬੁੱਸ਼ਾਂ 'ਚ ਜਾਂਦੀਆਂ ਸੀ। ਹੁਣ ਵੀ ਜਾਈ ਜਾਵੋ।

ਕਾਮਾ ਇਕ : ਤੂੰ ਕਦੇ ਤਾਂ ਚੱਜ ਨਾਲ ਗੱਲ ਕਰ ਲਿਆ ਕਰ। ਏਥੇ ਏਡੀ ਸੀਰੀਅਸ ਗੱਲ ਹੋ ਰਹੀ ਹੈ ਤੂੰ ਆਪਣੀਆਂ ਹੀ ਜੱਬਲੀਆਂ ਮਾਰੀ ਜਾਨਾਂ।

(ਜਦੋਂ ਇਹ ਦੋ ਕਾਮਿਆਂ ਦੀ ਗੱਲ ਹੋ ਰਹੀ ਹੈ, ਫਾਰਮਰ ਸਟੇਜ 'ਤੇ ਇਸ ਤਰਾਂ ਐਕਟਿੰਗ ਕਰਦਾ ਹੈ, ਜਿਵੇਂ ਉਹ ਕਾਹਲੀ ਕਾਹਲੀ ਕੁਝ ਸੋਚ ਰਿਹਾ ਹੈ ਅਤੇ ਕਿਸੇ ਸਿੱਟੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਫੇਰ ਕਾਮਾ ਨੰ: 2 ਨੂੰ ਸੰਬੋਧਨ ਕਰਦਾ ਹੈ)

ਫਾਰਮਰ : ਅੱਜ ਕੌਣ ਕੌਣ ਕੰਮ 'ਤੇ ਆਈਆਂ ਹਨ?

ਕਾਮਾ ਇਕ : ਤਿੰਨ ਚਾਰ ਜਣੀਆਂ ਹਨ।

ਫਾਰਮਰ : (ਕਾਮੇ ਨੰ: 2 ਨੂੰ) ਜਾਹ, ਉਨ੍ਹਾਂ ਨੂੰ ਏਥੇ ਸੱਦ ਕੇ ਲਿਆ।

ਕਾਮਾ ਨੰ: ਦੋ : ਜੋ ਹੁਕਮ ਹਜ਼ੂਰ ਦਾ। ਹੁਣੇ ਮੁਜ਼ਰਮਾਂ ਨੂੰ ਕਟਹਿਰੇ ਵਿਚ ਪੇਸ਼ ਕੀਤਾ ਜਾਵੇਗਾ। (ਉਸ ਦੀ ਐਕਟਿੰਗ ਪੁਰਾਣੇ ਰਾਜਿਆਂ ਦੇ ਚੋਬਦਾਰਾਂ ਵਰਗੀ ਹੋ ਜਾਂਦੀ ਹੈ। ਜਦੋਂ ਉਹ ਜਾਣ ਲੱਗਦਾ ਹੈ ਤਾਂ ਕਾਮਾ ਨੰ: ਇਕ ਉਸਨੂੰ ਕਹਿੰਦਾ ਹੈ)

ਕਾਮਾ ਇਕ : ਤੂੰ ਜੋਕਰਾ ਜਿਹਾ, ਕਦੇ ਤਾਂ ਅਕਲ ਦੀ ਗੱਲ ਕਰ ਲਿਆ ਕਰ। ਬੱਸ ਚੌਵੀ ਘੰਟੇ ਜੱਬਲੀਆਂ ਹੀ ਮਾਰਦਾ ਰਹਿਨਾ।

ਕਾਮਾ ਦੋ : (ਜਾਂਦਾ ਹੋਇਆ ਰੁਕ ਕੇ) ਓਏ ਅਸੀਂ ਪਿਛਲੀ ਵੀਕੇ ਇਕ ਡਰਾਮਾ ਵੇਖਿਆ ਸੀ ਮੈਂ ਕਿਹਾ ਦੋ ਡਾਇਲਾਗ ਹੀ ਬੋਲ ਲਵਾਂ। (ਉਹ ਬਾਹਰ ਨਿਕਲਣ ਲੱਗਦਾ ਹੈ ਜਦੋਂ ਫਾਰਮਰ ਬੋਲਦਾ ਹੈ)

ਫਾਰਮਰ : ਜਾ ਦਫਾ ਹੋ ਓਏ। ਜਿਹੜਾ ਤੈਨੂੰ ਕੰਮ ਕਰਨ ਲਈ ਕਿਹਾ ਉਹ ਕਰ। (ਫੇਰ ਚਮਚਾ ਨੰ: ਇਕ ਇਸ਼ਾਰਾ ਕਰਦਾ ਹੈ)

ਕਾਮਾ ਇਕ : ਇਥੇ ਯੂਨੀਅਨ ਬਣ ਚੱਲੀ ਆ 'ਤੇ ਤੈਨੂੰ ਡਰਾਮੇ ਸੁਝਦੇ ਆ।

ਫਾਰਮਰ : ਹਾਂ ਹੁਣ ਤੂੰ ਦੱਸ ਚੱਜ ਨਾਲ ਸਾਰੀ ਕਹਾਣੀ ਕੀ ਆ।

ਕਾਮਾ ਇਕ : ਯੂਨੀਅਨ ਵਾਲੇ 'ਕੱਲੇ, 'ਕੱਲੇ ਕੰਮ ਕਰਨ ਵਾਲਿਆਂ ਨਾਲ ਗੱਲਬਾਤ ਕਰਨ ਲਈ ਫੋਨ ਮਾਰਦੇ ਹਨ ਜਾਂ ਘਰ ਜਾ ਕੇ ਮਿਲਦੇ ਆ। ਇਹ ਉਹੋ ਹੀ ਬੰਦੇ ਆ ਜਿਨ੍ਹਾਂ ਨੇ 'ਐਡੀਸਨ ਫਾਰਮ' ਵਿਚ ਯੂਨੀਅਨ ਬਣਾਈ ਸੀ। ਮੇਰਾ ਖ਼ਿਆਲ ਐ ਉਨ੍ਹਾਂ ਨੇ ਕਾਫੀ ਕੁੜੀਆਂ ਤੋਂ ਸਾਈਨ ਕਰਵਾ ਲਏ ਆ।

ਫਾਰਮਰ : (ਗੁੱਸੇ ਵਿਚ) ਹੂੰਅ, ਤਾਂ ਇਹ ਗੱਲ ਆ। ਮੈਂ ਕਰਦਾਂ ਇਨ੍ਹਾਂ ਦਾ ਪ੍ਰਬੰਧ। ਬਣਾਉਂਦਾਂ ਇਨ੍ਹਾਂ ਦੀ ਯੂਨੀਅਨ। (ਫੇਰ ਫੋਨ ਕਰਨਾ ਸ਼ੁਰੂ ਕਰਦਾ ਹੈ। ਮਿੰਟ ਕੁ ਫੋਨ ਕੰਨ 'ਤੇ ਲਾਈ ਰੱਖਦਾ ਹੈ, ਪਰ ਅੱਗੋਂ ਕੋਈ ਫੋਨ ਨਹੀਂ ਚੁੱਕਦਾ। ਗੁੱਸੇ ਵਿਚ ਫੋਨ ਰੱਖ ਕੇ ਚਮਚਾ ਨੰ: ਇਕ ਨੂੰ ਸੰਬੋਧਨ ਹੁੰਦਾ ਹੈ)

ਫਾਰਮਰ : ਮਿਸਟਰ ਐਡੀਸਨ ਦੇ ਘਰ ਕੋਈ ਫੋਨ ਚੁੱਕਦਾ ਨਹੀਂ। ਉਹ ਜ਼ਰੂਰ ਫਾਰਮ ਵਿਚ ਹੋਵੇਗਾ। (ਜੇਬ ਵਿਚੋਂ ਚਾਬੀਆਂ ਕੱਢ ਕੇ) ਆਹ ਲੈ ਚਾਬੀਆਂ, ਤੂੰ ਮੇਰਾ 'ਪਿੱਕਾ' ਲੈ ਜਾ ਤੇ ਐਡੀਸਨ ਨੂੰ ਸੱਦ ਕੇ ਲਿਆ। ਉਹਨੇ ਆਪਣੇ ਫਾਰਮ ਵਿਚ ਪਿਛਲੇ ਸਾਲ ਯੂਨੀਅਨ ਤੋੜੀ ਸੀ। ਉਹਨੂੰ ਪਤਾ ਹੈ ਇਹਨਾਂ ਯੂਨੀਅਨ ਵਾਲਿਆਂ ਨਾਲ ਕਿਵੇਂ ਵਰਤੀ ਦਾ।

(ਚਮਚਾ ਨੰ: ਇਕ ਚਾਬੀਆਂ ਲੈ ਕੇ ਬਾਹਰ ਨਿਕਲ ਜਾਂਦਾ ਹੈ। ਫਾਰਮਰ ਫੇਰ ਫੋਨ ਘੁਮਾਉਂਦਾ ਹੈ ਤੇ ਗੱਲ ਕਰਦਾ ਹੈ)

ਫਾਰਮਰ : ਜਰਨੈਲ ਸਿਹੁੰ ਆ? ਕਿਦਾਂ ਬਈ ਵੱਡੇ ਭਾਈ ਕੀ ਹਾਲ ਆ। ਔਖਾ ਗੱਲ ਇਹ ਆ ਬਈ ਮੈਂ ਇਕ ਪੰਗੇ ਵਿਚ ਫਸ ਗਿਆ ਆਂ। ਸਾਲੇ ਯੂਨੀਅਨ ਵਾਲਿਆਂ ਨੇ ਨੱਕ ਵਿਚ ਦਮ ਕੀਤਾ ਪਿਆ। ਏਥੇ ਯੂਨੀਅਨ ਬਣਾਉਣ ਲੱਗੇ ਆ। ਮੈਂ ਤੈਨੂੰ ਕਹਿਣਾ ਸੀ ਬਈ ਤੂੰ ਫਾਰਮਰ ਐਸੋਸੀਏਸ਼ਨ ਦੇ ਮਿਸਟਰ ਫਰੇਜ਼ਰ ਨਾਲ ਗੱਲ ਕਰ। ਉਹਨੂੰ ਪੁੱਛ ਪਈ ਆਪਾਂ ਨੂੰ ਕੀ ਕਰਨਾ ਚਾਹੀਦਾ। ਕਰਨ ਨੂੰ ਤਾਂ ਮੈਂ ਆਪ ਕਰ ਲੈਂਦਾ, ਪਰ ਮੈਨੂੰ ਹੋਰ ਕਈ ਕੁਝ ਕਰਨਾ ਪੈਂਦਾ। ਤੈਨੂੰ ਪਤਾ ਈ ਆ ਅਜਿਹੇ ਮੌਕੇ ਕੀ ਕੁਝ ਕਰਨਾ ਪੈਂਦਾ। ਨਾਲੇ ਤੇਰੀ ਮਿਸਟਰ ਫਰੇਜ਼ਰ ਨਾਲ ਗੱਲ-ਬਾਤ ਚੰਗੀ ਆ। ਜੇ ਕਿਸੇ ਵੱਡੇ-ਵਕੀਲ ਦੀ ਲੋੜ ਹੋਈ ਤਾਂ ਉਹਨੂੰ ਕਹਿ ਦੇਵੀਂ ਉਹ ਹੀ ਕਰ ਦੇਵੇ। ਬੱਸ ਆਪਾਂ ਇੱਥੇ ਯੂਨੀਅਨ ਨਹੀਂ ਬਣਨ ਦੇਣੀ। ਹਾਂ ਸੱਚ, ਇਕ ਗੱਲ ਹੋਰ- ਮੈਨੂੰ ਏਥੇ ਫਾਰਮ ਵਿਚ ਕੁਝ ਬੰਦਿਆਂ ਦੀ ਲੋੜ ਹੈ। ਜੇ ਤੇਰੇ ਏਥੇ ਦੋ ਚਾਰ ਬੰਦੇ ਵਾਧੂ ਹੋਣ ਤਾਂ ਭੇਜ ਦੇਵੀਂ। ਹੋਰ ਵੀ ਆਲੇ ਦੁਆਲੇ ਰਿਸ਼ਤੇਦਾਰਾਂ ਵਿਚੋਂ ਜੇ ਕੋਈ ਵਿਹਲਾ ਹੋਇਆ ਤਾਂ ਉਹਨੂੰ ਪੁੱਛ ਲਵੀਂ। ਚੰਗਾ ਫਿਰ ਇਹ ਸਭ ਕੁਝ ਕਰਕੇ ਮੈਨੂੰ ਬੈਕ ਫੋਨ ਕਰੀਂ। (ਫੋਨ ਰੱਖਦਾ ਹੋਇਆ) ਇਹ ਲੈਣ ਦੇਣੀ ਦਾ ਹੋਰ ਈ ਵਖ਼ਤ ਆ ਪਿਆ।

(ਇਸ ਸਮੇਂ ਚਮਚਾ ਨੰ: 2 ਸਟੇਜ 'ਤੇ ਦਾਖਲ ਹੁੰਦਾ ਹੈ)

ਚਮਚਾ ਦੋ : ਕਿੰਨੀ ਵਾਰੀ ਕਿਹਾ ਕਿ ਆਹ ਟੋਏ ਪਏ ਆ, ਭਰ ਦੇਵੋ। ਪਰ ਕੋਈ ਨਹੀਂ ਸੁਣਦਾ। ਕਹਿ ਆਇਆ ਉਨ੍ਹਾਂ ਨੂੰ। ਕਹਿੰਦੀਆਂ ਆਉਂਦੀਆਂ। ਉਨ੍ਹਾਂ ਦੇ ਤਾਂ ਤੌਰ ਹੀ ਬਦਲੇ ਪਏ ਆ। ਅੱਗੇ ਵਾਲੀ ਤਾਂ ਗੱਲ ਈ ਨਈਂ ਕਰਦੀਆਂ।

ਫਾਰਮਰ : ਕੋਈ ਨਹੀਂ, ਮੈਂ ਕਰਦਾਂ ਉਨ੍ਹਾਂ ਦੇ ਤੌਰ ਠੀਕ। (ਰੁਕ ਕੇ) ਸੱਚ ਤੂੰ ਕਹਿੰਦਾ ਸੀ ਤੇਰੀ ਮਾਸੀ ਦਾ ਟੱਬਰ ਵਿਹਲਾ, ਕਿੰਨੇ ਜਣੇ ਆ ਉਹ?

ਚਮਚਾ ਦੋ : ਪੰਜ ਜਣੇ ਆ।

ਫਾਰਮਰ : ਜਾਹ ਕਾਰ ਲੈ ਜਾ ਤੇ ਉਹਨਾਂ ਨੂੰ ਕੰਮ ਲਈ ਚੁੱਕ ਲਿਆ। ਜੇ ਕੋਈ ਹੋਰ ਵੀ ਆਲੇ ਦੁਆਲੇ ਤੈਨੂੰ ਲੱਗੇ ਕੰਮ ਕਰਨ ਵਾਲਾ ਉਹਨੂੰ ਵੀ ਪੁੱਛ ਲਵੀਂ।

ਚਮਚਾ ਦੋ : (ਜਾਂਦਾ ਹੋਇਆ) ਲੈ ਬਈ ਆਹ ਤਾਂ ਬੜਾ ਸੂਤ ਆਇਐ। ਜਿਉਂਦੇ ਵੱਸਦੇ ਰਹੋ ਬਈ ਯੂਨੀਅਨ ਵਾਲਿਓ।

(ਫਾਰਮਰ ਫੇਰ ਫੋਨ ਘੁਮਾਉਣ ਲੱਗਦਾ ਹੈ। ਹਾਲੇ ਉਹਨੇ ਅੱਧੇ ਕੁ ਨੰਬਰ ਹੀ ਘੁਮਾਏ ਹਨ ਕਿ ਸਟੇਜ 'ਤੇ ਨਿੰਦਰ ਅਤੇ ਜਸਵੰਤ ਦਾਖਲ ਹੁੰਦੀਆਂ ਹਨ। ਫਾਰਮਰ ਉਥੇ ਹੀ ਫੋਨ ਕੱਟ ਕੇ ਉਨ੍ਹਾਂ ਵੱਲ ਵੇਖਦਾ ਹੈ)

ਫਾਰਮਰ : (ਥੋੜ੍ਹੀ ਜਿਹੀ ਹਲੀਮੀ ਨਾਲ) ਆਓ, ਅੱਛਾ ਤੁਸੀਂ ਮੈਨੂੰ ਦੱਸੋ ਕਿ ਤੁਹਾਨੂੰ ਇਥੇ ਤਕਲੀਫ਼ ਕੀ ਆ? ਮੈਨੂੰ ਪਤਾ ਲੱਗਾ ਤੁਸੀਂ ਯੂਨੀਅਨ ਬਣਾਉਣ ਲੱਗੀਆਂ। ਯੂਨੀਅਨ ਦੀ ਕੀ ਲੋੜ ਆ ਜੇ ਤੁਹਾਨੂੰ ਕੋਈ ਮੁਸ਼ਕਲ ਹੈ ਮੈਨੂੰ ਦੱਸੋ, ਆਪਾਂ ਉਹਦੇ ਬਾਰੇ ਗੱਲਬਾਤ ਕਰ ਲੈਂਦੇ ਹਾਂ।

ਨਿੰਦਰ : ਅੱਗੇ ਵੀ ਅਸੀਂ ਕਈ ਵਾਰੀ ਤੇਰੇ ਨਾਲ ਗੱਲ ਕੀਤੀ ਆ। ਪਰ ਤੂੰ ਕਦੇ ਉਸ ਵੱਲ ਧਿਆਨ ਤਾਂ ਦਿੱਤਾ ਨਹੀਂ। ਅਸੀਂ ਤੈਨੂੰ ਲਾਈਟਾਂ ਬਾਰੇ ਕਿਹਾ, ਲੰਚ-ਰੂਮ ਬਾਰੇ ਕਿਹਾ, ਕੀ ਤੂੰ ਉਸ ਵੱਲ ਕੋਈ ਧਿਆਨ ਦਿੱਤਾ?

ਜਸਵੰਤ : ਸਾਨੂੰ ਚਾਰ ਚਾਰ ਸਾਲ ਹੋ ਗਏ ਕੰਮ ਕਰਦੀਆਂ ਨੂੰ। ਪਰ ਤੂੰ ਸਾਡਾ ਕੋਈ ਪੈਸਾ ਨਹੀਂ ਵਧਾਇਆ।

ਫਾਰਮਰ : (ਪੂਰੇ ਗੁੱਸੇ ਵਿਚ) ਤੁਹਾਡਾ ਖਿਆਲ ਆ ਕਿ ਤੁਸੀਂ ਯੂਨੀਅਨ ਬਣਾ ਕੇ ਇਹ ਸਭ ਕੁਝ ਲੈ ਲਉਗੀਆਂ? (ਕੁਝ ਰੁਕ ਕੇ) ਪਰ ਯੂਨੀਅਨ ਇਥੇ ਬਣਨ ਕੀਹਨੇ ਦੇਣੀ ਆ। ਤੁਹਾਡੇ ਖਿਆਲ ਵਿਚ ਮੈਂ ਇਨਾਂ ਬੇਵਕੂਫ਼ ਹਾਂ ਕਿ ਤੁਸੀਂ ਏਥੇ ਯੂਨੀਅਨ ਬਣਾਉਂਦੀਆਂ ਫਿਰੋ ਅਤੇ ਮੈਂ ਤੁਹਾਡੇ ਵੱਲ ਵੇਖਦਾ ਰਹਾਂ? ਨਹੀਂ, ਏਦਾਂ ਨਹੀਂ ਹੋਣ ਲੱਗਾ। (ਫਿਰ ਕੁਝ ਚਿਰ ਰੁਕ ਕੇ) ਕੰਨ ਖੋਲ੍ਹ ਕੇ ਸੁਣ ਲਵੋ, ਹੁਣ ਤੋਂ ਬਾਅਦ ਤੁਸੀਂ ਮੇਰੇ ਫਾਰਮ ਵਿਚ ਕੰਮ ਨਹੀਂ ਕਰ ਸਕਦੀਆਂ। ਮੇਰੇ ਕੋਲ ਹੈ ਨਹੀਂ ਤੁਹਾਡੇ ਲਈ ਕੰਮ। (ਦੂਜੇ ਪਾਸੇ ਨੂੰ ਘੁੰਮਦਾ ਹੈ ਅਤੇ ਫਿਰ ਪਿੱਛੇ ਨੂੰ ਮੁੜਦਾ ਹੈ। ਨਿੰਦੀ ਅਤੇ ਜਸਵੰਤ ਉਥੇ ਹੀ ਖੜ੍ਹੀਆਂ ਹਨ)

ਫਾਰਮਰ : ਤੁਸੀਂ ਇਥੇ ਖੜ੍ਹੀਆਂ ਕੀ ਕਰਦੀਆਂ? ਤੁਹਾਨੂੰ ਸੁਣਿਆ ਨਹੀਂ ਮੈਂ ਕੀ ਕਿਹਾ? ਦਫ਼ਾ ਹੋ ਜਾਵੋ ਇਥੋਂ। (ਰੁਕ ਕੇ) ਉਨ੍ਹਾਂ ਦੋਹਾਂ ਨੂੰ ਵੀ ਕਹਿ ਦੇਵੇ ਬਈ ਉਹਨਾਂ ਲਈ ਵੀ ਮੇਰੇ ਕੋਲ ਕੰਮ ਨਹੀਂ।

(ਨਿੰਦਰ ਅਤੇ ਜਸਵੰਤ ਬਾਹਰ ਜਾਣ ਨੂੰ ਮੁੜਦੀਆਂ ਹਨ। ਪਿੱਛਿਉਂ ਫਾਰਮਰ ਗੁੱਸੇ ਵਿਚ ਬੋਲਦਾ ਹੈ:)

ਫਾਰਮਰ : ਹੁਣ ਯੂਨੀਅਨ ਵਾਲਿਆਂ ਦੇ ਖੇਤਾਂ 'ਚ ਹੀ ਕੰਮ ਕਰਿਉ। (ਫੇਰ ਰੁਕ ਕੇ) ਜਦੋਂ ਥੋੜ੍ਹਾ ਚਿਰ ਵਿਹਲੀਆਂ ਰਹੀਆਂ, ਫਿਰ ਆਊ ਥੋੜੀ ਸੁਰਤ ਟਿਕਾਣੇ!

(ਨਿੰਦੀ ਅਤੇ ਜਸਵੰਤ ਪਿਛਾਂਹ ਮੁੜਦੀਆਂ ਹਨ ਅਤੇ ਗੁੱਸੇ ਵਿਚ ਕਹਿੰਦੀਆਂ ਹਨ:)

ਜਸਵੰਤ : ਕੰਮ ਤਾਂ ਅਸੀਂ ਏਥੇ ਈ ਕਰਨਾ ਆ। ਪਰ ਕਰਨਾ ਸਾਹ ਅਤੇ ਇੱਜ਼ਤ ਨਾਲ ਆ।

ਨਿੰਦੀ : ਤੇਰੇ ਫਾਰਮ ਵਿਚ ਅਸੀਂ ਯੂਨੀਅਨ ਬਣਾ ਕੇ ਵਿਖਾਵਾਂਗੇ ਤੇ ਏਥੇ ਹੀ ਅਸੀਂ ਕੰਮ ਕਰਾਂਗੀਆਂ। ਤੂੰ ਦੇਖਦਾ ਤਾਂ ਜਾ ਅੱਗੇ ਹੁੰਦਾ ਕੀ ਆ।

• • • • • • •

## ਸੀਨ ਚੌਥਾ

(ਫਾਰਮ ਦੇ ਗੇਟ 'ਤੇ ਫਾਰਮ ਵਿਚ ਕੰਮ ਕਰਨ ਵਾਲਿਆਂ ਨੇ ਪਿਕਟ ਲਾਈਨ ਲਾਈ ਹੋਈ ਹੈ। ਉਹਨਾਂ ਦੇ ਹੱਥਾਂ ਵਿਚ ਨਾਅਰੇ ਲਿਖਿਆਂ ਵਾਲੇ 'ਪਲੈਕਾਰਡ' ਪਾਏ ਹੋਏ ਹਨ। ਕੁਝ ਇਕ ਨੇ ਇਹ ਪਲੈਕਾਰਡ ਗਲਾਂ ਵਿਚ ਪਾਏ ਹੋਏ ਹਨ। (ਪਾਲ ਤੇ ਇਕ ਹੋਰ) ਦੋ ਯੂਨੀਅਨ ਆਰਗੇਨਾਈਜ਼ਰ, ਨਿੰਦੀ, ਜਸਵੰਤ ਤੇ ਬਲਵੰਤ ਇਕ ਗੋਲ ਦਾਇਰੇ ਵਿਚ ਚਲਦੇ ਹੋਏ ਨਾਅਰੇ ਲਾ ਰਹੇ ਹਨ)

"ਫਾਰਮ ਵਰਕਰਜ਼ ਯੂਨੀਅਨ ਜ਼ਿੰਦਾਬਾਦ!"

"ਵੀ ਵਾਂਟ ਆਵਰ ਜਾਬਜ਼" (we want our jobs!)

"ਯੂਨੀਅਨ ਇਜ਼ ਹੀਅਰ-ਟੂ ਸਟੇ!" (Union is here to stay!)

"ਪੁਰਾਣੇ ਪਿਕਰ-ਵਾਪਸ ਲਉ!"

(ਪਾਲ ਤੇ ਇਕ ਹੋਰ) ਦੋਨੋ ਆਰਗੇਨਾਈਜ਼ਰ ਅਤੇ ਨਿੰਦੀ ਵਾਰੀ ਵਾਰੀ ਨਾਅਰੇ ਲਾਉਣ ਲਈ 'ਲੀਡ' ਕਰਦੇ ਹਨ। ਜਸਵੰਤ ਬਾਕੀਆਂ ਨਾਲ ਰਲ ਕੇ ਨਾਅਰੇ ਦਾ ਜਵਾਬ ਦਿੰਦੀ ਹੈ। ਬਲਵੰਤ ਬਿਨਾਂ ਕੁਝ ਬੋਲੇ ਉਨ੍ਹਾਂ ਦੇ ਨਾਲ ਨਾਲ ਘੁੰਮ ਰਹੀ ਹੈ। ਇਕ ਪਾਸੇ ਦੋ ਕੁੜੀਆਂ (ਦਰਸ਼ਨ ਅਤੇ ਕੁਲਵਿੰਦਰ) ਖੜ੍ਹੀਆਂ ਹਨ ਅਤੇ ਉਹਨਾਂ ਦੇ ਘੇਰੇ ਵਿਚ ਸ਼ਾਮਲ ਹੋਣ ਤੋਂ ਝਿਜਕ ਰਹੀਆਂ ਹਨ। ਨਾਅਰਿਆਂ ਦੀ ਆਵਾਜ਼ ਮੱਧਮ ਪੈਂਦੀ ਹੈ। (ਸਪਾਟ-ਲਾਈਟ, ਜੇ ਹੋਵੇ ਤਾਂ)

ਉਹਨਾਂ ਦੇ ਕੁੜੀਆਂ ਉਪਰ ਪੈਂਦੀ ਹੈ ਜੋ ਆਪਸ ਵਿਚ ਗੱਲਾਂ ਕਰ ਰਹੀਆਂ ਹਨ। (ਦਾਇਰੇ ਵਿਚ ਫਿਰਦੀਆਂ ਕੁੜੀਆਂ ਕਦੇ ਕਦੇ ਉਹਨਾਂ ਵੱਲ ਵੇਖਦੀਆਂ ਹਨ)

ਕੁਲਵਿੰਦਰ : ਹੋਈ ਨਾ ਉਹ ਹੀ ਗੱਲ, ਜਿਹੜੀ ਮੈਂ ਪਹਿਲਾਂ ਕਹਿੰਦੀ ਸੀ। ਬੜਾ ਸੌਹਣਾ ਕੰਮ ਕਰਦੀਆਂ ਕਰਦੀਆਂ ਇਸ ਪੁਆੜੇ ਵਿਚ ਆ ਫਸੀਆਂ।

ਦਰਸ਼ਨ : ਹੋਰ, ਮੈਨੂੰ ਤਾਂ ਬੜਾ ਹੋਰ ਈ ਤਰਾਂ ਲੱਗਦਾ (ਪਲੈਕਾਰਡ ਵੱਲ ਇਸ਼ਾਰਾ ਕਰਕੇ) ਇਸ ਤਰ੍ਹਾਂ ਆਹ ਗਲਾਂ 'ਚ ਪਾ ਕੇ ਖੜ੍ਹਨਾ।

ਕੁਲਵਿੰਦਰ : ਬਿਲਕੁਲ ਸਰਕਸ ਦੇ ਜੋਕਰਾਂ ਵਾਂਗ ਲੱਗਦੀਆਂ ਆਪਾਂ ਇਹਨਾਂ ਨੂੰ ਗਲਾਂ ਵਿਚ ਪਾ ਕੇ।

ਦਰਸ਼ਨ : ਹੈ ਹਾਂ ਨੀ ਜੇ ਕੋਈ ਏਥੇ ਸਾਡੇ ਘਰ ਦਾ ਜਾਂ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਦੇਖ ਕੇ ਕੀ ਕਹੇ ਭਲਾ?

ਕੁਲਵਿੰਦਰ : ਕਹਿਣਾ ਕੀ ਆ? ਦੇਖ ਕੇ ਗਾਲ੍ਹਾਂ ਈ ਕੱਢੂ, ਪਈ ਇਹਨਾਂ ਬੇਸ਼ਰਮਾਂ ਨੇ ਕਿੰਦਾ ਸ਼ਰਮ ਲਾਹੀ ਹੋਈ ਆ।

ਦਰਸ਼ਨ : ਮੈਂ ਤਾਂ ਕਦੇ ਘਰ ਵਿਚ ਉੱਚਾ ਨਹੀਂ ਬੋਲੀ ਤੇ ਏਥੇ ਕਿਦਾਂ ਉੱਚੀ ਉੱਚੀ ਨਾਅਰੇ ਲਾ ਸਕਦੀ ਆਂ?

ਕੁਲਵਿੰਦਰ : ਉੱਚੀ ਬੋਲਣ ਦਾ ਫਾਇਦਾ ਵੀ ਕੀ ਆ? ਫਾਰਮਰ ਦਾ ਕੰਮ ਤਾਂ ਚੱਲੀ ਜਾਂਦਾ ਆ। ਕੰਮ ਕਰਨ ਵਾਲੇ ਕਿੰਨੇ ਹੀ ਉਹਨੇ ਸ਼ਹਿਰ ਦੇ ਅੰਦਰ ਵਾੜੇ ਹੋਏ ਹਨ।

ਦਰਸ਼ਨ : ਉਹਦਾ ਕੰਮ ਤਾਂ ਚੱਲਦਾ ਈ ਰਹਿਣਾ। ਆਪਾਂ ਤੀਵੀਆਂ ਉਹਦੇ ਕੰਮ ਨੂੰ ਕਿਵੇਂ ਰੋਕ ਸਕਦੀਆਂ? ਆਪਣੇ ਨਾਲ ਜੇ ਅੱਧੇ-ਪਚੱਧੇ ਆਦਮੀ ਕੰਮ ਕਰਦੇ ਹੁੰਦੇ ਤਾਂ ਗੱਲ ਹੋਰ ਹੋਣੀ ਸੀ।

ਕੁਲਵਿੰਦਰ : (ਦਾਇਰੇ ਵਿਚਲੀਆਂ ਕੁੜੀਆਂ ਵੱਲ ਇਸ਼ਾਰਾ ਕਰਕੇ) ਨੀ ਉਹਨਾਂ ਵੱਲ ਵੇਖ, ਉਹ ਆਦਮੀਆਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਲੱਗਦੀਆਂ - ਦੇਖ ਤਾਂ ਸਹੀ ਕਿਵੇਂ ਮਾਰੋਮਾਰ ਕਰਦੀਆਂ ਫਿਰਦੀਆਂ।

ਦਰਸ਼ਨ : ਨੀ ਆਪਾਂ ਤੋਂ ਤਾਂ ਨਈਂ ਏਦਾਂ ਹੋਣੀ। ਅਸੀਂ ਤਾਂ ਕਦੇ ਬਿਗਾਨੇ ਆਦਮੀ ਨਾਲ ਗੱਲ ਨਹੀਂ ਕੀਤੀ ਤੇ ਇਹ ਦੇਖ ਕਿਵੇਂ ਸੰਘ ਪਾੜ ਪਾੜ ਕੇ ਲੱਗੀਆਂ।

(ਨਿੰਦਰ ਅਤੇ ਜਸਵੰਤ ਦਾਇਰੇ ਵਿਚੋਂ ਬਾਹਰ ਆਉਂਦੀਆਂ ਹਨ ਅਤੇ ਉਹਨਾਂ ਵੱਲ ਆਉਂਦੀਆਂ ਹਨ:)

ਜਸਵੰਤ : ਨੀ ਤੁਸੀਂ ਏਥੇ ਆਂਡਿਆਂ 'ਤੇ ਬੈਠੀਆਂ? ਤੁਹਾਥੋਂ ਨਹੀਂ ਔਧਰ ਸਾਡੇ ਨਾਲ ਆ ਕੇ ਰਲ ਹੁੰਦਾ?

ਨਿੰਦੀ : ਜਿਹੜੀ ਰਾਮ-ਕਹਾਣੀ ਤੁਸੀਂ ਏਧਰ ਛੇੜੀ ਆ, ਉਧਰ ਆ ਕੇ ਕਰ ਲਵੋ, ਅਸੀਂ ਵੀ ਸੁਣ ਲਈਏ।

ਕੁਲਵਿੰਦਰ : ਤੁਸੀਂ ਕਰੀ ਤਾਂ ਜਾਂਦੀਆਂ, ਹੋਰ ਅਸੀਂ ਆ ਕੇ ਕੀ ਵਾਧੂ ਕਰ ਲਵਾਂਗੀਆਂ?

ਦਰਸ਼ਨ : ਨੀ ਨਿੰਦੀ, ਮੈਨੂੰ ਤਾਂ ਸੰਗ ਈ ਬੜੀ ਆਉਂਦੀ ਆ।

ਜਸਵੰਤ : ਸੰਗ ਨੂੰ ਕੀ ਤੂੰ ਸਹੁਰੇ ਆਈ ਹੋਈ ਆਂ? ਆਹ ਤੇਰੇ ਸਾਹਮਣੇ ਅਸੀਂ ਵੀ ਨਾਅਰੇ ਮਾਰਦੀਆਂ ਫਿਰਦੀਆਂ, ਸਾਡੇ ਕਿਸੇ ਨੇ ਕੀ ਕਲੀਰੇ ਲਾਹ ਲਏ ਆ।

(ਜਦੋਂ ਜਸਵੰਤ, ਨਿੰਦੀ, ਦਰਸ਼ਨ ਅਤੇ ਕੁਲਵਿੰਦਰ ਵਿਚਕਾਰ ਗੱਲਬਾਤ ਚੱਲ ਰਹੀ ਹੁੰਦੀ ਹੈ ਤਾਂ ਬਲਵੰਤ ਦਾਇਰਾ ਛੱਡ ਕੇ ਉਨ੍ਹਾਂ ਕੋਲ ਆ ਜਾਂਦੀ ਹੈ:)

ਬਲਵੰਤ : ਨੀ ਆ ਜਾਉ। ਐਂਵੇਂ ਨਹੀਂ ਸੰਗੀਦਾ ਹੁੰਦਾ। ਉਹ ਦੇਖ ਤਾਂ, ਵਿਚਾਰੇ ਯੂਨੀਅਨ ਵਾਲੇ ਸ਼ਹਿਰ ਦਾ ਕਿੰਨਾ ਜ਼ੋਰ ਲਾਉਣ ਲੱਗੇ ਹੋਏ ਆ।

ਨਿੰਦੀ : ਇਹਦੇ ਵਿਚ ਸੰਗ ਵਾਲੀ ਕਿਹੜੀ ਗੱਲ ਆ? ਆਪਾਂ ਆਪਣੇ ਹੱਕਾਂ ਲਈ ਲੜਦੀਆਂ, ਹੱਕਾਂ ਲਈ ਲੜਨ ਵਿਚ ਕਾਹਦੀ ਸੰਗ ਜਾਂ ਡਰ। (ਉਹ ਦਰਸ਼ਨ ਨੂੰ ਬਾਹੋਂ ਫੜਕੇ ਦਾਇਰੇ ਵੱਲ ਲਿਜਾਂਦੀ ਹੈ (ਜਸਵੰਤ ਅਤੇ ਬਲਵੰਤ, ਕੁਲਵਿੰਦਰ ਨੂੰ ਬਾਹੋਂ ਫੜ ਕੇ ਘੇਰੇ ਵੱਲ ਲਿਜਾਂਦੀਆਂ ਹਨ। ਦਾਇਰਾ ਹੁਣ ਸਟੇਜ ਦੇ ਸੈਂਟਰ ਵਿਚ ਆ ਜਾਂਦਾ ਹੈ। ਪਾਲ, ਬੁੱਲ-ਹਾਰਨ ਨਾਲ ਨਾਅਰੇ ਲਾਉਣ ਲੱਗਦਾ ਹੈ। ਦਰਸ਼ਨ ਅਤੇ ਕੁਲਵਿੰਦਰ ਦਾਇਰੇ ਵਿਚ ਤੁਰਦੀਆਂ ਹਨ, ਪਰ ਅਜੇ ਖੁੱਲ੍ਹ ਕੇ ਨਾਅਰੇ ਨਹੀਂ ਲਾਉਂਦੀਆਂ। ਨਾਅਰਿਆਂ ਦਾ ਸਿਲਸਿਲਾ ਕੁਝ ਦੇਰ ਚਲਦਾ ਰਹਿੰਦਾ ਹੈ ਪਾਲ ਬੁੱਲ-ਹਾਰਨ ਨੂੰ ਮੂੰਹ ਲਾ ਕੇ ਗੀਤ ਗਾਉਂਦਾ ਹੈ:

"ਖੇਤ-ਮਜ਼ਦੂਰੋ ਤੁਸੀਂ ਘੋਲ ਵਿਚ ਆਉ ...."

ਗੀਤ ਖ਼ਤਮ ਹੋਣ 'ਤੇ ਫੇਰ ਨਾਅਰੇ ਗੂੰਜਦੇ ਹਨ ਤੇ ਇਸ ਵਾਰੀ ਸਾਰੀਆਂ ਕੁੜੀਆਂ ਉੱਚੀ ਆਵਾਜ਼ ਵਿਚ ਨਾਅਰੇ ਲਾਉਂਦੀਆਂ ਹਨ। ਫਾਰਮਰ ਤੇ ਉਸਦਾ ਚਮਚਾ ਨੰ: ਇਕ ਸਟੇਜ 'ਤੇ ਆਉਂਦੇ ਹਨ। ਉਹ ਨਾਅਰੇ ਲਾਉਂਦੀਆਂ ਕੁੜੀਆਂ ਵੱਲ ਵੇਖ ਕੇ ਹੱਸਦੇ ਹਨ)

ਫਾਰਮਰ : (ਕੁੜੀਆਂ ਨੂੰ ਸੰਬੋਧਨ ਕਰਕੇ ਹੈਂਕੜ ਭਰੀ ਆਵਾਜ਼ ਵਿਚ ਬੋਲਦਾ ਹੈ:) ਇਹ ਜਿੰਨਾਂ ਦੇ ਤੁਸੀਂ ਮਗਰ ਲੱਗੀਆਂ ਆਂ ਤੁਸੀਂ ਇਨ੍ਹਾਂ ਤੋਂ ਈ ਲਉ ਕੰਮ। ਦੇਖਾਂਗੇ ਕਿੰਨੀਆਂ ਕੁ ਸਹੂਲਤਾਂ ਅਤੇ ਪੈਸੇ ਦਿੰਦੇ ਆ ਤੁਹਾਨੂੰ।

ਕਾਮਾ ਨੰ: ਇਕ : ਦੇਖੋ ਤਾਂ ਸਹੀ ਕਿਵੇਂ ਲੱਗੀਆਂ ਨਾਅਰੇ ਤੇ ਨਾਅਰਾ ਮਾਰਨ। ਰੋਟੀ ਤਾਂ ਕੰਮ ਕਰਨ ਨਾਲ ਹੀ ਮਿਲਣੀ ਆ, ਨਾਅਰਿਆਂ ਨਾਲ ਨਹੀਂ। ਇਹ ਯੂਨੀਅਨ ਵਾਲੇ ਤਾਂ ਆਪ ਨੰਗ ਆ, ਇਹ ਤੁਹਾਨੂੰ ਕੀ ਦੇਣਗੇ। ਆਖਰ ਨੂੰ ਤਾਂ ਆ ਕੇ ਭਾਅ ਜੀ ਦੇ ਪੈਰਾਂ 'ਤੇ ਈ ਡਿੱਗਣਾ ਪੈਣਾ।

ਫਾਰਮਰ : ਉਏ ਰਹਿਣਦੇ, ਅਜੇ ਇਹਨਾਂ ਨੂੰ ਵੇਖ ਲੈਣਦੇ ਜ਼ਿੰਦਾਬਾਦ-ਮੁਰਦਾਬਾਦ ਕਰਨ ਦਾ ਨਜ਼ਾਰਾ। ਆਪਾਂ ਨੂੰ ਕੀ ਆ? ਆਪਣੇ ਲਈ ਤਾਂ ਬਿਨਾਂ-ਟਿਕਟੋਂ ਸ਼ੋਅ ਆ - 'ਰਾਮ ਨਾਲ ਖੜ੍ਹੇ ਵੇਖਦੇ ਹਾਂ। (ਕੁੜੀਆਂ ਵੱਲ ਨੂੰ ਹੱਥ ਕਰਕੇ) ਤੁਹਾਡੇ ਘਰਦਿਆਂ ਨੂੰ ਵੀ ਪਤਾ ਪਈ ਤੁਸੀਂ ਆ ਬਾਹਾਂ ਲੰਗੀਆਂ ਕਰ ਕਰ ਕੇ ਨਾਅਰੇ ਮਾਰਦੀਆਂ ਓ।

ਕਾਮਾ ਨੰ: ਇਕ : ਹਾਂ, ਉਨ੍ਹਾਂ ਨੂੰ ਇਹ ਕਾਹਨੂੰ ਦੱਸਦੀਆਂ ਕੁਛ। ਨਹੀਂ ਤਾਂ ਅਗਲੇ ਗੁਤਨੀਉਂ ਫੜਕੇ ਸਿੱਟਾਂ ਵਿਚ ਸਾਰਾ ਇਨਕਲਾਬ ਕੱਢ ਕੇ ਰੱਖ ਦੇਣ ਇਹਨਾਂ ਦਾ।

ਪਾਲ : (ਉਨ੍ਹਾਂ ਦੇ ਬਰਾਬਰ ਖੜ੍ਹ ਕੇ) ਸ੍ਰੀ ਮਾਨ ਜੀ, ਇਹ ਸਾਡੀ ਕਾਮਿਆਂ ਦੀ ਪਿਕਟ-ਲਾਈਨ ਹੈ। ਤੈਨੂੰ ਕੋਈ ਹੱਕ ਨਹੀਂ ਕਿ ਆ ਕੇ ਇਸ ਤਰਾਂ ਸਾਨੂੰ ਹੈਰਾਸ ਕਰੇਂ, ਪਰੇਸ਼ਾਨ ਕਰੇਂ। ਤੂੰ ਕਾਮਿਆਂ ਨੂੰ ਬਿਨਾਂ ਕਿਸੇ ਕਾਰਨ ਯੂਨੀਅਨ ਬਣਾਉਣ ਕਰਕੇ ਕੰਮ ਤੋਂ ਫਾਇਰ ਕੀਤਾ ਹੈ ਜੋ ਕਿ ਗ਼ੈਰ-ਕਾਨੂੰਨੀ ਹੈ। ਇਸ ਬਾਰੇ ਜੇ ਤਾਂ ਤੂੰ ਸਾਡੇ ਨਾਲ ਕੋਈ ਗੱਲਬਾਤ ਕਰਨੀ ਹੈ ਤਾਂ ਸਿੱਧੀ ਤਰ੍ਹਾਂ ਬੰਦਿਆਂ ਵਾਂਗ ਬੈਠ ਕੇ ਕਰ, ਨਹੀਂ ਤਾਂ ਇੱਜ਼ਤ ਨਾਲ ਇਥੋਂ ਚੱਲਦਾ ਬਣ ਤੇ ਨਾਲ ਹੀ ਆਪਣੇ ਚਮਚੇ ਨੂੰ ਵੀ ਲੈ ਜਾਹ।

ਫਾਰਮਰ : ਤੂੰ ਆਪਣੇ ਆਪ ਨੂੰ ਕੀ ਸਮਝਦਾਂ ਉਏ? ਤੈਨੂੰ ਪਤਾ ਤੂੰ ਗੱਲ ਕਿਥੇ ਕਰ ਰਿਹੈਂ? ਇਹ ਮੇਰੀ ਪਰਾਪਰਟੀ ਆ। ਮੈਂ ਇਥੇ ਜੋ ਮਰਜ਼ੀ ਕਰਾਂ। ਮੈਨੂੰ ਹਟਾਉਣ ਵਾਲਾ ਕਿਹੜਾ ਜੰਮਿਆ?

ਕਾਮਾ ਇਕ : ਤੇਰੀ ਕਦੀ ਬੰਦਿਆਂ ਨਾਲ ਵਾਹ ਨਹੀਂ ਪਿਆ ਲੱਗਦਾ। ਅਸੀਂ ਤਾਂ ਤੇਰੇ ਵਰਗੇ ਤੱਕਲੇ ਵਾਂਗ ਸਿੱਧੇ ਕਰ ਦੇਈਏ। ਅੱਗੇ ਬੋਲਣ ਲੱਗਾ ਆਪਣਾ ਪਜ਼ੀਸ਼ਨ ਵਿਚਾਰ ਲਈਂ, ਫੇਰ ਪਛਤਾਏਂਗਾ।

ਪਾਲ : ਸਾਡਾ ਤਾਂ ਤੁਹਾਡੇ ਵਰਗਿਆਂ ਨਾਲ ਨਿੱਤ ਵਾਹ ਪੈਂਦਾ ਆ। ਤੁਹਾਡਾ ਨਹੀਂ ਕਦੇ ਸਾਡੇ ਵਰਗਿਆਂ ਨਾਲ ਪਿਆ ਹੋਣਾ। ਬਾਕੀ ਤੇਰੀਆਂ (ਚਮਚੇ ਵੱਲ ਇਸ਼ਾਰਾ ਕਰਕੇ) ਗਿੱਦੜ ਭਬਕੀਆਂ ਨਾਲ ਤੇਰਾ ਮਾਲਕ ਤਾਂ ਭਾਵੇਂ ਖੁਸ਼ ਹੋ ਜਾਵੇ, ਪਰ ਸਾਨੂੰ ਕੋਈ ਨਹੀਂ ਫਰਕ ਪੈਂਦਾ। ਬਾਕੀ ਤੈਨੂੰ ਪਤਾ ਹੋਣਾ ਚਾਹੀਦਾ ਬਈ ਤੂੰ ਇਕ ਮਜ਼ਦੂਰ ਆਂ ਤੇ ਤੈਨੂੰ ਆਪਣੇ ਸਾਥੀ ਮਜ਼ਦੂਰਾਂ ਦਾ ਸਾਥ ਦੇਣਾ ਚਾਹੀਦਾ, ਮਾਲਕਾਂ ਦਾ ਨਹੀਂ।

ਫਾਰਮਰ : ਉਏ ਚੱਲ ਚਲੀਏ ਏਥੋਂ। ਇਹਨਾਂ ਨਾਲ ਬਹਿਸ ਕਰਨ ਦਾ ਕੀ ਫਾਇਦਾ। ਇਹ ਤਾਂ ਵਿਹਲੇ ਆ, ਇਹਨਾਂ ਨੂੰ ਤਾਂ ਵਿਹਲਿਆਂ ਨੂੰ ਖਾਣ ਨੂੰ ਮਿਲੀ ਜਾਂਦਾ। ਆਪਾਂ ਨੂੰ ਤਾਂ ਹਜ਼ਾਰ ਕੰਮ ਆ। (ਫਾਰਮਰ ਤੇ ਉਸਦਾ ਚਮਚਾ ਸਟੇਜ ਤੋਂ ਦੂਜੇ ਪਾਸੇ ਵੱਲ ਚਲੇ ਜਾਂਦੇ ਹਨ)

(ਉਹਨਾਂ ਦੇ ਜਾਣ ਬਾਅਦ ਪਾਲ ਫੇਰ ਨਾਅਰੇ ਲਾਉਂਦਾ ਹੈ)

"ਮਜ਼ਦੂਰ ਏਕਤਾ - ਜ਼ਿੰਦਾਬਾਦ!
ਆਪਣੇ ਹੱਕ - ਲੈ ਕੇ ਰਹਾਂਗੇ!!"

(ਦਰਸ਼ਨ ਤੇ ਕੁਲਵਿੰਦਰ ਘੇਰੇ ਤੋਂ ਇਕ ਪਾਸੇ ਹੋ ਕੇ ਖੜ੍ਹ ਜਾਂਦੀਆਂ ਹਨ। ਘੇਰੇ ਵਿਚ ਦੋਨੋ ਯੂਨੀਅਨ ਆਰਗੇਨਾਈਜ਼ਰ ਨਿੰਦਰ ਅਤੇ ਬਲਵੰਤ ਰਹਿ ਜਾਂਦੀਆਂ ਹਨ। ਦੂਜਾ ਯੂਨੀਅਨ ਵਾਲਾ ਉਹਨਾਂ ਦੇ ਕੋਲ ਆ ਕੇ ਕਹਿੰਦਾ ਹੈ)

ਯੂਨੀਅਨ ਵਾਲਾ: ਤੁਸੀਂ ਭੈਣ ਜੀ ਉਹਨਾਂ ਦੀਆਂ ਧਮਕੀਆਂ ਤੋਂ ਤਾਂ ਨਹੀਂ ਡਰ ਗਈਆਂ। ਆਪਾਂ ਨੂੰ ਉਹਨਾਂ ਤੋਂ ਡਰਨ ਦੀ ਲੋੜ ਨਹੀਂ। ਉਹ ਤਾਂ ਇਹੋ ਜਿਹਾ ਬਕਵਾਸ ਸਗੋਂ ਆਪਣਾ ਡਰ ਲੁਕੋਣ ਲਈ ਕਰਦੇ ਆ। ਜਿੰਨੀਆਂ ਏਦਾਂ ਦੀਆਂ ਭਬਕੀਆਂ ਜ਼ਿਆਦਾ ਮਾਰਦੇ ਆ, ਉਨਾ ਹੀ ਸਮਝ ਲਉ ਉਹ ਅੰਦਰੋਂ ਹਿੱਲੇ ਪਏ ਆ।

ਦਰਸ਼ਨ : ਨਹੀਂ ਭਾਅ ਜੀ, ਡਰਨ ਦੀ ਤਾਂ ਕੋਈ ਗੱਲ ਨਹੀਂ। ਪਰ ਜਿਸ ਤਰੀਕੇ ਨਾਲ ਉਹ ਗੱਲਾਂ ਕਰਦੇ ਆ, ਉਹ ਚੰਗਾ ਜਿਹਾ ਨਹੀਂ ਲੱਗਦਾ। ਅਸੀਂ ਤਾਂ ਸਾਰੀ ਉਮਰ ਕਿਸੇ ਤੋਂ ਆਪਣੇ ਵੱਲ ਉਂਗਲੀ ਨਹੀਂ ਕਰਾਈ।

ਕੁਲਵਿੰਦਰ : ਆਹ ਦੇਖ ਅੱਜ ਕਿੱਦਾਂ ਬੱਕੜਵਾਹ ਕਰਦੇ ਪਏ ਆ। ਅੱਗੇ ਕਦੇ ਸਾਡੇ ਨਾਲ ਉੱਚਾ ਨਹੀਂ ਸੀ ਬੋਲੇ। 'ਭੈਣ ਜੀ' ਬਿਨਾਂ ਗੱਲ ਹੀ ਨਹੀਂ ਸੀ ਕਰਦੇ।

ਪਾਲ : ਆਹ ਤਾਂ ਗੱਲ ਆ ਸਮਝਣ ਵਾਲੀ। ਉਹ ਤਾਂ ਤੁਹਾਨੂੰ ਭੈਣ ਜੀ ਇਸ ਕਰਕੇ ਨਹੀਂ ਸੀ ਕਹਿੰਦਾ ਬਈ ਉਹ ਸੱਚਮੁੱਚ ਹੀ ਤੁਹਾਨੂੰ ਭੈਣ ਸਮਝਦਾ ਸੀ। ਸਗੋਂ ਇਸ ਕਰਕੇ ਕਹਿੰਦਾ ਸੀ ਬਈ ਤੁਸੀਂ ਬਿਨਾਂ 'ਸੀ' ਕੀਤਿਆਂ, ਬਿਨਾਂ ਸ਼ਿਕਾਇਤ ਲਾਇਆਂ ਆਪਣੀ ਖੱਲ ਲੁਹਾਈ ਜਾਂਦੀਆਂ ਸੀ। ਇਸ ਸਿਸਟਮ ਵਿਚ ਮਾਲਕ ਉਹਨਾਂ ਕਾਮਿਆਂ ਨੂੰ ਭੈਣ, ਭਰਾ, ਇਥੋਂ ਤੱਕ ਕਿ ਪਿਉ ਵੀ ਬਣਾ ਲੈਂਦੇ ਹਨ। ਜਿਹੜੇ ਉਹਨਾਂ ਤੋਂ ਆਪਣੇ ਹੱਕ ਨਹੀਂ ਮੰਗਦੇ। ਪਰ ਜਦੋਂ ਹੀ ਕੋਈ ਕਾਮਾ ਆਪਣੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਉਹ ਉਹਨਾਂ ਦਾ ਸਭ ਤੋਂ ਵੱਡਾ ਦੁਸ਼ਮਣ ਬਣ ਜਾਂਦਾ ਹੈ। ਇਸ ਪੈਸਾ ਪ੍ਰਧਾਨ ਸਮਾਜ ਵਿਚ ਮਨੁੱਖੀ ਰਿਸ਼ਤਿਆਂ ਲਈ ਕੋਈ ਥਾਂ ਨਹੀਂ। ਜੇ ਉਹ ਸੱਚਮੁੱਚ ਹੀ ਤੁਹਾਨੂੰ ਭੈਣਾਂ ਸਮਝਦਾ ਹੁੰਦਾ, ਤਾਂ ਕੀ ਤੁਹਾਨੂੰ ਬੁੱਸ਼ ਵਿਚ ਵਾਸ਼ਰੂਮ ਜਾਣਾ ਪੈਂਦਾ। ਪਰ ਵਾਸ਼ਰੂਮ ਬਣਾਉਣ ਨਾਲ, ਲੰਚ-ਰੂਮ ਬਣਾਉਣ ਨਾਲ, ਵੱਧ ਤਨਖਾਹ ਦੇਣ ਨਾਲ ਉਹਦੇ ਮੁਨਾਫ਼ੇ ਨੂੰ ਸੱਟ ਵੱਜਦੀ ਹੈ ਤੇ ਮੁਨਾਫ਼ਾ ਕਮਾਉਣਾ ਹੀ ਇਸ ਸਿਸਟਮ ਵਿਚ ਸਭ ਤੋਂ ਵੱਡਾ ਧਰਮ ਹੈ। ਇਸ ਕਰਕੇ ਸਾਨੂੰ ਲੋੜ ਹੈ ਕਿ ਅਸੀਂ ਇਸ ਸਮਾਜ ਦੇ ਰਿਸ਼ਤਿਆਂ ਨੂੰ ਸਮਝੀਏ ਤੇ ਪੁਰਾਣੇ ਰਿਸ਼ਤਿਆਂ ਦੇ ਖੋਖਲੇਪਨ ਥੱਲੇ ਹੀ ਬੇਵਕੂਫ਼ ਨਾ ਬਣਦੇ ਰਹੀਏ। ਆਪਾਂ ਨੂੰ ਇਕੱਲੀਆਂ ਸਹੂਲਤਾਂ ਲਈ ਹੀ ਨਹੀਂ, ਸਗੋਂ ਮਾਲਕਾਂ ਤੋਂ ਆਪਣੀ ਇੱਜ਼ਤ ਕਰਾਉਣ ਲਈ ਵੀ ਜੱਦੋਜਹਿਦ ਕਰਨੀ ਪੈਣੀ ਹੈ। ਅਸੀਂ ਹੱਥਾਂ ਨਾਲ ਕੰਮ ਕਰਦੇ ਹਾਂ। ਇਹਨਾਂ ਫਾਰਮਾਂ ਵਿਚ, ਫੈਕਟਰੀਆਂ ਵਿਚ ਸਾਡੀ ਲੋੜ ਹੈ, ਜੇ ਅਸੀਂ ਇਕ ਮੁੱਠ ਹੋ ਕੇ ਤੁਰਾਂਗੇ ਤਾਂ ਇਹਨਾਂ ਮਾਲਕਾਂ ਨੂੰ ਸਾਡੀ ਇੱਜ਼ਤ ਕਰਨੀ ਪਊ ਤੇ ਉਹ ਇੱਜ਼ਤ ਇਹਨਾਂ ਦੀ ਫੋਕੀ 'ਭੈਣ ਜੀ', 'ਭਾਅ ਜੀ' ਦੀ ਚਾਪਲੂਸੀ ਤੋਂ ਕਿਤੇ ਵਧੀਆ ਹੋਵੇਗੀ, ਠੋਸ ਹੋਵੇਗੀ।

ਦੂਜਾ ਆਰਗੇ-ਨਾਈਜ਼ਰ : ਹਾਂ, ਇਸ ਕਰਕੇ ਆਪਾਂ ਨੂੰ ਉਹਨਾਂ ਦੀਆਂ ਗੱਲਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਜੇ ਉਹ ਸਾਡੇ ਵੱਲ ਉਂਗਲ ਕਰਦਾ ਹੈ ਤਾਂ ਸਾਨੂੰ ਡਰ ਕੇ ਸੁੰਗੜਨ ਦੀ ਲੋੜ ਨਹੀਂ। ਸਗੋਂ ਬਰਾਬਰ ਉਹਦੇ ਵੱਲ ਉਂਗਲ ਕਰਨ ਦੀ ਲੋੜ ਹੈ। ਅਸੀਂ ਉਹਦੇ ਕਿਸੇ ਤਰ੍ਹਾਂ ਵੀ ਮੁਥਾਜ ਨਹੀਂ। ਅਸੀਂ ਕੰਮ ਕਰਦੇ ਹਾਂ। ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਉਹਦੇ ਲੇਖੇ ਲਾਉਂਦੇ ਹਾਂ। ਆਪਣਾ ਖ਼ੂਨ ਪਸੀਨਾ ਇਕ ਕਰਦੇ ਹਾਂ, ਜਿਹਦੇ ਬਦਲੇ ਉਹ ਸਾਨੂੰ ਪੈਸੇ ਦਿੰਦਾ ਹੈ। ਉਹ ਸਾਡੇ 'ਤੇ ਕੋਈ ਅਹਿਸਾਨ ਨਹੀਂ ਕਰਦਾ ਸਗੋਂ ਸਾਡੀ ਕਮਾਈ 'ਤੇ ਮੁਨਾਫ਼ਾ ਕਮਾਉਂਦਾ ਹੈ। ਤੇ ਸਾਨੂੰ ਤਾਂ ਉਹ ਸਾਡੇ ਪੂਰੇ ਹੱਕ ਵੀ ਨਹੀਂ ਦਿੰਦਾ। ਅਸੀਂ ਆਪਣੇ ਜਾਇਜ਼ ਹੱਕਾਂ ਲਈ ਲੜ ਰਹੇ ਹਾਂ। ਤੇ ਜਾਇਜ਼ ਹੱਕਾਂ ਦੀ ਲੜਾਈ ਵਿਚ ਸਾਨੂੰ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਣਾ ਚਾਹੀਦਾ।

ਨਿੰਦੀ : ਨਾਲੇ ਜੇ ਆਪਾਂ ਨੂੰ ਭੈਣਾਂ ਈ ਸਮਝਦਾ ਹੁੰਦਾ ਤਾਂ ਬਿਨਾਂ ਕਾਰਨ ਸਾਨੂੰ 'ਫਾਇਰ' ਕਿਉਂ ਕਰਦਾ? ਸਾਡੇ ਨਾਲ ਗੱਲਬਾਤ ਨਾ ਕਰਦਾ? ਅਸੀਂ ਕੰਮ ਕਰਦੀਆਂ ਹਾਂ ਅਤੇ ਉਹਦੇ ਬਦਲੇ ਹੱਕ ਮੰਗਦੀਆਂ। ਹੋਰ ਸਾਡੀ ਕੋਈ ਉਹਦੇ ਨਾਲ ਜਾਤੀ ਦੁਸ਼ਮਣੀ ਨਹੀਂ। ਇਸ ਕਰਕੇ ਸਾਨੂੰ ਇਹ ਪੁੱਠੀਆਂ ਸੋਚਾਂ ਛੱਡ ਦੇਣੀਆਂ ਚਾਹੀਦੀਆਂ ਹਨ ਤੇ ਡਟ ਕੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਆ ਜਾਉ (ਸਾਰਿਆਂ ਵੱਲ ਇਸ਼ਾਰਾ ਕਰਕੇ) ਇਕ ਵਾਰ ਫਿਰ ਨਾਅਰੇ ਲਾ ਕੇ ਇਹਦੇ ਹੀ ਨਹੀਂ, ਸਾਰੀ ਦੁਨੀਆਂ ਦੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਈਏ।

(ਪੂਰੇ ਜ਼ੋਰ-ਸ਼ੋਰ ਨਾਲ ਸਾਰੇ ਰਲ ਕੇ ਨਾਅਰੇ ਲਾਉਂਦੇ ਹਨ)

"ਆਪਣੇ ਹੱਕ - ਲੈ ਕੇ ਰਹਾਂਗੇ!
WE WANT - OUR JOBS!
ਮਜ਼ਦੂਰ ਏਕਤਾ - ਜ਼ਿੰਦਾਬਾਦ!"

ਨਿੰਦਰ : ਵੀਰ ਜੀ ਤੁਸੀਂ ਵੀ ਬਾਕੀਆਂ ਨਾਲ ਲੰਚ ਕਰ ਲਉ। ਉਨਾਂ ਚਿਰ ਅਸੀਂ ਏਥੇ ਖੜ੍ਹੀਆਂ ਹੁੰਦੀਆਂ।

ਯੂਨ: ਆਰ : ਚੰਗਾ, ਡਰਨ ਦੀ ਲੋੜ ਨਹੀਂ। ਆਪਾਂ ਕਿਸੇ ਤੋਂ ਘੱਟ ਨਹੀਂ।

(ਦੋਨੋ ਯੂਨੀਅਨ ਆਰਗੇਨਾਈਜ਼ਰ ਸਟੇਜ ਤੋਂ ਬਾਹਰ ਚਲੇ ਜਾਂਦੇ ਹਨ)

(ਨਿੰਦਰ, ਕੁਲਵਿੰਦਰ ਅਤੇ ਦਰਸ਼ਨ ਸਟੇਜ ਦੇ ਇਕ ਸਿਰੇ ਤੋਂ ਦੂਜੇ ਸਿਰੇ ਵੱਲ ਤੁਰਨ ਲੱਗਦੀਆਂ ਹਨ। ਫਾਰਮਰ ਅਤੇ ਕਾਮਾ ਨੰ: 2 ਸਟੇਜ 'ਤੇ ਦਾਖਲ ਹੁੰਦੇ ਹਨ)

ਫਾਰਮਰ : ਕਿਉਂ! ਇਕੱਲੀਆਂ ਹੀ ਰਹਿ ਗਈਆਂ? ਬਾਕੀ ਕਿਧਰ ਗਏ? ਉਹ ਤੁਹਾਡੇ ਹਮਾਇਤੀ ਯੂਨੀਅਨ ਵਾਲੇ ਕਿੱਥੇ

ਆ? ਤੁਹਾਨੂੰ ਅੰਗ ਦੇ ਮੂਹਰੇ ਡਾਹ, ਵਾਚ ਗਏ ਨਾ ਪੱਤਰਾ। ਉਨ੍ਹਾਂ ਨੂੰ ਕੀ ਲੋੜ ਆ ਬਈ ਏਥੇ ਧੁੱਪੇ ਸੜਨ।

ਦਰਸ਼ਨ : ਤੇਰੇ ਲਈ ਤਾਂ ਅਸੀਂ ਇਕੱਲੀਆਂ ਈ ਬਹੁਤ ਹਾਂ। ਫਿਕਰ ਨਾ ਕਰ, ਤੇਰੇ ਸਾਰੇ ਵਲ ਅਸੀਂ ਹੀ ਕੱਢ ਦੇਣੇ ਆ। ਬਾਕੀ ਯੂਨੀਅਨ ਵਾਲਿਆਂ ਬਾਰੇ ਬਹੁਤਾ ਬਕਵਾਸ ਨਾ ਕਰ। ਸਾਨੂੰ ਉਹਨਾਂ ਬਾਰੇ ਤੇਰੇ ਨਾਲੋਂ ਜ਼ਿਆਦਾ ਪਤਾ।

ਫਾਰਮਰ : (ਸੁਆਦ ਲੈ ਕੇ) ਕਿਉਂ ਬੜਾ ਦੁੱਖ ਲੱਗਦਾ ਉਹਨਾਂ ਦਾ। ਕੀ ਲੱਗਦੇ ਤੇਰੇ? ਕੋਈ ਖਾਸ ਰਿਸ਼ਤਾ?
(ਇਸ ਗੱਲ 'ਤੇ ਕਾਮਾ 2 ਇਸ ਤਰਾਂ ਰੀਐਕਟ ਕਰਦਾ ਹੈ ਜਿਵੇਂ ਉਸਨੂੰ ਫਾਰਮਰ ਦੀ ਇਹ ਗੱਲ ਚੰਗੀ ਨਹੀਂ ਲੱਗੀ। ਉਹ ਫਾਰਮਰ ਨੂੰ ਕਹਿੰਦਾ ਹੈ:)

ਕਾਮਾ ਦੋ : ਚਲੋ ਛੱਡੋ ਭਾਅ ਜੀ, ਆਪਾਂ ਨੂੰ ਇਹਨਾਂ ਨੂੰ ਏਦਾਂ ਨਹੀਂ ਕਹਿਣਾ ਚਾਹੀਦਾ। ਫੇਰ ਵੀ ਆਪਣੇ ਨਾਲ ਏਨੇ ਸਾਲ ਕੰਮ ਕਰਦੀਆਂ ਰਹੀਆਂ।

ਫਾਰਮਰ : (ਕਾਮੇ 2 ਨੂੰ) ਚੁੱਪ ਕਰ! ਵੱਡਾ ਆਇਆ ਮੈਨੂੰ ਦੱਸਣ ਵਾਲਾ। ਮੈਂ ਜੋ ਮਰਜ਼ੀ ਕਹਾਂ ਇਹਨਾਂ ਨੂੰ? ਤੈਨੂੰ ਕਿਉਂ ਦੁੱਖ ਲੱਗਦਾ - ਤੇਰੀਆਂ ਭੈਣਾਂ ਲੱਗਦੀਆਂ ਇਹ?
(ਕਾਮਾ ਨੰ: 2 ਗੁੱਸੇ ਵਿਚ ਇਕ ਦਮ ਕੁੜੀਆਂ ਵਾਲੇ ਪਾਸੇ ਆ ਖੜ੍ਹਦਾ ਹੈ ਤੇ ਗੁੱਸੇ ਵਿਚ ਫਾਰਮਰ ਨੂੰ ਕਹਿੰਦਾ ਹੈ:)

ਕਾਮਾ ਦੋ : ਹਾਂ ਹੋ, ਮੇਰੀਆਂ ਭੈਣਾਂ ਹੀ ਲੱਗਦੀਆਂ। ਪਤਾ ਨਹੀਂ ਕਿਉਂ ਮੈਂ ਤੇਰੇ ਵਰਗੇ ਗਲਤ ਆਦਮੀ ਨਾਲ ਖੜ੍ਹਾ ਰਿਹਾ। ਹੁਣ ਕਹਿ ਤੂੰ ਕੋਈ ਗਲਤ ਗੱਲ। ਤੇਰਾ ਮੈਂ ਸਿਰ ਨਾ ਪਾੜ ਦਿਆਂ ਤੇਰਾ ਵੱਡੇ ਮਾਲਕ ਦਾ।

ਫਾਰਮਰ : (ਹੈਰਾਨ ਅਤੇ ਘਬਰਾ ਕੇ) ਅੱਛਾ, ਤਾਂ ਤੇਰੀ ਵੀ ਭੁੱਖੇ ਮਰਨ ਦੀ ਸਲਾਹ ਆ। ਕੁੱਤੇ ਨੂੰ ਖੀਰ ਨਹੀਂ ਪਚੀ। ਕੋਈ ਨੀ ਤੈਨੂੰ ਵੀ ਦੇਖ ਲਊਂਗਾ।

ਕਾਮਾ ਦੋ : ਜਾ, ਜਾ, ਜੋ ਕਰਨਾ ਕਰ ਲਵੀਂ।

ਕੁਲਵਿੰਦਰ : (ਉੱਚੀ ਆਵਾਜ਼ ਵਿਚ ਨਾਅਰਾ ਲਾਉਂਦੀ ਹੈ:)
"ਮਜ਼ਦੂਰ ਏਕਤਾ - ਜ਼ਿੰਦਾਬਾਦ!
ਮਜ਼ਦੂਰ ਏਕਤਾ - ਜ਼ਿੰਦਾਬਾਦ!
ਮਜ਼ਦੂਰ ਏਕਤਾ - ਜ਼ਿੰਦਾਬਾਦ!"
(ਇਸ ਸਮੇਂ ਦੋਨੋਂ ਆਰਗੇਨਾਈਜ਼ਰ, ਜਸਵੰਤ ਅਤੇ ਬਲਵੰਤ ਸਟੇਜ ਤੇ ਦਾਖਲ ਹੁੰਦੇ ਹਨ। ਉਹ ਆਪਣੇ ਮੂੰਹ ਅਤੇ ਹੱਥ ਪੂੰਝਦੇ ਆਉਂਦੇ ਹਨ ਜਿਸ ਤਰ੍ਹਾਂ ਰੋਟੀ ਖਾਂਦੇ ਖਾਂਦੇ ਆ ਗਏ ਹੋਣ)

ਦਰਸ਼ਨ : (ਨਾਅਰਾ ਲਾਉਂਦੀ ਹੈ:)
"ਆਪਣੇ ਹੱਕ - ਲੈ ਕੇ ਰਹਾਂਗੇ!" (ਤਿੰਨ ਵਾਰੀ)
(ਇਸ ਸਮੇਂ ਸਟੇਜ ਉਪਰ ਗੋਲ ਦਾਇਰਾ ਬਣ ਜਾਂਦਾ ਹੈ)

ਪਾਲ : (ਨਾਅਰਾ ਲਾਉਂਦਾ ਹੈ:)
"ਯੂਨੀਅਨ ਬਣਕੇ ਰਹੇਗੀ!" (ਅੱਠ ਵਾਰੀ)
(ਜਦੋਂ ਇਹ ਨਾਅਰਾ ਪੂਰੇ ਸਿਖ਼ਰ 'ਤੇ ਪਹੁੰਚ ਜਾਂਦਾ ਹੈ ਤਾਂ ਸਾਰੇ ਫਰੀਜ਼ ਹੋ ਜਾਂਦੇ ਹਨ)

• (VANCOUVER, B.C.)

# ਨਜ਼ਮਾਂ ਦੀ ਉਡੀਕ

ਇਕਬਾਲ ਰਾਮੂਵਾਲੀਆ

ਤੁਸੀਂ ਮੇਰੀਆਂ ਨਵੀਆਂ ਨਜ਼ਮਾਂ ਉਡੀਕਦੇ ਰਹੇ,
ਮੈਂ ਹੱਥਾਂ 'ਚੋਂ ਖਿਸਕਦੀ ਕਲਮ 'ਤੇ ਝੂਰਦਾ ਰਿਹਾ।

ਤੁਸੀਂ ਵੀ ਜਾਣਦੇ ਹੋ
ਕਿ ਕਲਮ ਹੱਥ ਮੰਗਦੀ ਹੈ,
ਮੱਥੇ 'ਚ ਸੁਲਘਦਾ ਸੇਕ ਮੰਗਦੀ ਹੈ।
ਮੇਰੇ ਹੱਥ ਤਾਂ ਪਰ
ਸਿਰਫ਼ ਦਸਤਾਨੇ ਹੀ ਰਹਿ ਗਏ ਨੇ
ਜਿਨ੍ਹਾਂ 'ਚੋਂ ਬਿਸਕੁਟ ਤੋਂ ਬਾਰੂਦ ਤੀਕਰ
ਹਰ ਵਸਤੂ
ਇੱਕੋ ਸਹੂਲਤ ਨਾਲ ਗੁਜ਼ਰਦੀ ਏ।
ਮੱਥੇ 'ਚ ਸੇਕ ਨਹੀਂ
ਕੂੜ ਖਚਰੇ ਸੁਪਨੇ ਸੁਲਘਦੇ ਨੇ
ਜਿਨ੍ਹਾਂ 'ਚ ਕਲਮ
'ਸੇਲ' ਦੇ ਇਸ਼ਤਿਹਾਰਾਂ ਦੇ ਵੇਰਵੇ ਹੀ ਲਿੱਖਦੀ ਏ
ਖਰਚਿਆਂ ਦੀਆਂ ਨਹੁੰਦਰਾਂ ਛਾਂਗਦੀ ਏ
ਜਾਂ ਪਿਸ਼ਾਬ ਖਾਨਿਆਂ ਦੀਆਂ ਕੰਧਾਂ ਉਤੇ
ਕੋਕ-ਸ਼ਾਸ਼ਤਰ ਚਿਤਰਦੀ ਏ;
ਨਜ਼ਮ ਵਰਗਾ ਗੁਨਾਹ ਲਿਖੀਏ
ਤਾਂ ਟੱਬਰ ਦਿਆਂ ਮੂੰਹਾਂ 'ਚ
ਬੰਜਰੀ ਵਿਛ ਜਾਂਦੀ ਏ।

ਅਸਲ ਵਿਚ ਮੇਰੇ ਤੇ ਕਲਮ ਦੇ ਵਿਚਕਾਰ
ਇਕ ਸਾਜ਼ਸ਼ ਜੁੜ ਰਹੀ ਏ:
ਹੁਣ, ਜਦੋਂ ਮੈਂ ਇਕ ਸ਼ਿਅਰ ਲਿਖ ਰਿਹਾ ਸੀ,
ਤਾਂ, ਅਖ਼ਬਾਰ ਵੇਚਕੇ ਪਰਤੀ, ਮੇਰੀ ਬੱਚੀ ਦੇ ਮੂੰਹ 'ਤੇ
ਸੜਕ ਉੱਗ ਆਈ
ਜਿਦ੍ਹੇ ਉੱਤੇ ਸਿੱਕਿਆਂ ਦੀ ਡਾਰ ਦੇ ਪਿੱਛੇ
ਇਕ ਭੀੜ ਅਨ੍ਹੇਵਾਹ ਦੌੜ ਰਹੀ ਏ।
ਮੇਰੇ ਲਈ ਇਹ ਇੱਕ ਮੁਸ਼ਕਿਲ ਫੈਸਲਾ ਹੈ
ਕਿ ਟੱਬਰ ਦੇ ਮੂੰਹਾਂ ਤੋਂ ਸੜਕਾਂ ਉਖੇੜਾਂ
ਜਾਂ ਕਲਮ ਨੂੰ ਚਿੰਘੜਕੇ
ਬੰਜਰੀ ਹੇਠਾਂ ਦਬ ਜਾਵਾਂ।
ਤੇ ਇਵੇਂ ਹੀ
ਮੈਂ ਹੱਥਾਂ 'ਚੋਂ ਖਿਸਕਦੀ ਕਲਮ 'ਤੇ ਝੂਰਦਾ ਰਿਹਾ
ਤੇ ਤੁਸੀਂ ਮੇਰੀਆਂ ਨਵੀਆਂ ਨਜ਼ਮਾਂ ਉਡੀਕਦੇ ਰਹੇ।

('ਕੂੜ ਵੀ ਨਹੀਂ' ਵਿਚੋਂ)

• (TORONTO, ONTARIO)

# ਵੰਡ ਛਕਣੇ

ਅਵਤਾਰ ਗਿੱਲ

ਬੜੀ ਦੇਰ ਤੋਂ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੀ ਦੁਬਾਰਾ ਚੋਣ ਕਰਾਉਣ ਦੀ ਨਾ ਤਾਂ ਲੋੜ ਹੀ ਪਈ ਸੀ ਅਤੇ ਨਾ ਹੀ ਕਿਸੇ ਨੇ ਮੰਗ ਕੀਤੀ ਸੀ। ਗਿਣਤੀ ਮਿਣਤੀ ਦੇ ਉਹੋ ਹੀ ਮੋਹਰੀ ਘਸੇ ਹੋਏ ਟਾਇਰਾਂ ਵਾਂਗ ਚਲੀ ਆਉਂਦੇ ਸਨ। ਹਿਸਾਬ ਕਿਤਾਬ ਵਿਚ ਵੀ ਕਦੇ ਕੋਈ ਟਪਲਾ ਨਹੀਂ ਸੀ ਲੱਗਿਆ। ਬੜੇ ਅਮਨ ਚੈਨ ਨਾਲ ਵਕਤ ਗੁਜ਼ਰ ਰਿਹਾ ਸੀ। ਨਾ ਵਾਹੱਲੇ, ਨਾ ਕੁੱਤੀ ਭੌਂਕੇ ......

ਤੇ ਫਿਰ ਭਾਈਚਾਰੇ ਦੇ ਇਕ ਦੋਂਹ ਖੁਫ਼ਤਰਬਾਜ਼ਾਂ ਨੇ ਸੁੰਘਦਿਆਂ-ਸੁੰਘਦਿਆਂ ਸੂਹ ਕੱਢ ਹੀ ਲਈ ਕਿ ਚੜ੍ਹਾਵੇ ਦਾ ਕਾਫ਼ੀ ਨਾਮਾ ਬੈਂਕ 'ਚ ਪਿਆ ਹੈ ਅਤੇ ਉਪਰੋਂ ਹਰੇਕ ਹਫ਼ਤੇ ਕੁਝ ਨਾ ਕੁਝ ਬਰਕਤ ਹੋਈ ਜਾਂਦੀ ਹੈ। ਮਾਇਆ ਮੋਹ ਦੀ ਸੜ੍ਹਿਆਂਦ ਜਦੋਂ ਮਗਜ਼ ਨੂੰ ਜਾ ਚੜ੍ਹੀ, ਉਹ ਦਿਨੇ ਰਾਤ ਉਪਰਾਮ ਰਹਿਣ ਲੱਗ ਪਏ।------ ਤੇ ਅਖੀਰ ਉਨ੍ਹਾਂ ਗੁਰੂ ਘਰ ਦੇ ਰਸਭਿੰਨੇ ਵਾਯੂਮੰਡਲ ਵਿਚ 'ਚੋਣਾਂ' ਦਾ ਰੌਲ਼ਾ ਪਾ ਦਿੱਤਾ। ਗਰਮੋ-ਗਰਮ ਬਿਆਨ ਖੜ੍ਹੱਪੇ ਸੱਪਾਂ ਵਾਂਗ ਸੰਗਤਾਂ ਨੂੰ ਡੰਗਣ ਲਗ ਪਏ।--------

ਕੇਸਾਧਾਰੀ ਅਤੇ ਸਹਿਜਧਾਰੀ ਸਿੰਘ ਤਾਂ ਚਾਹੁੰਦੇ ਸਨ ਕਿ ਸੰਗਤ ਵਿਚੋਂ ਪੰਜ-ਸੱਤ ਚੀਦੇ ਸੱਜਣਾਂ ਨੂੰ ਮੋਹਰੀ ਥਾਪ ਕੇ ਗੱਡੀ ਰਿੜ੍ਹਦੀ ਰੱਖ ਲਈ ਜਾਵੇ ਪਰ ਮਾਇਆਧਾਰੀ ਸਿੰਘਾਂ ਨੇ ਦੋ ਹੱਥ ਕਰਨ ਦੀ ਪਹਿਲਾਂ ਹੀ ਠਾਣੀ ਹੋਈ ਸੀ। ਇਲੈਕਸ਼ਨਾਂ ਦਾ ਪਿੜ ਬੱਝ ਗਿਆ। 'ਯੋਧੇ' ਕਮਰਕੱਸੇ ਕਰਕੇ ਮੈਦਾਨ 'ਚ ਆ ਗੱਜੇ। ਪਹਿਲਾਂ ਘੋਲ ਪ੍ਰਧਾਨਗੀ ਲਈ ਸੀ - ਭਲੇ ਭਾਅ ਨਿਤਾਰਾ ਹੋ ਗਿਆ। ਦੂਜਾ ਸਕੱਤਰੀ ਵਾਲਾ ਵੀ ਥੋੜ੍ਹੀ ਜਿਹੀ ਨਰਮੀ-ਗਰਮੀ ਤੋਂ ਬਾਦ ਸਿਰੇ ਚੜ੍ਹ ਗਿਆ।---------

ਖਜ਼ਾਨਚੀ ਦੀ ਆਸਾਮੀ ਲਈ ਖੜ੍ਹੇ ਦੋਹਾਂ ਖੁਲਾਟੀਏ ਸਿੰਘਾਂ ਨੇ ਉਠਦਿਆਂ ਹੀ ਚੂੰਜ-ਪੌਂਚੇ ਫਸਾ ਲਏ। ਤੂੰ ਤੂੰ, ਮੈਂ ਮੈਂ, ਤੇ ਫਿਰ ਬੋਲ ਕਬੋਲ। ਜਥੇਦਾਰ ਬਥੇਰਾ ਅੱਡੀਆਂ ਚੁੱਕ ਚੁੱਕ ਮਾਈਕ ਵਿਚ ਚੀਕਿਆ ਪਰ ਮਾਇਆਧਾਰੀ ਸਿੰਘਾਂ ਦਾ ਦਾਰੂ ਸਿੱਕੇ ਨਾਲ ਲੈਸ ਟੋਲਾ ਬਰਸਾਤ ਮਹੀਨੇ ਡੂਤਰੇ ਹੋਏ ਸੀਂਢਿਆਂ ਵਾਂਗ ਖੌਰੂ ਪਾਉਣੋ ਨਾ ਹੱਟਿਆ।

ਅਕਲਵਾਂਦ ਹੋ ਕੇ ਇਕ ਬਜ਼ੁਰਗ ਉਠਿਆ ਅਤੇ ਦੋਵੇਂ ਹੱਥ ਜੋੜ ਕੇ ਪਿੱਟ ਪਿਆ, "ਓ ਗੁਰਮੁਖੋ ਪਿਆਰਿਓ! ਸਤਿਗੁਰਾਂ ਦੇ ਦੁਲਾਰਿਓ! ਹੋਸ਼ ਕਰੋ, ਸ਼ਰਮ ਕਰੋ, ਸੰਤੋਖੋ----- ਸ਼ਾਂਤੀ ਵਰਤਾਓ, ਮਿਹਰਾਂ ਦੇ ਘਰ ਆਓ; ਸਿੰਗ ਨਾ ਫਸਾਓ। ਬਾਬਿਆਂ ਫੁਰਮਾਇਆ ਹੈ; ਕਿਰਤ ਕਰੋ, ਨਾਮ ਜਪੋ, ਵੰਡ ਛਕੋ---------"

ਆਹੋ, ਆਹੋ, ਵੰਡ ਛਕੋ, ਇਹੋ ਤਾਂ ਅਸੀਂ ਆਹਨੇ ਆਂ ਪਰ ਔਹ ਬੋਡਾ ਬੱਪੜ ਸੂੰਹ ਖਜ਼ਾਨਚੀ, ਕੱਲਾ ਈ ਛਕੀ ਜਾਂਦਾ ਐ-----।" ਬਲੈਕ ਰੰਮ ਨਾਲ ਲਾਲੋ ਲਾਲ ਹੋਏ ਇਕ ਸਿੰਘ ਦੇ ਤੜਾਸ ਛੱਡਣ ਦੀ ਦੇਰ ਸੀ, ਖੰਡਾ ਖੜਕ ਪਿਆ। 'ਬਲਕਾਰੀ ਯੋਧੇ' ਰਣ ਵਿਚ ਆ ਨਿੱਤਰੇ।

ਸਿਰ ਮੂੰਹ ਬਚਾ ਕੇ ਸੰਗਤਾਂ ਖਿਸਕਣ ਲੱਗ ਪਈਆਂ। • (SHERWOOD PARK, ALBRERTA)




**RED FORT INSURANCE SERVICES**

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

**HARJIT JUDGE**

BUS. 463-9523 RES. 462-2371

Let me look after all your Insurance Needs:

PERSONAL: Fire, Auto, Motor, Tenant Package

LIFE INSURANCE: Mortgage, Disability and Accident & Sickness.

COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.



**Millwoods Hair Stylists (Unisex)**

SPECIALIZED IN:
i) Haircut ii) Blow Dry iii) Colour
iv) Perms v) Henna vi) French Braids

PHONE:
**DARSHAN DHILLON**
FOR APPOINTMENT (463-5012)

# ਮਜਬੂਰੀ

ਤੇਜ ਸੰਧੂ "ਸਮਾਧਵੀ"

ਦੋਹੇ ਭਤੀਜੇ ਅਤੇ ਚਾਚਾ ਰਲਕੇ ਸ਼ਰਾਬ ਪੀਂਦੇ, ਤਿੰਨੇ ਹੀ ਬੋਤਲ-ਬੋਤਲ ਦੇ ਗਾਹਕ, ਜੇ ਕਦੀ ਇੰਨਾ ਤਿੰਨਾਂ ਵਿਚੋਂ ਕੱਲੇ-ਕੈਰੇ ਨੂੰ ਪਾਸੇ ਪੀਣੀ ਪੈ ਜਾਂਦੀ ਤਾਂ ਉਹ ਬਾਕੀ ਦੋਹਾਂ ਨੂੰ ਜ਼ਰੂਰ ਮਿੱਸ ਕਰਦਾ। ਜੇ ਕੋਈ ਇਨ੍ਹਾਂ ਨੂੰ ਪਾਰਟੀ ਤੇ ਇਨਵਾਈਟ ਕਰਦਾ ਤਾਂ ਸੱਦਣ ਵਾਲੇ ਨੂੰ ਇਨ੍ਹਾਂ ਤਿੰਨਾਂ ਲਈ ਹੀ ਪੰਜ ਚਾਰ ਬੋਤਲਾਂ ਦਾ ਪ੍ਰਬੰਧ ਕਰਨਾ ਪੈਂਦਾ। ਅਗਲੇ ਨੂੰ ਪਤਾ ਹੁੰਦਾ ਸੀ ਕਿ ਪਾਰਟੀ ਵਗੈਰਾ ਤੇ ਤਾਂ ਇਹ ਆਮ ਹੀ ਬੋਤਲੋਂ ਟੱਪ ਜਾਂਦੇ ਹਨ। ਮਾੜੇ ਦਾ ਤਾਂ ਹੀਆ ਹੀ ਨਹੀਂ ਪੈਂਦਾ ਸੀ ਕਿ ਪਾਰਟੀ ਤੇ ਸੱਦੇ। ਪਰ ਫਿਰ ਵੀ ਇਹ ਸੈਚਰਡੇ-ਸੰਡੇ ਕਿਸੇ ਨਾ ਕਿਸੇ ਘਰੇ ਪਾਰਟੀ ਆਦਿ ਦੇ ਚੱਕਰ ਵਿਚ ਬਿਜ਼ੀ ਰਹਿੰਦੇ, ਜੇ ਕਿਸੇ ਦੇ ਨਾ ਗਏ ਹੁੰਦੇ ਤਾਂ ਫਿਰ ਇੰਨਾਂ ਦੇ ਘਰ ਕਿਸੇ ਆਏ ਗਏ ਨਾਲ ਪਾਰਟੀ ਚਲਦੀ।

ਇਨ੍ਹਾਂ ਤਿੰਨਾਂ ਵਿਚ ਇਕੋ ਹੀ ਵੱਡੀ ਸਿਫ਼ਤ ਸੀ ਕਿ ਸ਼ਰਾਬ ਪੀ ਕੇ ਟਿੱਚਰ ਮਸ਼ਕਰੀ ਬਥੇਰੀ ਕਰਦੇ ਪਰ ਕਿਸੇ ਨੂੰ ਮਾੜਾ ਚੰਗਾ ਜਾਂ ਕਿਸੇ ਦਾ ਦਿਲ ਨਾ ਦੁਖਾਉਂਦੇ। ਇੰਨ੍ਹਾਂ ਦਾ ਆਪਦਾ ਪਿੰਡ ਅਤੇ ਹੋਰ ਦੋ ਗੁਆਂਢੀ ਪਿੰਡ ਇਥੇ ਕਨੇਡਾ ਵਿਚ ਸਾਰੇ ਦੇ ਸਾਰੇ ਆਏ ਹੋਏ ਸਨ। ਮਗਰ ਦੇਸ਼ ਇੰਨਾਂ ਪਿੰਡਾਂ ਵਿਚ ਗੁਆੜਾਂ ਦੇ ਗੁਆੜ ਹੀ ਖਾਲੀ ਪਏ ਸਨ। ਕੋਈ ਕੋਈ ਬੁੱਢਾ-ਠੇਰਾ ਕਿਸੇ ਘਰ ਵਿਚ ਹੁੰਦਾ ਪਰ ਉਹਦੇ ਵੀ ਮੁੰਡੇ ਕੁੜੀਆਂ ਇਧਰ ਰਹਿੰਦੇ ਸਨ। ਆਪਦੇ ਜ਼ਿਲ੍ਹੇ ਵਿਚੋਂ ਇਹੋ ਤਿੰਨੇ ਪਿੰਡ ਹੀ ਕਨੇਡਾ ਆਉਣ ਵਿਚ ਮੋਢੀ ਸਨ। ਤਿੰਨਾਂ ਪਿੰਡਾਂ ਦਾ ਜ਼ਿਆਦਾ ਕਰਕੇ ਇਕੋ ਹੀ ਗੋਤ, ਵੱਡ ਵਡੇਰਿਆਂ ਵਲੋਂ ਇਕੋ ਹੀ ਪੀੜ੍ਹੀ ਮੰਨੀ ਜਾਂਦੀ ਸੀ। ਸਾਰੇ ਪਿੰਡ ਵਾਲਿਆਂ ਨਾਲ ਹੀ ਇੰਨ੍ਹਾਂ ਦਾ ਚੰਗਾ ਮਿਲਵਰਤਣ ਸੀ। ਵਾਹ ਲਗਦੀ ਕੋਈ ਇੰਨ੍ਹਾਂ ਨੂੰ ਮਾੜਾ ਨਹੀਂ ਕਹਿੰਦਾ ਸੀ।

ਹੁਣ ਚਾਚੇ ਦੀ ਉਮਰ ਕਾਫ਼ੀ ਸੀ ਪਰ ਉਹ ਪਿਛਲੇ ਦਸਾਂ ਸਾਲਾਂ ਤੋਂ ਰੀਟਾਇਰ ਹੋ ਕੇ ਪਿੰਨਸਨ ਲੈ ਰਿਹਾ ਸੀ। ਚਾਚੇ ਦੇ ਦੋ ਮੁੰਡੇ ਸਨ ਵੱਡਾ ਤਾਂ ਇਥੇ ਹੀ ਆਪਦੇ ਪ੍ਰੀਵਾਰ ਨਾਲ ਰਹਿੰਦਾ ਸੀ, ਵੱਡੇ ਮੁੰਡੇ ਦਾ ਸਾਰਾ ਪ੍ਰੀਵਾਰ ਹੀ ਸ਼ਰਾਬ ਤੋਂ ਕੋਹਾਂ ਦੂਰ ਰਹਿਣ ਵਾਲਾ ਅਤੇ ਗੁਰੂ ਘਰ ਦਾ ਪ੍ਰੇਮੀ ਸੀ। ਉਨ੍ਹਾਂ ਦਾ ਘਰ ਇੰਨ੍ਹਾਂ ਦੇ ਨੇੜੇ ਹੀ ਸੀ। ਚਾਚੇ ਦਾ ਛੋਟਾ ਮੁੰਡਾ ਅਤੇ ਨੂੰਹ ਦੇਸ਼ ਰਹਿੰਦੇ ਸਨ, ਪਹਿਲਾਂ ਉਹ ਵੀ ਇਥੇ ਹੀ ਰਹਿੰਦਾ ਸੀ, ਕਹਿੰਦੇ ਸ਼ਰਾਬ ਦਾ ਉਹ ਵੀ ਪੂਰਾ ਪਿਆਕੜ ਸੀ। ਚਾਚੇ ਦਾ ਆਪਦਾ ਪ੍ਰੀਵਾਰ ਪੂਰਾ ਸੈਟਲ ਸੀ। ਵਿਜ਼ਿਟਰਾਂ ਵੇਲੇ ਚਾਚੇ ਨੇ ਆਪਦੇ ਵੱਡੇ ਭਰਾ ਦੇ ਇਹੋ ਦੋਹੇਂ ਮੁੰਡੇ ਸੱਦ ਕੇ, ਹੇਠ-ਉਤਾ ਕਰਕੇ ਪੱਕੀ ਕਰਵਾ ਦਿੱਤੇ ਸਨ। ਇਸੇ ਕਰਕੇ ਦੋਵੇਂ ਚਾਚੇ ਦੇ ਰਿਣੀ ਸਨ, ਚਾਚੇ ਦੇ ਸੁਭਾਅ ਨੂੰ ਦੇਖ ਕੇ ਇਹੋ ਦੋਵੇਂ ਹੀ ਸ਼ਰਾਬ ਦੇ ਵਹਿਣ ਵਿੱਚ ਵਹਿਣਾ ਸ਼ੁਰੂ ਹੋ ਗਏ, ਇਸੇ ਕਰਕੇ ਹੀ ਚਾਚੇ ਨੇ ਆਪਣੇ ਪ੍ਰੀਵਾਰ ਦੀ ਨਾ ਪ੍ਰਵਾਹ ਕਰਦੇ ਹੋਏ ਇੰਨ੍ਹਾਂ ਨਾਲ ਰਹਿਣਾ ਹੀ ਸ਼ੁਰੂ ਕਰ ਦਿੱਤਾ। ਦੋਹੇਂ ਭਤੀਜਿਆਂ ਨੇ ਵਿਆਹ ਵੀ ਕਰਵਾ ਲਿਆ। ਦੋਹੇ ਭਤੀਜ-ਨੂੰਹਾਂ ਬਾਬਾ ਜੀ-ਬਾਬਾ ਜੀ ਕਹਿੰਦੀਆਂ ਨਾ ਥੱਕਦੀਆਂ। ਚਾਚੇ ਦੇ ਦੋਹੇ ਭਤੀਜੇ ਸਵੇਰੇ ਉਠ ਕੇ ਮਿੱਲ ਵਿਚ ਕੰਮ ਕਰਨ ਚਲੇ ਜਾਂਦੇ ਤਾਂ ਚਾਚਾ ਮਗਰੋਂ ਆਪਣੇ ਛੋਟੇ ਛੋਟੇ ਪੋਤੇ ਪੋਤੀਆਂ ਨਾਲ ਦਿਲ ਪਰਚਾਉਂਦਾ ਰਹਿੰਦਾ।

ਜਦੋਂ ਸਾਢੇ ਚਾਰ ਵੱਜਣ ਵਾਲੇ ਹੋ ਜਾਂਦੇ ਤਾਂ ਚਾਚਾ ਉਠ ਕੇ ਬਾਹਰ ਬਿੜਕਾ ਲੈਣ ਲੱਗ ਜਾਂਦਾ, ਮਨ ਵਿਚ ਇਹੋ ਹੀ ਸੋਚਦਾ ਕਿ ਕਦੋਂ ਭਤੀਜੇ ਆਉਣਗੇ ਅਤੇ ਕਦੋਂ ਅਸੀਂ ਚੱਕੀ ਝੋਵਾਂਗੇ। ਦੂਰੋਂ ਹੀ ਭਤੀਜਿਆਂ ਦੀ ਕਾਰ ਆਉਂਦੀ ਦੇਖ ਕੇ ਚਾਚੇ ਦੇ ਮੂੰਹ ਤੇ ਲਾਲੀਆਂ ਆਉਣ ਲੱਗ ਪੈਂਦੀਆਂ। ਵੀਕਡੇਜ਼ ਵਿਚ ਭਤੀਜੇ ਤਾਂ ਪਊਆ-ਪਊਆ ਹੀ ਲਾਉਂਦੇ, ਪਰ ਚਾਚਾ ਆਪਦੀ ਡਿਗਰੀ ਪੂਰੀ ਕਰਕੇ ਹੀ ਸਾਹ ਲੈਂਦਾ। ਨਸ਼ਾ-ਪਾਣੀ ਪੀ ਕੇ ਵੱਡੇ ਭਤੀਜੇ ਨੂੰ ਸ਼ਿਵਾ ਦੀ ਬੂਟੀ ਲਾਉਣ ਦੀ ਆਦਤ ਅਤੇ ਚਾਚੇ ਨੂੰ ਸਿਗਰਟ ਬੱਤੀ ਪੀਣ ਦੀ ਬਿਮਾਰੀ ਸੀ। ਛੋਟਾ ਭਤੀਜਾ ਦੋਹੇਂ ਹੀ ਚੀਜ਼ਾਂ ਵਰਤ ਲੈਂਦਾ ਪਰ ਕਦੀ ਕਦੀ ਮਹੀਨੇ ਖੰਡ ਮਗਰੋਂ।

ਸ਼ਰਾਬ ਪੀ ਕੇ ਇਹ ਤਿੱਖੜੀ ਪਾਖੰਡੀ ਸਾਧਾਂ ਸੰਤਾਂ ਨੂੰ ਬਹੁਤ ਪੈਂਦੀ, ਕੋਈ ਭੇਖੀ ਸਾਧ ਸੰਤ ਇਨ੍ਹਾਂ ਦੀਆਂ ਗਾਲ੍ਹਾਂ ਤੋਂ ਬਚਦਾ (ਹਾਲਾਂ ਕਿ ਚਾਚਾ ਦਾ ਵੱਡਾ ਮੁੰਡਾ ਇੰਨ੍ਹਾਂ ਨੂੰ ਕਈ ਵਾਰੀ ਟੋਕਦਾ ਕਿ ਐਵੇਂ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਕਰੀਦੀ) ਇਕ ਸਾਧ ਨੂੰ ਤਾਂ ਇਹ ਲੰਮੀ ਹੱਥੀ ਲੈਂਦੇ, ਕੰਜਰ ਦੇ ਸਾਧ ਨੇ ਤਾਂ ਨਿਆਈਂ ਵਾਲੇ ਖੇਤ ਵਾਂਗ ਕਨੇਡਾ ਨੂੰ ਸਮਝਿਆ ਹੋਇਆ, ਛੇ ਮਹੀਨੇ ਇਥੇ ਤੇ ਛੇ ਮਹੀਨੇ ਦੇਸ਼ ਲਾਉਂਦਾ ਹੈ। ਪਤਾ ਨਹੀਂ ਸਾਲੇ ਸੰਡੇ ਨੇ ਲੋਕਾਂ ਤੇ ਕੀ ਜਾਦੂ ਪਾਇਆ ਹੋਇਆ, ਕਈ ਤਾਂ ਇੰਨੇ ਅੰਨੇ ਹੋ ਕੇ ਮਗਰ ਲੱਗੇ ਹੋਏ ਹਨ, ਉਨ੍ਹਾਂ ਦੇ ਕੋਲੇ ਖੜੀਆਂ ਉਨ੍ਹਾਂ ਦੀਆਂ ਤੀਵੀਂਆਂ ਉਸ ਕੰਜਰ ਠੇਠਰ ਸਾਧ ਦੀਆਂ ਲੱਤਾਂ ਘੁੱਟਦੀਆਂ ਹਨ। ਪਖੰਡੀ ਅਤੇ ਲੋਟੂ ਸਾਧਾਂ ਦੀ ਇਹੋ ਬਣਾ ਕੇ ਭੰਡੀ ਲਾਉਂਦੇ ਪਰ ਦੂਸਰੇ ਪਾਸੇ "ਪਹੁੰਚੇ" ਹੋਏ ਸਾਧੂ-ਸੰਤਾਂ ਦੀਆਂ ਇਹੋ ਸਿਫਤਾਂ ਵੀ ਕਰਦੇ। ਸਮਾਂ ਲੰਘਦਾ ਗਿਆ ਇਨ੍ਹਾਂ ਦਾ ਦੌਰ ਵੀ ਇਸੇ ਤਰ੍ਹਾਂ ਹੀ ਚਲਦਾ ਰਿਹਾ।

ਕਹਿੰਦੇ ਹਨ ਕਿ ਜਦੋਂ ਕਿਸੇ ਆਦਮੀ ਵਿਚ ਪ੍ਰੀਵਰਤਨ ਆਉਂਦਾ ਹੈ ਤਾਂ ਮਾਮੂਲੀ ਜਹੀ ਕੋਈ ਗੱਲ ਹੀ ਉਹਦੇ ਜੀਵਨ ਵਿਚ ਪਲਟਾ ਦੇ ਜਾਂਦੀ ਹੈ। ਪਲਟਾ ਤਾਂ ਜ਼ਰੂਰ ਆ ਜਾਂਦਾ ਹੈ ਪਰ ਜੇ ਇਹ ਜੜ੍ਹਾਂ ਡੂੰਘੀਆਂ ਨਾ ਲੱਗਣ ਤਾਂ ਦੁਵਾਰਾ ਉਖੜਣ ਦਾ ਡਰ ਹੀ ਰਹਿੰਦਾ ਹੈ। ਇੰਨਾਂ ਦਾ ਦੂਰੋਂ ਨੇੜਿਉਂ ਇਕ ਰਿਸ਼ਤੇਦਾਰ ਅੰਮ੍ਰਿਤ ਛਕ ਕੇ ਨਵਾਂ ਨਵਾਂ "ਸਿੰਘ ਸਜਿਆ ਸੀ, ਉਹ ਅੰਮ੍ਰਿਤ ਛਕਣ ਤੋਂ ਪਹਿਲਾਂ ਇੰਨਾਂ ਦੇ ਸ਼ਾਹੀ ਦੌਰ ਵਿਚ ਆਮ ਸ਼ਾਮਲ ਹੁੰਦਾ ਹੀ ਰਹਿੰਦਾ ਸੀ। ਉਸ ਸ਼ਰਾਬ ਦੇ ਉਲਟ ਆਮ ਪ੍ਰਚਾਰ ਇੰਨਾਂ ਤੇ ਸ਼ੁਰੂ ਕਰ ਦਿੱਤਾ। ਉਹ ਆਮ ਕੱਟੜ ਸਿੰਘਾਂ ਵਾਂਗ ਇਹ ਨਹੀਂ ਸੋਚਦਾ ਸੀ ਕਿ ਸ਼ਰਾਬ ਪੀਣ ਵਾਲਿਆਂ ਨਾਲ ਗੱਲ ਬਾਤ ਨਹੀਂ ਕਰਨੀ, ਉਹ ਹਮੇਸ਼ਾ ਇਹੋ ਹੀ ਕਹਿੰਦਾ ਕਿ ਜੇ ਅਸੀਂ ਸ਼ਰਾਬੀਆਂ ਨਾਲ ਗੱਲ ਬਾਤ ਹੀ ਨਾ ਕਰਾਂਗੇ ਤਾਂ ਅਸੀਂ ਉਨ੍ਹਾਂ ਨੂੰ ਸ਼ਰਾਬ ਦੇ ਨਰਕ ਵਿਚੋਂ ਕਿਸ ਤਰ੍ਹਾਂ ਕੱਢ ਸਕਦੇ ਹਾਂ। ਜੇ ਅਸੀਂ ਇਹ ਨਹੀਂ ਕਰਦੇ ਤਾਂ ਸਿੱਖ ਧਰਮ ਕਿਸ ਤਰ੍ਹਾਂ ਵੱਧੇਗਾ। ਉਸ "ਸਿੰਘ" ਨੇ ਦੂਜੇ ਚੌਥੇ ਇਨ੍ਹਾਂ ਦੇ ਘਰ ਆ ਕੇ ਸਿੱਖ ਧਰਮ ਦੀ ਮਹੱਤਤਾ ਅਤੇ ਸ਼ਰਾਬ ਦੀਆਂ ਬੁਰਾਈਆਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ।

ਸ਼ਰਾਬ ਨੇ ਦੋਹੇ ਭਤੀਜਿਆਂ ਨੂੰ ਕਾਫ਼ੀ ਹੱਦ ਤਕ ਤਕ ਸੁੱਟ ਲਿਆ ਸੀ ਉਨ੍ਹਾਂ ਦੇ ਨਾਲ ਦੇ ਕੰਮ ਕਰਨ ਵਾਲੇ ਸਾਰੀ ਦਿਹਾੜੀ ਹੱਸੂ ਹੱਸੂ ਕਰਦੇ ਰਹਿੰਦੇ, ਪਰ ਇਹ ਦੋਵੇਂ ਮਰੇ ਕੁੱਤੇ ਵਾਂਗ ਮਰ ਕੇ ਦਿਹਾੜੀ ਲਾਉਂਦੇ, ਮਨ ਦੇ ਵਿਚ ਕਈ ਵਾਰ ਧਾਰ ਕੇ ਛੱਡ ਦੇਣੀ ਐ ਪਰ ਆਥਣ ਆਉਂਦੇ ਹੀ ਇਕ ਦੋ ਪੈੱਗ ਲਾ ਕੇ ਸਾਰਾ ਪਛੇਵਾਂ ਭੁੱਲ ਜਾਂਦੇ। ਪਰ ਹੌਲੀ ਹੌਲੀ ਪੰਜ ਚਾਰ ਮਹੀਨਿਆਂ ਵਿਚ "ਸਿੰਘ" ਦਾ ਅਸਰ ਇੰਨ੍ਹਾਂ ਤੇ ਹੋਣਾ ਸ਼ੁਰੂ ਹੋ ਗਿਆ। ਆਮ ਸੁਣਨ ਤੇ ਪੜ੍ਹਨ ਵਿਚ ਆਇਆ ਹੈ ਕਿ ਜੇ ਹਰ ਰੋਜ਼ ਕਿਸੇ ਆਦਮੀ ਤੇ

ਬਾਰ ਬਾਰ ਇਕੋ ਗੱਲ ਦਾ ਜ਼ਿਕਰ ਕੀਤਾ ਜਾਵੇ ਤਾਂ ਪੱਥਰ ਦਿਲ ਆਦਮੀ ਵੀ ਪਿਘਲ ਕੇ ਦੂਸਰੇ ਵਲ ਖਿਚਿਆ ਜਾਂਦਾ ਹੈ। ਅਖੀਰ ਇਸ ਵਿਚ "ਸਿੰਘ" (ਕੁਝ ਚਾਚੇ ਦੇ ਦੂਸਰੇ ਪਰਿਵਾਰ ਦਾ ਅਸਰ ਗੱਲੀਂ ਗੱਲੀਂ ਉਹ ਵੀ ਇਨ੍ਹਾਂ ਨੂੰ ਪ੍ਰੇਰਦਾ ਰਹਿੰਦਾ ਸੀ) ਦਾ ਇਸ ਤਿੱਖੜੀ 'ਤੇ ਐਸਾ ਅਸਰ ਪਿਆ, ਉਨ੍ਹਾਂ ਨੇ ਇੰਨਾਂ ਨੂੰ ਅੰਮ੍ਰਿਤ ਛਕਣ ਲਈ (ਪਰ ਅਜੇ ਜੜ੍ਹਾਂ ਪੱਕੀਆਂ ਨਹੀਂ ਹੋਈਆਂ ਸਨ) ਤਿਆਰ ਕਰ ਲਿਆ। ਸਬੱਬੀ ਅਗਲੇ ਮਹੀਨੇ ਹੀ ਵਿਸਾਖੀ ਦੇ ਜੋੜ ਮੇਲੇ ਤੇ ਵੈਨਕੋਵਰ ਦੇ ਵੱਡੇ ਗੁਰਦੁਆਰੇ ਵਿਚ ਅੰਮ੍ਰਿਤ ਛਕਾਇਆ ਜਾਂਦਾ ਸੀ। ਇਕ ਮਹੀਨਾ ਪਹਿਲਾਂ ਇਨ੍ਹਾਂ ਨੇ ਦਾੜ੍ਹੀ-ਕੇਸ ਰਖ ਲਏ ਸਨ ਅਤੇ ਅੱਜ "ਸਿੰਘ" ਦੀ ਹੀ ਕਾਰ ਵਿਚ ਖਾਲਸਾਈ ਬਾਣੇ ਵਿਚ ਇਹ ਵੈਨਕੂਵਰ ਨੂੰ ਜਾ ਰਹੇ ਸਨ।

ਗੁਰਦੁਆਰੇ ਪਹੁੰਚ ਕੇ ਗੁਰੂ ਮਹਾਰਾਜ ਨੂੰ ਨਮਸਕਾਰ ਕੀਤੀ ਅਤੇ ਪਿਛਲੀਆਂ ਭੁਲਾਂ ਨੂੰ ਬਖਸ਼ਾਉਣ ਲਈ ਬੇਨਤੀਆਂ ਕੀਤੀਆਂ। ਜਦ ਵਾਪਸ ਆ ਰਹੇ ਸਨ ਤਾਂ ਤਿੰਨੇ ਹੀ ਕਿਸੇ ਖੁਸ਼ੀ ਵਿੱਚ ਝੂਮ ਰਹੇ ਸਨ ਅਤੇ ਬਾਰ ਬਾਰ ਕਹਿ ਰਹੇ ਸਨ ਜਨਮ ਗੁਆਇਆ, ਐਵੇਂ ਭੁਲੇ ਹੀ ਰਹੇ ਗੁਰੂ ਵਾਲੇ ਤਾ ਅਜ ਬਣੇ ਹਾਂ ਪਹਿਲਾਂ ਤਾਂ ਬੇ-ਅਰਥਾ ਹੀ ਜਨਮ ਗੁਆਇਆ। ਆਮ ਪਬਲਿਕ ਵਿਚ ਇਨ੍ਹਾਂ ਦੀ ਬੱਲੇ ਬੱਲੇ ਹੋ ਗਈ ਜਿਹੜਾ ਵੀ ਕੋਈ ਮਿਲੇ ਇਹੋ ਹੀ ਕਹੇ ਧੰਨ ਹੋ! ਧੰਨ ਹੋ!! ਸ਼ਰਾਬਾਂ ਵੀ ਰੱਜ ਕੇ ਪੀਤੀਆਂ ਜਦ ਸਿੱਖੀ ਬਾਣੇ ਵਿਚ ਆਏ ਤਾਂ ਪੂਰੇ ਨੌ-ਬਰ-ਨੌ ਸਾਰੀਆਂ ਗੰਦੀਆਂ ਕੁਰਹਿਤਾਂ ਛੱਡ ਕੇ। ਅੱਗੋਂ ਇਹ ਵੀ ਨਿਮ੍ਰਤਾ ਨਾਲ ਪੇਸ਼ ਆਉਂਦੇ ਜਿਵੇਂ ਬੋਲ ਵਿਚ ਮਿਸਰੀ ਘੋਲੀ ਹੋਵੇ। ਅੱਜ ਤੋਂ ਦੋ ਮਹੀਨੇ ਪਹਿਲਾਂ ਜੋ ਇਨਾਂ ਦੇ ਮੂੰਹੋ ਸਾਲੇ- ਕੰਜਰ ਵਰਗੇ ਮਾੜੇ ਲਫ਼ਜ਼ ਨਿਕਲਦੇ ਸਨ ਅਜ ਉਹੋ ਹੀ ਲਫ਼ਜ਼ "ਭਾਈ ਗੁਰਮੁਖਾ" "ਭਾਈ ਸਿਖਾ" ਆਦਿ ਵਿਚ ਬਦਲ ਗਏ।

ਆਥਣ ਸਵੇਰੇ ਘਰ ਵਿਚ ਬਾਣੀ ਦਾ ਪ੍ਰਵਾਹ ਚਲਦਾ, ਚਾਚੇ ਦੀਆਂ ਭਤੀਜ-ਨੂੰਹਾਂ ਨੇ ਵੀ ਅੰਮ੍ਰਿਤ ਛਕ ਲਿਆ ਸੀ। ਭਤੀਜੇ ਸਵੇਰੇ ਉਠਦੇ, ਇਸ਼ਨਾਨ ਪਾਣੀ ਕਰਦੇ, ਸੁਖਮਨੀ ਸਾਹਿਬ ਦਾ ਪਾਠ ਕਰਦੇ ਕੰਮਾਂ ਤੇ ਜਾਂਦੇ। ਆਥਣੇ ਸਾਰਾ ਟੱਬਰ ਲਿਵਿੰਗ ਰੂਮ ਵਿਚ ਬੈਠ ਕੇ ਰਹਿਰਾਸ- ਸਾਹਿਬ ਦਾ ਪਾਠ ਕਰਦੇ। ਹਰ ਐਤਵਾਰ ਸਾਰਾ ਪਰਿਵਾਰ ਗੁਰਦੁਆਰੇ ਜਾ ਕੇ ਭਜਨ ਬਾਣੀ ਸੁਣਦੇ, ਸਤਿ ਸੰਗ ਕਰਦੇ ਸ਼ਰਧਾ ਮੁਤਾਬਕ ਦਾਨ ਵੀ ਦਿੰਦੇ ਅਤੇ ਗੁਰੂ ਮਹਾਰਾਜ ਦਾ ਲੰਗਰ ਵੀ ਛਕ ਕੇ ਆਉਂਦੇ। ਲੰਗਰ ਛੱਕਣ ਵੇਲੇ ਜੇ ਕੋਈ ਵਰਤਾਵਾ ਭੁਲ ਭੁਲੇਖੇ ਕਹਿ ਬਹਿੰਦਾ "ਰੋਟੀ ਹੋਰ ਰੱਖਾਂ ਜੀ" ਤਾਂ ਇਹ ਅੱਗੋਂ ਬੜੇ ਪਿਆਰ ਨਾਲ ਉਸਨੂੰ ਸਮਝਾਉਂਦੇ ਨਾ ਭਾਈ ਗੁਰੂ ਦਿਆ ਪਿਆਰਿਆ ਰੋਟੀ ਤਾਂ ਘਰੈ ਵਰਤਦੀ ਐ। ਇਥੇ ਤਾਂ ਗੁਰੂ ਦਾ ਲੰਗਰ ਚਲਦਾ ਰੋਟੀ ਦੀ ਬਜਾਏ ਪ੍ਰਸ਼ਾਦਾ ਕਿਹਾ ਕਰੋ ਭਾਈ। ਇਕ ਹੋਰ ਨਵੇਂ ਸਿੰਘ ਸਜੇ ਦੀ ਆਉਣੀ ਜਾਣੀ ਇਨ੍ਹਾਂ ਦੇ ਘਰ ਹੋ ਗਈ, ਇਕ ਦਿਨ ਕਹਿ ਕਹਾ ਕੇ ਉਸਨੇ ਟੀ.ਵੀ. ਇਨ੍ਹਾਂ ਦੇ ਘਰੋਂ ਚਕਵਾ ਦਿੱਤੀ ਅੱਖੇ ਟੀ.ਵੀ. ਵਿਚ ਮੀਟ ਦੀ ਐਡਵਰਟਾਈਜਮੈਂਟ ਆਉਂਦੀ ਹੈ। ਘਰ ਦੇ ਨਿਆਣੇ ਟੀ.ਵੀ. ਦੇਖਣੀ ਚਾਹੁੰਦੇ ਸਨ ਪਰ ਇਨ੍ਹਾਂ ਨੇ ਸਤਿ-ਬਚਨ ਕਹਿ ਕੇ ਉਸ ਸਿੰਘ ਦੀ ਆਖੀ ਪੁਗਾ ਦਿਤੀ।

ਢਾਈ ਤਿੰਨ ਕੁ ਸਾਲ ਇਹੋ ਘਰ "ਕਰਨੀ ਤੇ ਕਹਿਣੀ" ਦੇ ਪੂਰੇ ਸਿੱਖ ਬਣੇ ਰਹੇ। ਪਰ ਰੱਬ ਦੀ ਮਰਜ਼ੀ ਹੌਲੀ ਹੌਲੀ ਚਾਚੇ ਦੀ ਸਿੱਖੀ (ਜੜ੍ਹਾਂ ਪੱਕੀਆਂ ਤੇ ਡੂੰਘੀਆਂ ਨਾ ਹੋਣ ਕਰਕੇ ਹਿੱਲਣੀਆਂ ਸ਼ੁਰੂ ਹੋ ਗਈਆਂ) ਵਿਚ ਥੋੜ੍ਹੀ ਥੋੜ੍ਹੀ ਤਰੇੜ ਆਉਣੀ ਸ਼ੁਰੂ ਹੋ ਗਈ। ਉਹ ਗੱਲੀਂ ਗੱਲੀਂ ਕਹਿਣ ਲੱਗ ਪਿਆ, ਕਿਥੋਂ ਯਾਰ ਇਹ ਮਗਰਲੀ ਉਮਰੇ ਪੰਗਾ ਪਾ ਲਿਆ, ਬੜੇ ਸੋਹਣੇ ਸੀ ਐਵੇਂ ਇਨਾ ਬਣੀਆ (ਭਤੀਜਿਆਂ ਨੂੰ) ਅਤੇ "ਸਿੰਘ" ਦੇ ਮਗਰ ਲੱਗ ਕੇ "ਦਾੜ੍ਹੀ ਵਾਲਾ ਰੁੱਖ ਜਿਹਾ" ਮੂੰਹ ਤੇ ਉੱਗਾ ਲਿਆ। ਕਛਹਿਰੇ ਨੂੰ ਕਹਿਣਾ ਕਿ ਕਿਥੋਂ "ਬੋਰਾ" ਜਿਹਾ ਪਾ ਲਿਆ ਪੈਂਟ ਵਿਚ ਚੰਗੀ ਤਰ੍ਹਾਂ ਠੀਕ ਵੀ ਨਹੀਂ ਆਉਂਦਾ। ਚਾਚਾ ਇਹ ਗੱਲਾਂ ਆਮ ਨਹੀਂ ਕਹਿੰਦਾ ਸੀ ਸਿਰਫ਼ ਦੋ-ਚੌਂਹ ਪੁਰਾਣੇ ਨਜ਼ਦੀਕੀ ਬੇਲੀਆਂ ਕੋਲ ਦਿਲ ਦੀ ਭਾਫ਼ ਕੱਢਦਾ। ਕੁਦਰਤੀ ਗਲ ਸੀ ਭਤੀਜਿਆਂ ਤੇ ਵੀ ਅਸਰ ਹੋਣ ਲੱਗ ਪਿਆ, ਵੱਡਾ ਭਤੀਜਾ ਤਾਂ ਠੀਕ ਰਿਹਾ ਪਰ ਛੋਟੇ ਤੇ ਕਾਫੀ ਉਲਟ ਅਸਰ ਸ਼ੁਰੂ ਹੋ ਗਿਆ।

ਇਕ ਦਿਨ ਗੁਰਦੁਆਰੇ ਕੋਈ ਪ੍ਰੋਗ੍ਰਾਮ ਸੀ, ਦੇਸ਼ੋ ਆਏ ਕਿਸੇ ਕੀਰਤਨੀ ਜਥੇ ਦਾ ਦੀਵਾਨ ਲੱਗਣਾ ਸੀ। ਚਾਚਾ ਅਤੇ ਛੋਟਾ ਭਤੀਜਾ ਵੀ ਗੁਰਦੁਆਰੇ ਦੀਵਾਨ ਸੁਨਣ ਗਏ ਅਤੇ ਮੱਥਾ ਟੇਕ ਮਗਰਲੀ ਕੰਧ ਨਾਲ ਢੋਅ ਲਾ ਕੇ ਬੈਠ ਗਏ। ਕੀਰਤਨੀ ਜਥੇ ਨੇ ਆਪਣਾ ਪ੍ਰਸੰਗ ਸ਼ੁਰੂ ਕੀਤਾ ਅਤੇ ਪ੍ਰਸੰਗ ਚਲਦਾ ਚਲਦਾ ਦਸਵੇਂ ਪਾਤਿਸ਼ਾਹਿ ਦੇ ਬਾਜ਼ ਤੇ ਆ ਗਿਆ। ਕੀਰਤਨੀ ਜਥੇ ਨੇ ਕਾਫ਼ੀ ਵਿਆਖਿਆ ਕਰਕੇ ਦੱਸਿਆ ਕੇ ਸਤਿਗੁਰੂ ਦਾ ਬਾਜ਼ ਲੜਾਈ ਦੇ ਮੌਕੇ ਸੂਹੀਏ ਦਾ ਕੰਮ ਕਰਦਾ ਸੀ, ਉਹਨੇ ਪਤਾ ਲਾ ਰੱਖਣਾ ਕਿ ਦੁਸ਼ਮਣ ਦੀ ਫੌਜ ਕਿਧਰਲੇ ਪਾਸਿਉਂ ਕਮਜ਼ੋਰ ਹੈ, ਗੁਰੂ ਜੀ ਦੀ ਫੌਜ ਨੂੰ ਕਿਧਰਲੇ ਪਾਸਿਉਂ ਦੁਸ਼ਮਣ ਤੇ ਹੱਲਾ ਬੋਲਣਾ ਠੀਕ ਰਹੇਗਾ। ਕਲਗੀਆਂ ਦੇ ਮਾਲਕ ਸਤਿਗੁਰ ਸੱਚੇ ਪਾਤਿਸ਼ਾਹ ਬਾਜ਼ ਦੇ ਹਰ ਇਸ਼ਾਰੇ ਨੂੰ ਸਮਝਦੇ ਸਨ। ਇਸ ਕਰਕੇ ਇਹ ਅਟੱਲ ਸਚਾਈ ਹੈ ਕਿ ਗੁਰੂ ਜੀ ਦੇ ਪੰਜ ਪੰਜ ਸਿੰਘ ਵੈਰੀ ਦੇ ਸੈਂਕੜੇ ਸਿਪਾਹੀਆਂ ਦਾ ਮੁਕਾਬਲਾ ਕਰ ਲੈਂਦੇ ਸਨ। ਗੱਲ ਅਖੀਰੀ ਬਾਜ਼ ਦੀ ਖੁਰਾਕ ਤੇ ਆ ਗਈ ਕੀਰਤਨੀ ਜੱਥੇ ਨੇ ਦੱਸਿਆ ਕਿ ਉਹ ਹਮੇਸ਼ਾ "ਕੁਹਕਾ" ਪ੍ਰਸ਼ਾਦ ਛਕਦਾ ਸੀ।

ਚਾਚੇ ਤੋਂ ਮਗਰ ਬੈਠੇ ਤੋਂ ਰਿਹਾ ਨਾ ਗਿਆ ਹੌਲੀ ਦੇਣੀ ਆਪਣੇ ਭਤੀਜੇ ਨੂੰ ਕਹਿੰਦਾ ਕਿ ਇਹ ਐਵੇਂ ਮਾਰੀ ਜਾਂਦੇ ਐ, ਇਨ੍ਹਾਂ ਦਾ ਪਿਉ ਬਾਜ਼ ਲਈ 'ਕੁਹਕਾ' ਬਣਾ ਕੇ ਆਉਂਦਾ ਸੀ ਜਿਹੜਾ ਹੋਇਆ ਈ ਬਾਜ਼ ਉਹ "ਮਹਾਂ-ਪ੍ਰਸ਼ਾਦ" ਤੋਂ ਬਿਨਾਂ ਕਿਵੇਂ ਰਹਿ ਸਕਦਾ ਹੈ। ਹਮੇਸ਼ਾ ਤਾਂ ਉਸ ਨੇ ਜੰਗਾਂ ਦੇ ਦੌਰ ਵਿਚ ਰਹਿਣਾ ਹੁੰਦਾ ਸੀ। ਗੱਲ ਭਤੀਜੇ ਦੇ ਵੀ ਦਿਲ ਲੱਗ ਗਈ, ਚਾਚਾ! ਜੇ ਗੁਰੂ ਜੀ ਦਾ ਬਾਜ਼ ਮਹਾਂ ਪ੍ਰਸ਼ਾਦ ਛਕਦਾ ਸੀ ਤਾਂ ਆਪਣੇ ਲਈ ਕੀ ਗੁਨਾਂਹ ਹੈ। ਕੀਰਤਨ ਖਤਮ ਹੋਇਆ ਇਹ ਦੋਨੇ ਜਾਣੇ ਮਹਾਂਰਾਜ ਨੂੰ ਨਮਸਕਾਰ ਕਰਕੇ ਥੱਲੇ ਬੇਸਮਿੰਟ ਵਿਚ ਲੰਗਰ ਛੱਕਣ ਬੈਠ ਗਏ। ਲੰਗਰ ਛਕਦਿਆਂ ਤੋਂ ਇਕ ਹੋਰ ਨਾਲ ਬੈਠੇ ਸਿੰਘ ਨਾਲ "ਬਾਜ਼" ਦੀ ਖੁਰਾਕ ਬਾਰੇ ਵਿਚਾਰ ਵਟਾਂਦਰਾ ਹੋਇਆ ਤਾਂ ਉਸ ਨੇ ਵੀ ਦੱਸਿਆ ਕਿ ਹਾਂ ਭਾਈ ਬਾਜ਼ ਸਭ ਕੁਝ ਛਕ ਲੈਂਦਾ ਸੀ। ਦਸਵੇਂ ਪਾਤਸ਼ਾਹਿ ਨੇ ਕਿਸੇ ਨੂੰ ਮਨਾਂ ਨਹੀਂ ਕੀਤਾ ਇਸੇ ਕਰਕੇ ਕਈ ਥਾਈਂ ਅੰਮ੍ਰਿਤ ਛਕਾਉਣ ਮੌਕੇ ਕਹਿ ਦਿੰਦੇ ਹਨ ਭਾਈ ਮੀਟ ਛਕ ਸਕਦੇ ਹੋ ਪਰ ਇਕੋ ਹੀ ਸ਼ਰਤ ਹੈ ਸਿਰਫ਼ ਝਟਕੇ ਦਾ ਮੀਟ ਹੋਵੇ।

ਚਾਚਾ ਭਤੀਜਾ ਗੁਰਦੁਆਰਿਓਂ ਘਰੇ ਆਏ ਅੱਜ ਵਾਲੀ ਸਾਖੀ ਦਾ ਸਾਰ ਅੰਸ਼ ਚਾਚੇ ਨੇ ਦੂਸਰੇ ਭਤੀਜੇ ਨੂੰ ਵੀ ਸੁਣਾਇਆ ਪਰ ਉਹ ਮੀਟ ਖਾਣ ਲਈ ਬਿਲਕੁਲ ਨਾ ਤਿਆਰ ਹੋਇਆ। ਛੋਟੇ ਭਤੀਜੇ ਅਤੇ ਚਾਚੇ ਦੇ ਤਾਂ ਮੀਟ ਖਾਣ ਵਾਲੀ ਗਲ ਖ਼ਾਨੇ ਹੀ ਬੈਠ ਗਈ। ਉਨ੍ਹਾਂ ਦੋਹਾਂ ਨੇ ਸੋਚਿਆ ਕਿ ਘਰੇ ਬਣਾਉਣ ਨਾਲ ਤਾਂ ਸ਼ਾਇਦ ਕਲੇਸ਼ ਪਵੇਗਾ, ਚਲੋ ਜਦ ਜੀਅ ਕੀਤਿਆ ਕਰੂ ਬਾਹਰੋਂ ਕਨਟੱਕੀ ਫ਼ਰਾਈਡ ਚਿਕਨ ਲੈ ਕੇ ਛਕ ਲਿਆ ਕਰਾਂਗੇ। ਹੁਣ ਤਾਂ ਜੇ ਉਹ ਕਿਸੇ ਨਾਲ ਗੱਲ ਵੀ ਕਰਦੇ ਤਾਂ ਇਹੋ ਸਾਖੀ ਸੁਣਾ ਕੇ ਅਗਲੇ ਦੀ ਤਸੱਲੀ ਕਰਾ ਦਿੰਦੇ। ਭਤੀਜਾ ਤਾਂ ਇਥੋਂ ਤੀਕ ਵੀ ਕਹਿ ਦਿੰਦਾ ਤੁਸੀਂ ਕਿਵੇਂ ਸਮਝ ਲਉ ਜਾਂ ਤਾਂ ਇਉਂ ਸਮਝ ਲਓ ਕਿ ਅਸੀਂ ਮੀਟ ਖਾਣ ਲਈ ਐਵੇਂ ਮੱਲੋ ਮੱਲੀ ਦਾ ਐਕ-

-ਸਕਿਊਜ਼ ਭਾਲ ਲਿਆ ਇਸ ਤਾਂ ਸਾਡਾ ਪਹਿਲਾਂ ਹੀ ਕਰਦਾ ਸੀ।

ਚਾਚਾ ਤਾਂ ਹੁਣ ਇਥੋਂ ਤਕ ਵੀ ਦਲੀਲਾਂ ਦੇਣ ਲੱਗ ਪਿਆ ਦੇਖੋ ਬਈ! ਅਸੀਂ ਲੈਕਚਰਬਾਜ਼ੀ ਥੱਲੇ ਅਤੇ ਰਿਸ਼ਤੇਦਾਰੀ ਦੇ ਮੁਆਮਲੇ ਹੇਠ ਆ ਕੇ ਅੰਮ੍ਰਿਤ ਛਕ ਲਿਆ ਸੀ ਪਰ ਸਾਡਾ ਦਿਲ ਨਹੀਂ ਮੰਨਦਾ ਸੀ, ਅਸੀਂ ਤਾਂ ਦੂਸਰੇ ਮਹੀਨੇ ਹੀ ਡੋਲ ਗਏ ਸੀ, ਕਈ ਵਾਰ ਨਾ ਚਾਹੁੰਦੇ ਹੋਏ ਵੀ ਮੰਨਣਾ ਪੈ ਜਾਂਦਾ ਹੈ, ਉਹ ਵੀ ਸਾਰੇ ਜ਼ੋਰ (ਵੱਡੇ ਮੁੰਡੇ ਦੇ ਪਰਿਵਾਰ ਵਲ ਇਸ਼ਾਰਾ ਕਰਕੇ) ਲਾਉਂਦੇ ਰਹਿੰਦੇ ਸੀ ਇਸੇ ਕਰਕੇ ਖਿਚੇ ਧੂਹੇ ਇੱਧਰ ਆ ਗਏ। ਜਾਣੀ ਗੱਲੀਂ ਗੱਲੀਂ ਚਾਚਾ ਹਰ ਵਕਤ ਸਿੱਖੀ ਮਰਯਾਦਾ ਵਿਚੋਂ ਨਿਕਲਣਾ ਚਾਹੁੰਦਾ ਸੀ। ਜਦ ਮੀਟ ਖਾਣਾ ਸ਼ੁਰੂ ਕੀਤਾ ਸੀ ਉਹ ਕਦੀ ਕਦੀ ਹੱਦੋਂ ਵੱਧ ਮਖੌਲ-ਬਾਜ਼ੀ ਵਿਚ ਵੀ ਆ ਜਾਂਦਾ, ਪਹਿਲਾਂ ਤਾਂ ਆਪ ਦਾ ਚੋਲਾ ਵੀ ਪਾ ਲੈਂਦਾ ਸੀ ਪਰ ਹੁਣ ਕਦੀਂ ਕਦਾਈਂ ਹੀ ਪਾਉਂਦਾ। ਜੇ ਕਦੀ ਕੋਈ ਪੁੱਛ ਲੈਂਦਾ ਚਾਚਾ। ਅੱਜ ਕਲ ਚੋਲਾ ਲਾਹ ਦਿਤਾ ਤਾਂ ਉਹ ਹੱਸ ਕੇ ਟਾਲ ਛੱਡਦਾ, ਕਾਕਾ! ਐਵੇਂ ਲੰਘਦੇ ਕਰਦੇ ਤੋਂ ਕਿਸੇ ਦੀ ਫੈਂਸ ਵਿਚ ਅੜਕੇ ਪਾਟੂ। ਤਾਂਵੇਂ ਇਹ ਦੋਵੇਂ ਚਾਚਾ-ਭਤੀਜਾ ਮੀਟ ਖਾਣ ਲੱਗ ਪਏ ਸਨ ਪਰ ਦਾੜ੍ਹੀ ਕੇਸਾਂ ਨਾਲ ਸਿਖੀ ਸਰੂਪ ਵਿਚ ਹੀ ਸਨ। ਘਰੇ ਨਿਤਨੇਮ ਵੀ ਪੜ੍ਹਦੇ ਪਰ ਪਹਿਲਾਂ ਨਾਲੋਂ ਘੱਟ। ਹਫ਼ਤੇ ਵਿਚੋਂ ਚਾਰ ਦਿਨ ਪੜ੍ਹ ਤਿੰਨ ਦਿਨ ਨਾ ਪੜ੍ਹਿਆ, ਇਹ ਕਹਿ ਕੇ ਟਾਲ ਦੇਣਾ ਚਲੋ ਗੁਰੂ ਨੂੰ ਸਭ ਪਤਾ ਹੀ ਹੈ ਬਈ ਅਸੀਂ ਬਹੁਤਾ ਨਹੀਂ ਕਰ ਸਕਦੇ, ਮਨ ਸਾਫ਼ ਚਾਹੀਦਾ ਪਾਠ ਪੜ੍ਹਨ ਨੂੰ ਕਿਹੜਾ ਜ਼ਰੂਰੀ ਹੈ, ਕੁਝ ਸਮਾਂ ਇਸੇ ਤਰਾਂ ਹੀ ਲੰਘ ਗਿਆ।

ਇਕ ਦਿਨ ਚਾਚੇ ਦੇ ਦੇਸ਼ ਵਾਲੇ ਮੁੰਡੇ ਦੀ ਚਿੱਠੀ ਆਈ ਕਿ ਬਾਪੂ ਜ਼ਮੀਨ ਬਾਰੇ ਕੋਈ ਜ਼ਰੂਰੀ ਕੰਮ ਹੈ ਜਿੰਨੀ ਛੇਤੀ ਹੋ ਸਕੇ ਆ ਜਾ। ਚਾਚੇ ਨੇ ਭਤੀਜਿਆਂ ਨਾਲ ਸਲਾਹ ਕਰਕੇ ਰਾਏ ਬਣਾਈ ਕਿ ਮੇਰਾ ਜਾਣਾ ਜ਼ਰੂਰੀ ਹੈ। ਭਤੀਜਿਆਂ ਨੇ ਹਫ਼ਤੇ ਦੇ ਵਿਚ ਸੀਟ ਰਜ਼ਰਵ ਕਰਵਾ ਦਿਤੀ। ਚਾਚੇ ਦੇ ਦੋਨੋਂ ਭਤੀਜੇ ਅਤੇ ਭਤੀਜ-ਨੂੰਹਾਂ ਚਾਚੇ ਨੂੰ ਏਅਰ ਪੋਰਟ ਤੇ ਵਿਦਿਆ ਕਰਕੇ ਆਏ। ਦੋ ਮਹੀਨੇ ਲਾ ਕੇ ਅਜ ਚਾਚਾ ਵਾਪਸ ਆ ਰਿਹਾ ਸੀ, ਕਸਟਮ ਵਾਲਿਆਂ ਤੋਂ ਵੇਹਲਾ ਹੋ ਕੇ ਜਦ ਉਹ ਵਾਪਸ ਬਾਹਰ ਆਇਆ ਤਾਂ ਉਸ ਦੇ ਏਅਰ ਬੈਗ ਵਿਚ ਸਕੌਚ ਦੀ (ਜਿਸ ਵਿਚੋਂ ਡੇਢ ਪਊਆ ਪੀਤੀ ਲੱਗਦੀ ਸੀ) ਬੋਤਲ ਦੇਖ ਕੇ ਦੋਨੋਂ ਭਤੀਜੇ ਹੈਰਾਨ-ਪ੍ਰੇਸ਼ਾਨ ਰਹਿ ਗਏ। ਉਨ੍ਹਾਂ ਨੇ ਚਾਚੇ ਤੋਂ ਪੁੱਛਿਆ ਇਹ ਤੂੰ ਕੀ ਕੀਤਾ, ਉਪਰੋਂ ਸਿੱਖੀ ਬਾਣਾ ਹੱਥ ਵਿਚ ਕਲਿਹਿਣੀ ਨਾਗਣੀ, ਮਸਾਂ ਤਾਂ ਇਹ ਛੱਡੀ ਸੀ ਤੂੰ ਇਹ ਫਿਰ ਦੁਬਾਰਾ ਫੜ ਲਈ! ਚਲੋ! ਚਲੋ!! ਤੁਸੀਂ ਕਾਰ ਵਿਚ ਚਲੋ ਮੈਂ ਸਾਰੀ ਗਲ ਤੁਹਾਨੂੰ ਦੱਸਦਾ ਹਾਂ, ਜਦ ਕਾਰ ਹਾਈ-ਵੇ ਪੈ ਗਈ ਤਾਂ ਚਾਚੇ ਨੇ ਆਪ ਦੀ ਵਿਥਿਆ ਇਕ ਦਰਾਮ ਲਾ ਕੇ ਇੰਝ ਦੱਸਣੀ ਸ਼ੁਰੂ ਕੀਤੀ।

ਦੇਖੋ ਬੇਟਾ! ਮੈਂ ਤੇਰਾ ਝੂਠ ਨਹੀਂ ਮਾਰਦਾ, ਜਦ ਤੁਸੀਂ ਮੈਨੂੰ ਏਅਰ ਪੋਰਟ ਤੇ ਚੜ੍ਹਾ ਕੇ ਗਏ ਸੀ, ਜਹਾਜ਼ ਚੜ੍ਹਨ ਤੋਂ ਪਹਿਲਾਂ ਹੀ ਮੇਰੇ ਕੋਲੋ "ਸ੍ਰੀ ਸਾਹਿਬ" ਦੂਰ ਰੱਖ ਕਰ ਦਿੱਤੀ ਗਈ, ਮੈਂ ਬਥੇਰਾ ਰੋਇਆ ਪਿਟਿਆ ਕਿ ਕੇਹੜੇ ਇਹ ਤੁਸੀਂ ਕੀ ਕਰਦੇ ਹੋ ਪਰ ਮੇਰੀ (ਅੱਖਾਂ ਵਿਚ ਹੰਝੂ ਲਿਆ ਕੇ) ਇਕ ਨਾ ਸੁਣੀ, ਸਗੋਂ ਉਲਟੇ ਕਹਿੰਦੇ ਤੇਰਾ ਕੀ ਪਤਾ ਪਲੇਨ ਹਾਈਜੈਕ ਕਰ ਲਵੇਂ। ਮੈਨੂੰ ਤਾਂ ਪੂਰੀ ਸਮਝ ਨਾ ਲੱਗੀ ਪਰ ਮੇਰੇ ਮਗਰ ਹੀ ਪੜ੍ਹਿਆ ਲਿਖਿਆ ਆਪਣਾ ਪੰਜਾਬੀ ਮੁੰਡਾ ਸੀ, ਉਹਨੇ ਮੈਨੂੰ ਦੱਸਿਆ ਕਿ ਇਹਤਾਂ ਇਸ ਤਰ੍ਹਾਂ ਕਹਿੰਦੇ ਐ, ਉਸ ਵੇਲੇ ਮੈਨੂੰ ਬੜਾ ਗੁੱਸਾ ਆਇਆ ਜੀਅ ਕਰੇ ਸਾਰੇ ਗੋਰਿਆ ਨੂੰ ਚੱਕ ਕੇ ਪਲੇਨੋ ਬਾਹਰ ਮਾਰਾਂ, ਪਰ ਕਰ ਕੁਝ ਨਹੀਂ ਸਕਦਾ ਸੀ, ਇੰਨੇ ਹੀ ਸੋਚਿਆ ਮਨਾਂ ਕੋਈ ਵਸ ਹੈ, ਜਦ ਬਿਗਾਨੇ ਹੀ ਉਪਰੋਂ ਦੀ ਪੈ ਗਏ ਤਾਂ ਫਟਕਣ ਕੀ, ਦਿਲ ਰਗੜਾ ਜਿਹਾ ਕਰ ਕੇ ਅੰਦਰ ਪਲੇਨ ਵਿਚ ਜਾ ਬੈਠਾ।

ਮਾੜੀ ਕਿਸਮਤ ਮੇਰੀ ਸੀਟ ਵੀ ਗੋਰਿਆਂ ਦੇ ਵਿਚਕਾਰ ਆ ਗਈ, ਸੱਜੇ ਖੱਬੇ, ਅਗੇ ਪਿੱਛੇ ਸਭ ਗੋਰੇ ਗੋਰੀਆਂ ਹੀ ਬੈਠੇ ਸਨ, ਨੇੜੇ ਤੇੜੇ ਗੱਲਾਂ ਕਰਨ ਲਈ ਵੀ ਆਪਣਾ ਕੋਈ ਪੰਜਾਬੀ ਨਾ ਦਿਸਿਆ। ਜਹਾਜ਼ ਚੜ੍ਹਨ ਤੋਂ ਥੋੜੇ ਦੇਰ ਬਾਦ ਹੀ ਜਹਾਜ਼ ਵਿਚ ਕੰਮ ਕਰਨ ਵਾਲੀਆਂ ਕੁੜੀਆਂ ਚਾਹ, ਕਾਫ਼ੀ ਜੂਸ ਬਗੈਰਾ ਲੈ ਕੇ ਆਈਆਂ, ਮੈਂ ਵੀ ਜੂਸ ਲੈ ਕੇ ਪੀ ਲਿਆ। ਘੰਟੇ ਕੁ ਮਗਰੋਂ ਉਹ ਤਾਂ ਬਈ ਸ਼ਰਾਬ ਵਾਲੀ ਰੇੜ੍ਹੀ ਖਿੱਚੀ ਆਉਣ। ਮੇਰੇ ਨਾਲ ਦੇ ਗੋਰੇ ਗੋਰੀਆਂ ਨੇ ਤਾਂ "ਰੱਬ ਬੰਦਾ ਭਲਾ ਕਰੇ" ਡਬਲ ਡਬਲ ਸਕੌਚ ਦੇ ਦਰਾਮ ਰੱਖਾ ਲਏ। ਮੇਰੇ ਸੱਜੇ ਖੱਬੇ ਪਏ ਗਲਾਸਰੇ ਹੀ ਉੱਡਣ, ਇਹ ਸਭ ਕੁਝ ਦੇਖ ਕੇ ਮੇਰਾ ਮਨ ਵੀ ਡੋਲਣ ਨੂੰ ਫਿਰੇ ਪਰ ਮੈਂ ਕਰੜਾ ਜਿਹਾ ਰਿਹਾ। ਜਿਵੇਂ ਸਿਆਣੇ ਕਹਿੰਦੇ ਐ "ਰੰਡੀ ਤਾਂ ਰੰਡ ਕੱਟ ਲਊ, ਪਰ ਸਰੀਕੇ ਵਾਲੇ ਕੱਟਣ ਨਹੀਂ ਦਿੰਦੇ"। ਜਦ ਸਾਲੇ ਉਹ ਸੜੇ ਜਿਹੇ ਗੋਰੇ ਹੀ ਪੀ ਪੀ ਬਾਂਦਰਾ ਮਾਰੀ ਜਾਣ, ਮੈਥੋਂ ਫਿਰ ਰਿਹਾ ਨਾ ਗਿਆ ਬਸ ਸਿਦਕ ਡੋਲ ਗਿਆ, ਗੁਸੇ ਵਿਚ ਆ ਕੇ ਮੈਂ ਡਬਲ ਸਕੌਚ ਦਾ ਹੀ ਆਰਡਰ ਮੈਂ ਕਰ ਦਿੱਤਾ। ਇਕ ਪੀ ਦੋ ਪੀ ਜਦ ਤੀਜਾ ਅੰਦਰ ਸੁੱਟਿਆ ਅਤੇ ਨਾਲ ਹੀ ਮੈਂ ਬਕਰਾ ਬੁਲਾ ਦਿਤਾ, ਗੋਰੇ ਵੇਖ ਕੇ ਡਾਈਂ ਮਾਈਂ ਹੋ ਗਏ, ਸਾਲੇ ਸਾਰੇ ਹੀ ਨੀਵੀਂਆਂ ਪਾਉਂਦੇ ਜਾਣ, ਮੈਂ ਆਖਿਆ ਲਾਓ ਮੱਥਾ ਹੁਣ ਨਾਲ, ਰੰਜਰਾਂ ਨੇ ਤੰਗ ਕਰ ਛੱਡਿਆ ਸੀ।

ਚਾਚਾ ਤੈਨੂੰ ਉਸੇ ਸੀਟ ਤੇ ਬੈਠਣਾ ਜ਼ਰੂਰੀ ਸੀ, ਨੇੜੇ ਤੇੜੇ ਕੋਈ ਖਾਲੀ ਸੀਟ ਦੇਖ ਕੇ ਉਥੇ ਬੈਠ ਜਾਣਾ ਸੀ। ਲੈ! ਪੁੱਤਰੋ! ਮੇਰਾ ਕਿਤੇ ਜੀਅ ਕਰਦਾ ਸੀ, ਸਾਰਾ ਜਹਾਜ਼ ਪੂਰਾ ਭਰਿਆ ਹੋਇਆ ਸੀ ਕੋਈ ਵੀ ਸੀਟ ਖਾਲੀ ਨਹੀਂ ਸੀ, ਨਹੀਂ ਮੈਂ ਅਗਾਂਹ ਪਿਛਾਂਹ ਨਾ ਹੋ ਜਾਂਦਾ। ਮੈਂ ਨੂੰ ਤਾਂ ਮਜਬੂਰੀ "ਚ" ਫਸਣਾ ਪਿਆ। ਮੈਂ ਉਸੇ ਮੌਕੇ ਸੱਚੇ ਦਿਲੋਂ ਸ਼ਹਿਨਸ਼ਾਹ ਕਲਗੀਆਂ ਵਾਲੇ ਮੂਹਰੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਿਸ਼ਾਹ ਗਲਤੀ ਤਾਂ ਹੋ ਗਈ ਹੁਣ ਤੁਸੀਂ ਹੀ ਬਖਸ਼ਣਾ ਹੈ, ਉਸੇ ਮੌਕੇ ਮੇਰੇ ਅੰਦਰਲੇ ਮਨ ਨੇ ਮੇਰੀ ਧੀਰਜ ਬੰਨ ਦਿਤੀ ਕਿ ਭਾਈ ਸਿਖਾ ਕੋਈ ਗਲ ਨਹੀਂ, ਵਾਹਿਗੁਰੂ ਕਹਿ ਕੇ ਛਕ ਲੈ। ਉਸ ਦਿਨ ਤੋਂ ਆਹ ਦਿਨ ਆ ਗਿਆ ਆਪਾਂ ਭਾਈ ਤੰਡਰੇ ਫਿਰ ਚਾਲੂ ਕਰ ਦਿੱਤੇ। ਮਜਬੂਰੀ ਦੇ ਵਿਚ ਬੰਦੇ ਨੂੰ ਕੀ ਨਹੀਂ ਕਰਨਾ ਪੈਂਦਾ। ਚਾਚੇ ਨੇ ਸਾਰੀ ਵਿਥਿਆ ਸੁਣਾ ਕੇ ਬੋਤਲ ਵਿਚੋਂ ਇਕ ਚੰਗਾ ਦਰਾਮ ਪਾ ਕੇ ਪੀ ਲਿਆ ਅਤੇ ਮੁੱਛਾਂ ਤੇ ਹੱਥ ਫੇਰ ਕੇ ਮੂੰਹ ਸਾਫ਼ ਕੀਤਾ। ਚਾਚੇ ਦੇ ਦੋਨੇ ਭਤੀਜੇ ਸਾਰੀ ਗਲ-ਬਾਤ ਸੁਣ ਕੇ ਖੁਦ ਆਪ ਵੀ ਸ਼ਸ਼ੋ-ਪੰਜ ਵਿਚ ਪੈ ਗਏ।

• (QUESNEL, B.C.)

• ਅਮਰੀਕ ਸਿੰਘ •

# ਐਡਮੰਟਨ ਵਿੱਚ ਖ਼ਾਲਿਸਤਾਨੀ ਸੰਮੇਲਨ

ਪਹਿਲੀ ਸਤੰਬਰ, 1985 ਨੂੰ ਖ਼ਾਲਿਸਤਾਨੀ ਅਨਸਰਾਂ ਵੱਲੋਂ ਐਡਮੰਟਨ ਦੇ ਸਿੱਖ ਸੁਸਾਇਟੀ ਗੁਰਦੁਆਰੇ ਵਿਚ 'ਕੱਠ ਮਾਰਿਆ ਗਿਆ। ਇਸ 'ਇਤਿਹਾਸਕ ਕਨਵੈਨਸ਼ਨ' ਵਿਚ ਹੁਮ ਹੁਮਾ ਕੇ ਅਤੇ ਕੇਸਰੀ ਦਸਤਾਰਾਂ ਸਜਾ ਕੇ ਪੁਜਣ ਲਈ ਇਕ ਲੋਕਲ ਖ਼ਾਲਿਸਤਾਨੀਏ ਵੱਲੋਂ ਰੇਡੀਓ ਪ੍ਰੋਗਰਾਮ 'ਤੇ ਬੜਾ ਰੌਲਾ ਪਾਇਆ ਗਿਆ ਸੀ। ਬਾਹਰਲੇ ਕਈ ਸ਼ਹਿਰਾਂ ਤੋਂ ਆਪੋ ਆਪਣੇ ਪੱਖ ਵਿਚ ਭੁਗਤਾਉਣ ਲਈ ਆਪੋ ਆਪਣੇ ਰਸੂਖ ਵਾਲੇ ਅਨਸਰ ਨੂੰ ਇਥੇ ਬੁਲਾਇਆ ਹੋਇਆ ਸੀ। ਲੋਕਲ ਪ੍ਰਬੰਧਕਾਂ ਵੱਲੋਂ 'ਕਨਵੈਨਸ਼ਨ' ਤੋਂ ਪਹਿਲਾਂ 'ਫਿਕਰ' ਕੀਤਾ ਗਿਆ ਕਿ ਇਨੀਆਂ ਸੰਗਤਾਂ ਨੂੰ ਕਿੱਥੇ ਬਿਠਾਵਾਂਗੇ? ਕੁੱਝ ਆਪਸੀ ਫੁੱਟ, ਕੁੱਝ 'ਕਨਵੈਨਸ਼ਨ' ਦੀ ਸਰਗਰਮੀ ਕਰਕੇ ਸਥਾਨਕ ਖ਼ਾਲਿਸਤਾਨੀ ਹੱਥਾਂ ਪੈਰਾਂ 'ਚ ਆਏ ਜਾਪਦੇ ਸਨ। ਕੁੱਲ ਮਿਲਾ ਕੇ ਇਉਂ ਪ੍ਰਭਾਵ ਬਣਦਾ ਸੀ ਕਿ ਐਤਕੀਂ ਜ਼ਰੂਰ ਕੋਈ ਕੱਦੂ 'ਚ ਤੀਰ ਮਾਰਨਗੇ। ਪਰ ਪੁੱਟਿਆ ਪਹਾੜ ਤੇ ਨਿਕਲਿਆ ਚੂਹਾ! ਭਾਵੇਂ ਕਈ ਖ਼ਾਲਿਸਤਾਨੀ ਗਰੁੱਪਾਂ ਦੇ ਲੀਡਰਾਂ ਤਲਵਿੰਦਰ ਸਿੰਘ ਬੱਬਰ, ਗੰਗਾ ਸਿੰਘ ਢਿੱਲੋਂ, ਦੀਦਾਰ ਸਿੰਘ ਬੈਂਸ ਵਗੈਰਾ ਦੀ ਇਸ ਕਨਵੈਨਸ਼ਨ 'ਤੇ ਪਹੁੰਚਣ ਦੀ ਚਰਚਾ ਸੀ, ਪਰ ਅਸਲ ਵਿਚ ਉਨ੍ਹਾਂ 'ਚੋਂ ਕੋਈ ਨਹੀਂ ਪਹੁੰਚਿਆ। ਪਤਾ ਲੱਗਾ ਕਿ ਇਕੱਲਾ ਦੀਦਾਰ ਸਿੰਘ ਬੈਂਸ ਹੀ ਮੇਲਾ ਵਿੱਛੜ ਜਾਣ ਤੋਂ ਬਾਅਦ ਰਾਤ ਨੂੰ ਕਿਸੇ ਸਮੇਂ ਪਹੁੰਚਿਆ ਅਤੇ ਆਪਣੀ 'ਸੰਮੇਲਨੀ' ਕੀਤੀ। ਲੋਕਲ ਪ੍ਰਬੰਧਕਾਂ ਨੇ ਆਪਣੇ ਖ਼ਾਸੇ ਅਨੁਸਾਰ ਆਪਣੇ ਪ੍ਰਭੂਆਂ ਦਾ ਝੋਲੀ-ਚੁੱਕਪੁਣਾ ਕਰਨ ਲਈ ਮਿਲਟ ਪਾਲ ਅਤੇ ਹੋਰ ਕਈ ਟੋਰੀ ਲੀਡਰਾਂ ਨੂੰ ਅਤੇ ਮੀਡੀਏ ਨੂੰ ਬੁਲਾਇਆ ਹੋਇਆ ਸੀ। ਬਾਰਾਂ ਕੁ ਵਜੇ ਤੋਂ 'ਪ੍ਰੋਗਰਾਮ' ਦੇ ਸ਼ੁਰੂ ਤੋਂ ਲੈ ਕੇ ਦੋ ਵਜੇ ਤੀਕ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਲਈ 'ਭਾਸ਼ਣ' ਅੰਗਰੇਜ਼ੀ ਵਿਚ ਕੀਤੇ। ਅੰਗਰੇਜ਼ੀ ਦੇ ਭਾਸ਼ਣ ਦੌਰਾਨ ਬੁਲਾਰਿਆਂ ਨੇ ਐਵੇਂ ਜੱਬਲੀਆਂ ਮਾਰੀਆਂ। ਉਦਾਹਰਣ ਵਜੋਂ ਜਦੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ (U.S.A.) ਦੇ ਪ੍ਰਧਾਨ ਡਾ: ਗਜਿੰਦਰਪਾਲ ਸਿੰਘ ਖਾਲਸਾ ਦੀ ਸਟੇਜ ਸਕੱਤਰ ਨੇ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਇਹ ਹੁਣ ਸਿੱਖ ਮੰਗਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਤਕਰੀਰ ਕਰਨਗੇ। ਪਰ ਇਸ ਸਖ਼ਸ਼ ਨੇ ਸਾਰੀ ਕਹਾਣੀ ਇਸ ਗੱਲ 'ਤੇ ਹੀ ਕੇਂਦਰਤ ਰੱਖੀ ਕਿ ਸਾਨੂੰ ਇਥੇ (ਗੋਰੇ) ਲੋਕ ਅੱਤਵਾਦੀ ਕਹਿੰਦੇ ਹਨ; ਜੇ ਅਸੀਂ ਅੱਤਵਾਦੀ ਹਾਂ ਤਾਂ ਤੁਹਾਡਾ ਜੀਸਸ ਕਰਾਈਸਟ ਅੱਤਵਾਦੀ ਸੀ। ਇਵੇਂ ਜਿਹਾ ਹੀ ਬਾਕੀ ਧੁੱਤੂਪੁਣਾ ਸੁਣ ਕੇ ਬੁਲਾਏ ਹੋਏ ਗੋਰੇ ਅਤੇ ਮੀਡੀਏ ਦੇ ਲੋਕ ਆਪਣਾ ਸਮਾਨ ਵਲ੍ਹੇਟ ਕੇ ਤੁਰ ਗਏ।

ਦੋ ਕੁ ਵਜੇ ਤੋਂ ਬਾਅਦ ਪੰਜਾਬੀ ਵਿਚ 'ਪ੍ਰੋਗਰਾਮ' ਸ਼ੁਰੂ ਹੋਇਆ ਜਦ ਪਹਿਲੇ ਅੰਗਰੇਜ਼ੀ ਵਾਲੀ ਗੱਲਬਾਤ ਤੋਂ ਮਾਯੂਸ ਹੋ ਕੇ ਬਹੁਤੇ ਸਾਧਾਰਨ ਲੋਕ ਘਰੋ ਘਰੀ ਜਾ ਚੁੱਕੇ ਸਨ ਅਤੇ ਗਿਣਤੀ ਦੇ ਲੋਕ ਹੀ ਹਾਲ ਵਿਚ ਬੈਠੇ ਸਨ। ਬਹੁਤੇ ਲੋਕ ਇਹ ਆਸ ਲੈ ਕੇ ਆਏ ਸਨ ਕਿ ਸ਼ਾਇਦ ਇਸ ਕਨਵੈਨਸ਼ਨ ਵਿਚ ਇਹ ਕੋਈ ਅਕਲ ਦੀ ਗੱਲ ਕਰਨਗੇ। ਕੁੱਝ ਲੋਕ ਭਾੜੇ 'ਤੇ ਲਿਆਂਦੇ ਰਮਤੇ ਨੂੰ ਸੁਣਨ ਆਏ ਸਨ। ਪਰ ਸਾਰੇ ਪ੍ਰੋਗਰਾਮ ਵਿਚ ਅਕਲ ਵਾਲੀ ਗੱਲਬਾਤ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ। ਇੰਟ: ਸਿੱਖ ਯੂਥ ਫੈਡਰੇਸ਼ਨ ਦਾ ਕੋਈ ਹਰਪਾਲ ਸਿੰਘ ਇਸ ਨੂੰ ਸੱਤਵਾਂ ਧਰਮਯੁੱਧ ਦੱਸ ਰਿਹਾ ਸੀ - ਇਹ 'ਯੁੱਧ' ਜਿਹੜਾ ਭਿੰਡਰਾਂ ਵਾਲੇ ਵੱਲੋਂ 'ਲੜਿਆ' ਗਿਆ ਸੀ! ਇੰਟ: ਸਿੱਖ ਯੂਥ ਫੈਡਰੇਸ਼ਨ (U.S.A.) ਦੇ ਪਰਧਾਨ ਡਾ: ਗਜਿੰਦਰਪਾਲ ਸਿੰਘ ਖ਼ਾਲਸਾ ਨੇ ਤਾਂ ਸ਼ੇਖ਼-ਚਿਲੀ ਨੂੰ ਵੀ ਮਾਤ ਪਾ ਦਿੱਤਾ। 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਦੇ "ਅਰਥ" ਕਰਦਿਆਂ ਆਪਣੀਆਂ ਖ਼ਾਲਿਸਤਾਨੀ ਮੁੱਛਾਂ ਵਿਚੋਂ ਦੀ ਖਤਰਾ ਹਾਸਾ ਹੱਸਦਿਆਂ ਇਹ ਵਿਅਕਤੀ ਕਹਿ ਰਿਹਾ ਸੀ "ਅਸੀਂ ਹੁਣ ਦੁਨੀਆਂ ਭਰ 'ਚ ਕੋਈ ਆਕੀ ਨਹੀਂ ਰਹਿਣ ਦੇਣਾ। ਖ਼ਾਲਿਸਤਾਨ ਤਾਂ ਬਣ ਗਿਆ ਸਮਝੋ... ਅਸੀਂ ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡ ਦਿਆ ਕਰਨਾ ਹੈ।" ਉਹਦੀ ਸਪੀਚ ਏਨੀ ਭੱਦੀ ਸੀ ਕਿ ਪਿਛਲੇ ਪਾਸੇ ਕੰਧ ਨਾਲ ਢੋਅ ਲਾਈ ਬੈਠੇ ਕਈ ਸਿਆਣੇ ਬਜ਼ੁਰਗ ਕਹਿ ਰਹੇ ਸਨ "ਇਹ ਡਾਕਟਰ ਕਾਹਦਾ ਐ; ਇਹ ਤਾਂ ਡੰਗਰ ਡਾਕਟਰ ਵੀ ਨਹੀਂ ਲੱਗਦਾ।" ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਕਿਵੇਂ ਇਹੋ ਜਿਹੇ ਭ੍ਰਿਸ਼ਟ ਅਨਸਰ ਆਪਣੀ ਮਰਜ਼ੀ ਮੁਤਾਬਕ ਪ੍ਰਚੱਲਤ ਸਿੱਖ ਸ਼ਬਦਾਂ, ਗੁਰਬਾਣੀ ਅਤੇ ਰਵਾਇਤਾਂ ਨੂੰ ਤਰੋੜਦੇ, ਮਰੋੜਦੇ ਅਤੇ ਆਪਣੀ ਨੀਤ ਅਨੁਸਾਰ ਅਰਥ ਕੱਢਦੇ ਹਨ। "ਸਰਬੱਤ ਦਾ ਭਲਾ" ਦੀ ਹਾਲ ਪਾਹਰਿਆ ਕਰਨ ਵਾਲੇ "ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡਣ" ਦੀਆਂ ਡੀਂਗਾਂ ਮਾਰਨ ਵਾਲੇ ਇਹ ਕਿਹੜੇ ਸਰਬੱਤ ਦਾ ਭਲਾ ਕਰਨਗੇ? ਸੋਚਣਾ ਬਣਦਾ ਹੈ। ਇਹੀ ਸਖ਼ਸ਼ ਪੂਰਾ ਗਿੱਝ ਕੇ ਜੱਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਆਪਣੇ ਵਰਗਾ "ਧੱਕੜ ਜੱਟ" ਕਹਿੰਦਾ ਹੈ ਜੋ ਕਿ ਸਾਂਝੇ ਦਲ ਦਾ ਅੱਜਕੱਲ ਸਰਗਰਮ ਜੱਥੇਦਾਰ ਹੈ। ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਇਸੇ ਜਗਦੇਵ ਸਿੰਘ ਤਲਵੰਡੀ ਦੀ ਸਮਗਲਿੰਗ ਦੇ ਧੰਦੇ 'ਚ ਪੂਰੀ ਬਦਨਾਮੀ ਹੋਣ ਕਰਕੇ ਅੱਜ ਕੱਲ ਉਥੇ ਅਫ਼ੀਮ ਦਾ ਦੂਸਰਾ ਨਾਂ 'ਤਲਵੰਡੀ' ਪੈ ਗਿਆ ਹੈ। ਜੇਕਰ ਇਹ ਭੱਦਰਪੁਰਸ਼ ਵੀ ਤਲਵੰਡੀ ਵਰਗਾ "ਧੱਕੜ ਜੱਟ" ਹੈ ਤਾਂ ਇਹਦੇ ਬਾਰੇ ਕੀ ਕਹੀਏ?

ਬਸ਼ੀਰ ਮੰਜਾਦ, ਜੋ ਕਿ ਪਾਕਿਸਤਾਨ ਵਿਚ ਜਹਾਜ਼ ਅਗਵਾਕਾਰਾਂ ਦਾ ਵਕੀਲ ਹੈ, ਨੂੰ ਵੀ ਖ਼ਾਲਿਸਤਾਨੀਆਂ ਨੇ ਸਧਾਰਨ ਲੋਕਾਂ ਦੇ ਜਜ਼ਬਾਤ ਟੁੰਬਣ ਲਈ ਸੱਦਿਆ ਹੋਇਆ ਸੀ। ਅਜਿਹੇ ਸਖ਼ਸ਼ਾਂ ਨੂੰ ਸੱਦਣ ਦਾ ਮਤਲਬ ਖ਼ਾਲਿਸਤਾਨੀਆਂ ਦਾ ਲੋਕਾਂ ਦੇ ਜਜ਼ਬੇ ਟੁੰਬ ਕੇ ਮਾਇਆ ਦੇ ਗੱਫੇ ਇਕੱਤਰ ਕਰਨਾ ਹੀ ਹੁੰਦਾ ਹੈ। ਇੰਟ: ਸਿੱਖ ਯੂਥ ਫੈਡਰੇਸ਼ਨ ਵੈਨਕੂਵਰ ਦੇ ਮਨਮੋਹਨ ਸਿੰਘ, ਫੈਡਰੇਸ਼ਨ ਆਫ਼ ਸਿੱਖ ਸੁਸਾਇਟੀਜ਼ ਆਫ਼ ਕੈਨੇਡਾ ਦੇ ਮਹਿੰਦਰ ਸਿੰਘ ਗੋਸਲ ਵਗੈਰਾ ਦੇ ਸਰਸਰੀ ਭਾਸ਼ਣ ਜੈਕਾਰਿਆਂ ਦੀ ਭਰਮਾਰ 'ਚ ਹੀ ਦਮ ਤੋੜ ਗਏ।

ਇੰਟ: ਸਿੱਖ ਯੂਥ ਫੈਡਰੇਸ਼ਨ ਦੇ ਕਨਵੀਨਰ ਲਖਬੀਰ ਸਿੰਘ ਨੇ ਚੱਕਵੀਂ ਬੋਲੀ 'ਚ ਆਪਣੇ ਆਪ ਨੂੰ ਸਾਰੀ ਖ਼ਾਲਿਸਤਾਨੀ ਲਹਿਰ ਦਾ ਕਰਤਾ ਧਰਤਾ ਦੱਸਿਆ ਜਿਵੇਂ ਕਿ ਸਿਰਫ਼ ਉਹਦੇ ਕਰਕੇ ਹੀ ਲਹਿਰ ਚੱਲ ਰਹੀ ਹੈ। ਪੂਰੀ ਹਕਾਰਤ ਨਾਲ ਉਸ ਵੱਲੋਂ ਇਥੇ ਅਤੇ ਉਥੇ (ਪੰਜਾਬ) 'ਦੁਸ਼ਟ ਸੋਧਣ, ਪੰਜਾਬ ਵਿਚ ਚੋਣਾਂ ਨਾ ਹੋਣ ਦੇਣ, ਸਾਂਝੇ ਅਕਾਲੀ ਦਲ ਵੱਲੋਂ ਚੋਣਾਂ ਨਾ ਲੜਨ ਦੇ 'ਸ਼ਾਹੀ ਫੁਰਮਾਨ' ਕੀਤੇ ਗਏ। ਸਭ ਤੋਂ ਵੱਧ ਦਿਲਚਸਪ ਉਸਨੇ ਇਹ ਕੀਤੀ ਜਦੋਂ ਸਾਂਝੇ ਅਕਾਲੀ ਦਲ ਦੇ ਚੋਣਾਂ ਨਾ ਲੜਨ ਦੇ ਫੈਸਲੇ ਬਾਰੇ ਉਹਨੇ ਕਿਹਾ ਕਿ "ਲੋਕ ਇੰਡੋ ਕੈਨੇਡੀਅਨ ਟਾਈਮਜ਼ 'ਤੇ ਇਤਬਾਰ ਨਾ ਕਰਨ ਕਿਉਂਕਿ ਉਹ ਤਾਂ ਸਾਰੇ ਜਹਾਨ ਦਾ ਝੂਠਾ ਪਰਚਾ ਹੈ।" ਇਸ ਅਖ਼ਬਾਰ ਦਾ ਫੌਜੀ ਸੰਪਾਦਕ ਚਿਰਾਂ ਤੋਂ ਖ਼ਾਲਿਸਤਾਨੀਆਂ ਤੋਂ ਕੁੱਤੇ-ਝਾਕ 'ਚ ਬੈਠਾ ਸੀ ਕਿ ਸ਼ਾਇਦ ਬੁਰਕੀ ਪਵੇਗੀ, ਪਰ ਉਨ੍ਹਾਂ ਨੇ ਇਕ ਦਮ ਹੀ ਛਿੱਤਰਾਂ ਦਾ ਮੀਂਹ ਵਰਸਾ ਦਿੱਤਾ!

ਖ਼ਾਲਿਸਤਾਨੀਆਂ ਦੇ ਇਹ ਤੋਤੂਆਂ ਦੀ ਪਸੇਰੀ ਵਾਂਗ ਇਕੱਠੇ ਕੀਤੇ ਅਨਸਰ ਬਾਹਰੋਂ ਦੇਖਣ ਵਾਲੇ ਨੂੰ ਤਾਂ ਭਾਵੇਂ ਨਿਹੰਗਬਾਣੇ ਵਿਚ ਸਜੇ ਹੋਏ ਇਕੋ ਜਿਹੇ ਲੱਗਦੇ ਸਨ, ਪਰ ਅੰਦਰੋਂ ਇਹ ਝਮੇਲਾ ਆਪਸੀ ਫੁੱਟ, ਚਿੱਕੜਬਾਜ਼ੀ, ਮਿਹਣੇ ਤਾਅਨੇ ਅਤੇ ਆਪਸੀ ਧਮਕੀਆਂ ਨਾਲ ਗ੍ਰਸਿਆ ਹੋਇਆ ਸੀ। ਉਦਾਹਰਣ ਵਜੋਂ ਜਦੋਂ ਟਰਾਂਟੋ ਤੋਂ ਆਏ ਨੈਸ਼ਨਲ ਕੌਂਸਲ ਆਫ਼ ਖਾਲਿਸਤਾਨ ਦੇ ਮੈਂਬਰ ਕੁਲਦੀਪ ਸਿੰਘ ਸੋਢੀ ਨੇ ਕਿਹਾ "ਅਸੀਂ ਤਾਂ ਆਪ ਬਾਬਾ ਜੁਗਿੰਦਰ ਸਿੰਘ ਦੇ ਥਾਪੇ ਸਾਂਝੇ ਦਲ ਦੇ ਮੁਦੱਈ ਹਾਂ, ਪਤਾ ਨਹੀਂ ਲਖਬੀਰ ਸਿੰਘ ਸਾਡੇ ਨਾਲ ਗੱਲਬਾਤ ਕਰਨ ਤੋਂ ਕਿਉਂ ਝਿਜਕਦਾ ਹੈ।" ਇਸ ਦੇ ਜਵਾਬ ਵਿਚ ਲਖਬੀਰ ਸਿੰਘ ਨੇ ਉਹਦੀ ਚੰਗੀ ਚੌੜੀ ਲਾਹੀ ਕਿ "ਜਿਹੜਾ ਬੰਦਾ ਪੈਰ ਪੈਰ 'ਤੇ ਝੂਠ ਬੋਲੇ, ਸਾਡੀ ਫੈਡਰੇਸ਼ਨ ਵਿਚ ਫੁੱਟ ਪਾਵੇ ਇਕ ਤੋਂ ਦੋ ਬਣਾਉਣ ਦੀਆਂ ਗੱਲਾਂ ਕਰੇ, ਉਸ ਬਾਰੇ ਸਾਧ ਸੰਗਤ ਹੀ ਦੱਸੇ ਕਿ ਉਸ 'ਤੇ ਕਿਵੇਂ ਇਤਬਾਰ ਕਰੀਏ?" ਵੱਖ ਵੱਖ ਧੜਿਆਂ ਵਿਚਕਾਰ ਇੱਟ ਕੁੱਤੇ ਵਾਲਾ ਵੈਰ ਅਤੇ ਆਪਸੀ ਗੌਤਕੇਬਾਜ਼ੀ ਦੀ ਝਲਕ ਸਥਾਨਕ ਖ਼ਾਲਿਸਤਾਨੀਆਂ ਦੀ ਸਥਾਨਕ ਗੁਰਦਵਾਰੇ ਦੀ ਕੁਝ ਹਫ਼ਤੇ ਹੀ ਪਹਿਲਾਂ ਹੋਈ ਚੋਣ ਵਿਚ ਪ੍ਰਤੱਖ ਸੀ। ਇਸ ਤੋਂ ਇਹਨਾਂ ਦੀ ਨੀਅਤ ਹੋਰ ਵੀ ਸਾਫ਼ ਹੋ ਜਾਂਦੀ ਹੈ।

ਪ੍ਰੋਗਰਾਮ ਵਿਚ ਸਾਧਾਰਨ ਲੋਕਾਂ ਨੂੰ ਵਰਗਲਾਉਣ ਲਈ ਹਜ਼ਾਰਾ ਸਿੰਘ ਰਮਤਾ ਸੱਦਿਆ ਹੋਇਆ ਸੀ। ਸਿਰੇ ਦੇ ਲੁੱਚੇ ਗੀਤ ਗਾਉਣ ਵਾਲਾ, 'ਫ਼ੀਮ ਦੇ ਧੰਦੇ ਵਿਚ ਬਦਨਾਮ, ਦਾੜ੍ਹੀ ਮੁੱਛ ਧਾਰੀ ਇਹ ਸਿੱਖੀ ਬਾਣੇ ਵਿਚ ਬਦਮਾਸ਼ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ "ਸ਼ੀਸ਼ੇ ਵਰਗੀ ਬੁਆਣੀ" ਨੂੰ "ਵਿਹੜੇ ਵਿਚ ਫਾਗੁਣ" ਵਰਗੇ 'ਪਵਿੱਤਰ' ਸ਼ਬਦਾਂ ਨਾਲ ਆਪਣੀ 'ਰਸਨਾ ਪਵਿੱਤਰ' ਕਰ ਰਿਹਾ ਸੀ ਤੇ ਇੰਦਰਾ ਦੇ ਕਤਲ ਪਿਛੋਂ 'ਬੋਤਲਾਂ ਦੇ ਡੱਟ' ਖੋਲ੍ਹਣ ਵਰਗਾ 'ਅੰਮ੍ਰਿਤ ਪਰਚਾਰ' ਕਰ ਰਿਹਾ ਸੀ ਜਿਸਨੂੰ 'ਛਕ'ਕੇ ਖ਼ਾਲਿਸਤਾਨੀ ਆਪਣਾ 'ਜਨਮ ਸਫਲਾ' ਕਰ ਰਹੇ ਸਨ। ਯਾਦ ਰਹੇ ਇਸ ਲੁੱਚੇ ਗੌਂਡਰ ਦੇ ਪ੍ਰੋਗਰਾਮ 'ਤੇ ਆਉਣ ਬਾਰੇ ਇਥੋਂ ਦੇ ਇਕ ਸਥਾਨਕ ਖ਼ਾਲਿਸਤਾਨੀਏ ਨੇ ਕਈ ਹਫ਼ਤੇ ਪਹਿਲਾਂ ਹੀ ਆਪਣੀ ਭੱਦੀ ਆਵਾਜ਼ ਵਿਚ ਰੌਲਾ ਪਾਉਣਾ ਸ਼ੁਰੂ ਕੀਤਾ ਹੋਇਆ ਸੀ। ਇਕ ਪਾਸੇ ਲਖਬੀਰ ਸਿੰਘ ਵਰਗਾ ਕਹਿ ਰਿਹਾ ਸੀ "ਫੰਡ ਸਾਨੂੰ ਦਿਓ ਅਸੀਂ ਭੇਜ ਦਿਆਂਗੇ ਜਿਵੇਂ ਸੰਗਤ ਚਾਹੇਗੀ" ਪਰ ਦੂਜੇ ਪਾਸੇ ਭਾੜੇ 'ਤੇ ਲਿਆਂਦਾ ਰਮਤਾ ਕਹਿ ਰਿਹਾ ਸੀ ਇਹ ਫੰਡ ਫੂੰਡ ਕਿਸੇ ਗੁਰੂ ਕੇ ਲੰਗਰ ਨੂੰ ਨਹੀਂ ਜਾਂਦੇ ਸਗੋਂ ਇਹਨਾਂ ਦੇ ਆਪਣੇ ਘਰਾਂ ਦੇ ਲੰਗਰਾਂ ਨੂੰ ਜਾਂਦੇ ਹਨ।

ਪ੍ਰੋਗਰਾਮ ਦੌਰਾਨ ਤਿੰਨ ਵਾਰੀ ਕਿਹਾ ਗਿਆ ਕਿ ਦੀਦਾਰ ਸਿੰਘ ਬੈਂਸ ਵੀ ਪਹੁੰਚ ਰਿਹਾ ਹੈ। ਪਰ ਉਹ ਨਹੀਂ ਪਹੁੰਚਿਆ। ਪਤਾ ਲੱਗਾ ਕਿ ਇਹ 'ਭੱਦਰਪੁਰਸ਼' ਰਾਤ ਨੂੰ ਕਿਸੇ ਸਮੇਂ ਪਹੁੰਚਿਆ ਤੇ ਕਿਸੇ ਦੇ ਘਰੇ ਮੀਟਿੰਗ ਕੀਤੀ। ਅਸਲ ਵਿਚ ਇਸ 'ਕਨਵੈਨਸ਼ਨ' ਵਿਚ ਜਸਵੰਤ ਸਿੰਘ ਭੁੱਲਰ, ਤਲਵਿੰਦਰ ਸਿੰਘ ਬੱਬਰ, ਜਗਜੀਤ ਸਿੰਘ ਚੌਹਾਨ, ਗੰਗਾ ਸਿੰਘ ਢਿੱਲੋਂ, ਦੀਦਾਰ ਸਿੰਘ ਬੈਂਸ ਆਦਿ ਚੋਂ ਕੋਈ ਨਹੀਂ ਪਹੁੰਚਿਆ ਜਦ ਕਿ ਰੇਡੀਓ ਉਤੇ ਇਹਨਾਂ'ਚੋਂ ਕਈਆਂ ਦੇ ਆਉਣ ਦਾ ਢੰਡੋਰਾ ਪਿਟਿਆ ਗਿਆ ਸੀ। ਹਮੀਦੇ ਪਹਿਲਵਾਨ ਬਾਰੇ ਮਸ਼ਹੂਰ ਸੀ ਕਿ ਉਹ ਆਪ ਕਿਸੇ ਨਾਲ ਘੁਲਣ ਤੋਂ ਪਹਿਲਾਂ ਵਿਰੋਧੀ ਪਹਿਲਵਾਨ ਨਾਲ ਆਪਣੇ ਪੱਠਿਆਂ ਦਾ ਘੋਲ ਕਰਵਾਉਂਦਾ ਹੁੰਦਾ ਸੀ। ਇਸ ਤਰ੍ਹਾਂ ਲੱਗਦਾ ਹੈ ਕਿ ਇਹ 'ਕਨਵੈਨਸ਼ਨ' ਵੀ ਅਸਲ ਪਹਿਲਾਂ ਦੱਸੇ 'ਪਹਿਲਵਾਨਾਂ' ਦੇ ਆਪੋ ਆਪਣੇ ਪੱਠਿਆਂ ਵਿਚ ਛੂਹ-ਪੋਚਾ ਕਰਵਾਉਣ ਲਈ ਹੀ ਸੱਦੀ ਗਈ ਸੀ।

ਕਨਵੈਨਸ਼ਨਾਂ ਆਮ ਤੌਰ 'ਤੇ ਖ਼ਾਸ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ, ਲੋਕਾਂ ਵਿਚ ਆਪਣੇ ਵਿਚਾਰ ਰੱਖਣ ਲਈ, ਮਸਲੇ ਦੇ ਹਰ ਪੱਖ ਤੋਂ ਹਾਣ ਲਾਭ ਵਿਚਾਰਨ ਲਈ, ਆਪਣੀਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ ਲੱਭਣ ਲਈ ਅਤੇ ਆਪਣੇ ਮੱਤਭੇਦਾਂ ਨੂੰ ਵਿਚਾਰਾਂ ਨਾਲ ਤੇ ਦਲੀਲ ਦੀ ਕਸਵੱਟੀ ਉਤੇ ਪਰਖ ਕੇ ਦੂਰ ਕਰਨ ਲਈ ਬੁਲਾਈਆਂ ਜਾਂਦੀਆਂ ਹਨ। ਪਰ ਇਸ ਕਨਵੈਨਸ਼ਨ ਵਿਚ ਅਜਿਹਾ ਕੁਝ ਕਿਤੇ ਵੀ ਨਜ਼ਰ ਨਹੀਂ ਆਇਆ। ਵਾਰ ਵਾਰ "ਖ਼ਾਲਿਸਤਾਨ ਬਣ ਜਾਣਾ ਹੈ", "ਖ਼ਾਲਿਸਤਾਨ ਬਣ ਕੇ ਰਹੇਗਾ" ਤੇ "ਖ਼ਾਲਿਸਤਾਨ ਜ਼ਿੰਦਾਬਾਦ" ਦੇ ਛੁਣਛੁਣੇ ਵਜਾ ਕੇ ਭਾਵੇਂ ਖ਼ਾਲਿਸਤਾਨੀ ਅਨਸਰ ਆਪਣਾ ਕੰਮ ਕੱਢ ਲਿਆ ਸਮਝ ਰਹੇ ਸਨ। ਪਰ ਆਮ ਸਧਾਰਨ ਲੋਕ ਇਹਨਾਂ ਦੀਆਂ ਸਾਰੀਆਂ ਸੋਸੇਠਗਾਈਆਂ ਚਾਲਾਂ ਨੂੰ ਸਮਝਦੇ ਹਨ। "ਹਰ ਸਾਲ ਨਵੇਂ ਮੁਲਕ 'ਤੇ ਝੰਡਾ ਗੱਡਣਾ" ਕੋਈ ਤਿੰਨ ਸੇਲ ਦਾ ਕਜ਼ਾਕ ਨਹੀਂ ਜੋ ਇਹ ਖ਼ਾਲਿਸਤਾਨੀ ਹਰ ਹਫ਼ਤੇ ਛਕ ਲੈਣਗੇ। ਇਹਨਾਂ ਦੀ "ਦੂਰ-ਦ੍ਰਿਸ਼ਟੀ" ਸ਼ਾਇਦ ਹਰ ਸਾਲ ਨਵੇਂ ਗੁਰਦੁਆਰੇ 'ਤੇ ਕਬਜ਼ਾ ਕਰਨ ਨੂੰ ਹੀ ਨਵੇਂ ਦੇਸ਼ 'ਤੇ ਝੰਡਾ ਗੱਡਣਾ ਸਮਝਦੀ ਹੋਵੇਗੀ!

ਸਾਰੀ ਕਨਵੈਨਸ਼ਨ ਹੀ ਆਪਸੀ ਮੇਹਣੇ, ਤੁਹਮਤਬਾਜ਼ੀ, ਫੋਕਵੇਂ ਨਾਅਰਿਆਂ ਤੇ ਜੈਕਾਰਿਆਂ ਦੀ ਭਰਮਾਰ ਵਿਚ ਹੀ ਦਮ ਤੋੜ ਗਈ। ਲੋਕਾਂ ਦੀ ਥੋੜ੍ਹੀ ਗਿਣਤੀ ਤਾਂ ਅੰਗਰੇਜ਼ੀ ਭਾਸ਼ਣਾਂ ਦੌਰਾਨ ਹੀ ਘਰੋ ਘਰ ਚਲੀ ਗਈ। ਲੋਕਾਂ ਦੀ ਗਿਣਤੀ ਬਾਰੇ ਇਹਨਾਂ ਦੇ ਹੀ ਭਾੜੇ 'ਤੇ ਲਿਆਂਦੇ ਰਮਤੇ ਨੇ ਕਿਹਾ "ਲੱਗਦਾ ਐ ਜਾਂ ਤਾਂ ਹਾਲ ਵੱਡਾ ਹੋ ਗਿਆ, ਜਾਂ ਸੰਗਤ ਸੁੰਗੜ ਗਈ ਹੈ ਅਤੇ ਜਾਂ ਫਿਰ ਮੈਂ ਸੁੱਤਾ ਪਿਆ ਉਠਿਆ ਹਾਂ।" ਅਜੇ ਵੀ ਕੋਈ ਸ਼ੱਕ ਦੀ ਗੁੰਜਾਇਸ਼ ਬਾਕੀ ਰਹਿ ਜਾਂਦੀ ਹੈ? ਸਾਰੀ ਕਨਵੈਨਸ਼ਨ ਵਿਚ ਬਹੁਤਾ ਰੋਅਬ ਦਾਅਬ ਇੰਟ: ਸਿੱਖ ਯੂਥ ਫੈਡਰੇਸ਼ਨ ਵਾਲਿਆਂ ਦਾ ਜਾਪਦਾ ਸੀ ਜਦ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੇ ਹਾਮੀ, ਜਿਨ੍ਹਾਂ ਵਿਚ ਇਥੋਂ ਦਾ ਇਕ ਰੇਡੀਓ ਅਨਾਊਂਸਰ ਵੀ ਹੈ, ਗੁਰਦਵਾਰੇ ਦੇ ਹੇਠਲੇ ਲੈਵਲ 'ਤੇ ਲੰਗਰ ਨੂੰ ਜਾਂਦੀਆਂ ਪੌੜੀਆਂ ਕੋਲ ਹੀ ਦੜ ਵੱਟੀ ਬੈਠੇ ਰਹੇ ਪਰ ਲੋਕਲ ਸਿੱਖ ਯੂਥ ਫੈਡਰੇਸ਼ਨੀਏ ਨਿਹੰਗਬਾਣਿਆਂ ਵਿਚ ਅਬਦਾਲੀ ਦੇ ਸਿਪਾਹੀਆਂ ਵਾਂਗ ਦਨਦਨਾਉਂਦੇ ਫਿਰ ਰਹੇ ਸਨ।

ਕਨਵੈਨਸ਼ਨ ਦਾ 'ਭੋਗ' ਪੈਣ 'ਤੇ ਜਦ ਬਾਹਰ ਆਏ ਤਾਂ ਇਕ ਸੱਜਣ ਨੇ ਮੈਨੂੰ ਕਨਵੈਨਸ਼ਨ ਬਾਰੇ ਮੇਰੇ ਪ੍ਰਭਾਵ ਪੁੱਛੇ ਤਾਂ ਮੈਂ ਕਿਹਾ:

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇ ਦਿਲ ਕਾ
ਜੁ ਚੀਰਾ ਤੋ ਏਕ ਕਤਰਾ-ਏ-ਖ਼ੂਨ ਨਿਕਲਾ।"

● (CALGARY, ALBERTA)

ਵੈਨਕੂਵਰ ਸੱਥ : # ਸਾਊਥ ਅਫਰੀਕਾ

(ਸਾਧੂ, ਸੁਖਵੰਤ ਹੁੰਦਲ, ਸਰਵਣ ਬੋਲ, ਮੱਖਣ ਟੁੱਟ)

ਇਸ ਸਦੀ ਦੌਰਾਨ ਦੁਨੀਆਂ ਦੇ ਬਹੁਤੇ ਲੋਕ ਚਿੱਟੇ ਯੂਰਪੀਅਨ ਬਸਤੀਵਾਦੀਆਂ ਦੇ ਸਿੱਧੇ ਕਬਜ਼ੇ ਥੱਲਿਉਂ ਨਿਕਲ ਚੁੱਕੇ ਹਨ। ਸਤਾਰਵੀਂ ਤੇ ਅਠਾਰਵੀਂ ਸਦੀ ਦੌਰਾਨ ਅਮਰੀਕਾ ਵਿਚ ਮਜ਼ਦੂਰੀ ਲਈ ਜਿਹੜੇ ਅਫਰੀਕਨ ਲੋਕਾਂ ਨੂੰ ਜਬਰੀ ਉਧਾਲ ਕੇ ਲਿਆਂਦਾ ਗਿਆ, ਉਹ ਆਪਣੀ ਮੁਕਤੀ ਲਈ ਅਤੇ ਚਿੱਟੇ ਲੋਕਾਂ ਦੇ ਬਰਾਬਰ ਹੋਣ ਲਈ ਲਗਾਤਾਰ ਜਦੋ ਜਹਿਦ ਕਰਦੇ ਰਹੇ। ਅਮਰੀਕਾ ਵਿਚ ਕਾਲੇ ਲੋਕਾਂ ਨਾਲ ਭਾਰਤ ਵਿਚਲੇ ਅਛੂਤਾਂ ਵਾਂਗ ਵਰਤਿਆ ਜਾਂਦਾ। ਇਸ ਅਣਮਨੁੱਖੀ ਵਤੀਰੇ ਵਿਰੁੱਧ ਉਹਨਾਂ ਦੇ ਘੋਲ ਨੇ ਸੱਠਵਿਆਂ ਦੌਰਾਨ ਨਵੀਆਂ ਸਿਖ਼ਰਾਂ ਛੋਹੀਆਂ ਤੇ ਬਰਾਬਰਤਾ ਦੇ ਹੱਕ ਪਰਾਪਤ ਕੀਤੇ ਭਾਵੇਂ ਅਜੇ ਅਮਲੀ ਰੂਪ ਵਿਚ ਉਨ੍ਹਾਂ ਨੂੰ ਲਾਗੂ ਕਰਾਉਣ ਲਈ ਕਾਫੀ ਕੁਝ ਕਰਨਾ ਬਾਕੀ ਹੈ। ਪਰ ਚਿੱਟੇ ਅਮੀਰ ਲੋਕਾਂ ਵੱਲੋਂ ਅਮਰੀਕਾ ਵਿਚ ਹੀ ਨਹੀਂ, ਦੁਨੀਆਂ ਭਰ ਦੇ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਜੋ ਰੰਗ ਦਾ ਹਥਿਆਰ ਵਰਤਿਆ ਜਾਂਦਾ ਰਿਹਾ ਹੈ ਅਤੇ ਗੈਰ ਚਿੱਟੇ ਲੋਕਾਂ ਵੱਲੋਂ ਜੋ ਲਗਾਤਾਰ ਇਸ ਵਿਰੁੱਧ ਜਦੋ ਜਹਿਦ ਹੁੰਦੀ ਰਹੀ ਹੈ, ਇਸ ਸਮੇਂ ਸਾਊਥ ਅਫਰੀਕਾ ਵਿਚ ਇਹ ਟੱਕਰ ਆਖਰੀ ਸਿਖ਼ਰਾਂ 'ਤੇ ਪਹੁੰਚ ਗਈ ਹੈ।

ਇਸ ਸਮੇਂ ਸਾਊਥ ਅਫਰੀਕਾ ਨਫ਼ਰਤ ਦੀ ਅੱਗ ਵਿਚ ਸੜਦਾ ਬਲ ਰਿਹਾ ਹੈ। ਇਹ ਅੱਗ ਘੱਟ ਗਿਣਤੀ ਚਿੱਟੇ ਲੋਕਾਂ ਵੱਲੋਂ ਆਪਣੀ ਚੌਧਰ ਕਾਇਮ ਰੱਖਣ ਲਈ ਅਤੇ ਬਹੁ-ਗਿਣਤੀ ਕਾਲੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ ਮਘਾਈ ਹੋਈ ਹੈ। ਪਰ ਕਾਲੇ ਲੋਕਾਂ ਦੇ ਸਬਰ ਦਾ ਪਿਆਲਾ ਹੁਣ ਟੁੱਟ ਚੁੱਕਾ ਹੈ। ਆਪਣੇ ਹੀ ਘਰ ਵਿਚ ਹੁਣ ਉਹ ਕੈਦੀਆਂ ਵਾਂਗ ਰਹਿਣ ਤੋਂ ਇਨਕਾਰੀ ਹਨ। ਆਪਣੇ ਹੱਕਾਂ ਲਈ ਉਹ ਹੁਣ ਹੋਰ ਉਡੀਕ ਨਹੀਂ ਕਰਨਾ ਚਾਹੁੰਦੇ। ਉਹਨਾਂ ਦੀ ਇਹ ਜੱਦੋ-ਜਹਿਦ ਬਹੁਤ ਪੁਰਾਣੀ ਹੈ। ਸਾਊਥ ਅਫਰੀਕਾ ਦੇ ਕਾਲੇ ਲੋਕਾਂ ਦਾ ਹਰਮਨ ਪਿਆਰਾ ਆਗੂ ਨੈਲਸਨ ਮੰਡੇਲਾ ਪਿਛਲੇ ਬਾਈ ਸਾਲਾਂ ਤੋਂ ਜੇਲ ਵਿਚ ਹੈ। ਇਸ ਲੰਮੀ ਜੱਦੋ-ਜਹਿਦ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਕਾਲੇ ਲੋਕਾਂ ਨੇ ਆਪਣੇ ਹੱਕਾਂ ਲਈ ਲੜਦਿਆਂ ਆਪਣੀਆਂ ਜਾਨਾਂ ਦਿੱਤੀਆਂ ਹਨ। ਹਜ਼ਾਰਾਂ ਜੇਲ੍ਹਾਂ ਕੱਟ ਰਹੇ ਹਨ ਅਤੇ ਹਜ਼ਾਰਾਂ ਸਟੀਵ ਬੀਕੋ ਵਾਂਗ ਪੁਲੀਸ ਵੱਲੋਂ ਜੇਲ੍ਹਾਂ ਵਿਚ ਹੀ ਕਤਲ ਕਰ ਦਿੱਤੇ ਗਏ। ਸਾਊਥ ਅਫਰੀਕਾ ਵਿਚ ਵੀ ਗਾਂਧੀਵਾਦੀ ਅਤੇ ਧਾਰਮਿਕ ਬੰਦੇ ਲੋਕਾਂ ਨੂੰ ਸਹਿਨਸ਼ੀਲਤਾ ਅਤੇ ਸ਼ਾਂਤੀ ਪੂਰਵਕ ਤਰੀਕੇ ਨਾਲ ਹੱਕਾਂ ਲਈ ਜੱਦੋ-ਜਹਿਦ ਦਾ ਮਸ਼ਵਰਾ ਦਿੰਦੇ ਰਹੇ ਹਨ, ਪਰ ਦੂਜੇ ਪਾਸੇ ਸਰਕਾਰੀ ਨੀਤੀ ਤੇ ਜਬਰ ਜਿਉਂ ਦਾ ਤਿਉਂ ਕਾਇਮ ਰਿਹਾ ਹੈ। ਲੋਕਾਂ ਨੂੰ ਆਪਣੇ ਹੱਕਾਂ ਲਈ ਵਿਖਾਵਾ ਕਰਨ ਤੱਕ ਦਾ ਹੱਕ ਨਹੀਂ ਹੈ। ਪਰ ਸਾਊਥ ਅਫਰੀਕਾ ਦੇ ਬਹਾਦਰ ਲੋਕ ਡਟੇ ਹੋਏ ਹਨ - ਅਤੇ ਆਪਣੇ ਹੱਕਾਂ ਲਈ ਉਹ ਅੱਥਰੂ ਗੈਸ ਅਤੇ ਮੌਤ ਵਰ੍ਹਾਉਂਦੀਆਂ ਗੋਲੀਆਂ ਦੀ ਬੁਛਾੜ ਅੱਗੇ ਹਿੱਕਾਂ ਡਾਹ ਰਹੇ ਹਨ। ਚਿੱਟੀ ਸਰਕਾਰ ਦੇ ਕਾਨੂੰਨਾਂ ਦੀ ਉਲੰਘਣਾ ਕਰਦੇ ਉਹ ਨਿੱਤ ਹਜ਼ਾਰਾਂ ਦੀ ਗਿਣਤੀ ਵਿਚ ਜਲੂਸ ਕੱਢਦੇ ਹਨ। ਕੁਝ ਫੜ ਲਏ ਜਾਂਦੇ ਹਨ, ਕੁਝ ਮਰਦੇ ਹਨ ਤੇ ਬਹੁਤੇ ਜ਼ਖਮੀਂ ਹੁੰਦੇ ਹਨ ਤੇ ਬਚਦੇ ਫੇਰ ਅਗਲੇ ਦਿਨ ਜਲੂਸਾਂ ਵਿਚ ਸ਼ਾਮਲ ਹੁੰਦੇ ਹਨ।

ਸਾਊਥ ਅਫਰੀਕਾ ਦੇ ਕਾਲੇ ਲੋਕਾਂ ਵੱਲੋਂ ਇਹ ਘੋਲ ਅਪਾਰਥਾਈਡ ਢਾਂਚੇ ( ਇਸ ਕਾਨੂੰਨੀ ਢਾਂਚੇ ਰਾਹੀਂ ਕਾਲੇ ਅਤੇ ਚਿੱਟੇ ਲੋਕਾਂ ਨੂੰ ਵੱਖ ਵੱਖ ਰੱਖਿਆ ਜਾਂਦਾ ਹੈ ਅਤੇ ਚਿੱਟੇ ਲੋਕਾਂ ਦੇ ਮੁਕਾਬਲੇ ਕਾਲੇ ਲੋਕਾਂ ਨੂੰ ਕੋਈ ਮਨੁੱਖੀ ਹੱਕ ਨਹੀਂ ਹਨ) ਵਿਰੁੱਧ ਲੜਿਆ ਜਾ ਰਿਹਾ ਹੈ। ਇਸ ਉਭਾਰ ਨੂੰ ਰੋਕਣ ਲਈ ਸਾਊਥ ਅਫਰੀਕਾ ਦੀ ਚਿੱਟੀ ਸਰਕਾਰ ਮਾਡਰਨ ਹਥਿਆਰਾਂ ਨਾਲ ਲੈਸ ਹੋ ਕੇ ਹਰ ਤਰ੍ਹਾਂ ਦੇ ਜਬਰ ਤੇ ਜ਼ੁਲਮ ਦੇ ਢੰਗ ਵਰਤ ਰਹੀ ਹੈ। ਕਾਲੇ ਲੋਕਾਂ ਕੋਲ ਪਹਿਲਾਂ ਹੀ ਕੋਈ ਖਾਸ ਹੱਕ ਨਹੀਂ ਸਨ, ਰਹਿੰਦੀ ਕਸਰ ਚਿੱਟੀ ਸਰਕਾਰ ਨੇ ਇਸ ਸਾਲ 21 ਜੁਲਾਈ ਨੂੰ ਐਮਰਜੈਂਸੀ ਲਾ ਕੇ ਪੂਰੀ ਕਰ ਦਿੱਤੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਵਿਦਿਆਰਥੀ, ਸਿਆਸੀ ਕਾਰਕੁੰਨ, ਮਜ਼ਦੂਰ ਆਗੂ, ਧਾਰਮਿਕ ਲੋਕ ਚਿੱਟੀ ਸਰਕਾਰ ਦਾ ਵਿਰੋਧ ਕਰਨ ਕਰਕੇ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ। ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਐਮਰਜੈਂਸੀ ਦੌਰਾਨ 600 ਤੋਂ ਉੱਪਰ ਕਾਲੇ ਲੋਕ ਮਾਰੇ ਜਾ ਚੁੱਕੇ ਹਨ। ਐਮਰਜੈਂਸੀ ਅਧੀਨ ਪੁਲੀਸ ਕੋਲ ਹਰ ਕਿਸਮ ਦੇ ਜਾਬਰ ਹੱਕ ਹਨ। ਉਹ ਕਿਸੇ ਵੀ ਘਰ ਵਿਚ ਮਨਮਰਜ਼ੀ ਨਾਲ ਦਾਖਲ ਹੋ ਸਕਦੀ ਹੈ, ਲੋਕਾਂ ਦੀਆਂ ਚੀਜ਼ਾਂ ਜ਼ਬਤ ਕਰ ਸਕਦੀ ਹੈ, ਲੋਕਾਂ ਨੂੰ ਇਕ ਜਗ੍ਹਾ ਤੋਂ ਜ਼ਬਰੀ ਦੂਜੀ ਜਗ੍ਹਾ ਭੇਜ ਸਕਦੀ ਹੈ, ਪੱਤਰਕਾਰਾਂ ਨੂੰ ਗੜਬੜ ਵਾਲੇ ਇਲਾਕਿਆਂ 'ਚੋਂ ਬਾਹਰ ਰੱਖ ਸਕਦੀ ਹੈ ਆਦਿ ਆਦਿ।

ਪਰ ਚਿੱਟੀ ਸਰਕਾਰ ਦਾ ਇਹ ਅਣਮਨੁੱਖੀ ਜ਼ੁਲਮ ਵੀ ਕਾਲੇ ਲੋਕਾਂ ਦੇ ਉੱਠੇ ਉਭਾਰ ਨੂੰ ਠੱਲ ਨਹੀਂ ਪਾ ਸਕਿਆ ਹੈ, ਕਿਉਂਕਿ ਇਹ ਜੋ ਲਹਿਰ ਉੱਠੀ ਹੈ ਇਹ ਇਕ ਦਿਨ ਵਿਚ ਹੀ ਨਹੀਂ ਉੱਠ ਪਈ ਸਗੋਂ ਇਸ ਦੇ ਪਿਛੋਕੜ ਵਿਚ ਸਾਊਥ ਅਫਰੀਕਾ ਦੀ ਚਿੱਟੀ ਘੱਟ-ਗਿਣਤੀ ਵੱਲੋਂ ਕਾਲੀ ਬਹੁ-ਗਿਣਤੀ ਨਾਲ ਕੀਤੀਆਂ ਵਧੀਕੀਆਂ ਦਾ ਇਤਿਹਾਸ ਹੈ। ਕਾਲੇ ਲੋਕਾਂ ਦੇ ਆਪਣੇ ਹੀ ਦੇਸ਼ ਵਿਚ ਚਿੱਟਿਆਂ ਵੱਲੋਂ ਉਹਨਾਂ ਨਾਲ ਕੀਤਾ ਸਲੂਕ ਇਸ ਲਹਿਰ ਦਾ ਆਧਾਰ ਹੈ। ਇਸ ਲਹਿਰ ਨੂੰ, ਇਸ ਗੁੱਸੇ ਨੂੰ, ਇਸ ਨਫ਼ਰਤ ਦੀ ਮਘਦੀ ਅੱਗ ਨੂੰ ਸਮਝਣ ਲਈ ਪਿਛਲੇ ਤਿੰਨ ਸਾਢੇ ਤਿੰਨ ਸੌ ਸਾਲਾਂ ਤੋਂ ਸਾਊਥ ਅਫਰੀਕਾ ਵਿੱਚ ਜੋ ਕੁਝ ਵਾਪਰਦਾ ਰਿਹਾ ਹੈ ਉਸ ਉੱਪਰ ਝਾਤ ਮਾਰਨ ਦੀ ਲੋੜ ਹੈ। ਇਸ ਲੇਖ ਵਿਚ ਸਾਊਥ ਅਫਰੀਕਾ ਦੇ ਵੱਖ ਵੱਖ ਪੱਖਾਂ 'ਤੇ ਨਿਗਾਹ ਮਾਰੀ ਜਾਵੇਗੀ ਤਾਂ ਕਿ ਮੌਜੂਦਾ ਲਹਿਰ ਨੂੰ ਠੀਕ ਸੰਦਰਭ ਵਿਚ ਸਮਝਿਆ ਜਾ ਸਕੇ।

**ਸਾਊਥ ਅਫਰੀਕਾ ਦੇ ਬਸ਼ਿੰਦੇ ਅਤੇ ਉਹਨਾਂ ਦਾ ਪਿਛੋਕੜ :** ਇਸ ਸਮੇਂ ਸਾਊਥ ਅਫਰੀਕਾ ਦੇ ਰਹਿਣ ਵਾਲਿਆਂ ਨੂੰ ਉਹਨਾਂ ਦੀ ਨਸਲ, ਰੰਗ ਦੇ ਆਧਾਰ 'ਤੇ ਚਹੁੰ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ

1 ਕਾਲੇ ਲੋਕ - ਇਸ ਸਮੇਂ ਕਾਲੇ ਲੋਕਾਂ ਦੀ ਸਾਊਥ ਅਫਰੀਕਾ ਵਿਚ ਗਿਣਤੀ 23.9 ਮਿਲੀਅਨ ( ਦੋ ਕਰੋੜ 39 ਲੱਖ) ਹੈ। ਉਨ੍ਹਾਂ ਦੀ ਅਫਰੀਕਾ ਵਿਚ ਹੋਂਦ ਬਾਰੇ ਸਬੂਤ ਮਿਲਦੇ ਹਨ ਕਿ ਉਹ ਪੰਜਵੀਂ ਸਦੀ ਵਿਚ ਉਥੇ ਰਹਿੰਦੇ ਸਨ। ਉਹ ਵੱਖ ਵੱਖ ਕਬੀਲਿਆਂ ਵਿਚ ਰਹਿੰਦੇ ਹੋਏ ਟੱਪਰੀਵਾਸਾਂ ਵਰਗਾ ਜੀਵਨ ਬਤੀਤ ਕਰਦੇ ਸਨ। ਉਹ ਪਸ਼ੂ ਪਾਲਦੇ ਸਨ ਅਤੇ ਘਾਹ ਦੀਆਂ ਚਰਾਂਦਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਆਉਂਦੇ ਜਾਂਦੇ ਰਹਿੰਦੇ ਸਨ।

2 ਚਿੱਟੇ ਲੋਕ - ਸਾਊਥ ਅਫਰੀਕਾ ਵਿਚ ਰਹਿ ਰਹੇ ਚਿੱਟੇ ਲੋਕਾਂ ਦੀ ਗਿਣਤੀ 4.9 ਮਿਲੀਅਨ (49 ਲੱਖ) ਹੈ। ਇਨ੍ਹਾਂ ਵਿਚੋਂ ਜ਼ਿਆਦਾ ਲੋਕ ਡੱਚ ਅਤੇ ਬ੍ਰਿਟਿਸ਼ ਮੂੱਢ ਦੇ ਹਨ। ਭਾਵੇਂ ਯੂਰਪ ਦੇ ਹੋਰ ਹਿੱਸਿਆਂ ਵਿੱਚੋਂ ਵੀ ਚਿੱਟੇ ਲੋਕ ਸਾਊਥ ਅਫਰੀਕਾ ਵਿਚ ਆਏ ਪਰ ਉਹਨਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੀ ਸੀ। ਸੰਨ 1652 ਵਿਚ ਡੱਚ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ 'ਕੇਪ' ਵਿਖੇ

ਡੱਚ ਜਹਾਜ਼ਾਂ ਦੇ ਠਹਿਰਣ ਲਈ ਇਕ ਅੱਡਾ ਖੋਹਲਣ ਲਈ ਆਏ। ਭਾਵੇਂ 1795 ਵਿਚ ਬਰਤਾਨੀਆਂ ਨੇ 'ਕੇਪ' ਉੱਪਰ ਕਬਜ਼ਾ ਕਰ ਲਿਆ ਪਰ ਵੱਡੀ ਗਿਣਤੀ ਵਿਚ ਬਰਤਾਨੀਆਂ ਤੋਂ ਲੋਕ 1820 ਦੇ ਦੌਰਾਨ (5000 ਦੀ ਗਿਣਤੀ) ਵਿਚ ਆਏ।

3. ਰੰਗਦਾਰ – ਯੂਰਪੀਨ ਲੋਕਾਂ ਦੇ ਸਾਊਥ ਅਫਰੀਕਾ ਵਿਚ ਆਉਣ 'ਤੇ ਪਹਿਲੇ ਦਸ ਸਾਲ ਉਨ੍ਹਾਂ ਨੇ ਅਫਰੀਕਾ ਦੇ ਵੈੱਸਟ ਕੋਸਟ ਤੋਂ ਗੁਲਾਮ ਲਿਆਂਦੇ। ਸੰਨ 1662 ਤੋਂ ਬਾਅਦ ਮੋਜ਼ਮਬੀਕ, ਮੈਡਾਗਾਸਕਰ, ਪੂਰਬ ਵਿਚ ਡੱਚ ਈਸਟ ਇੰਡੀਆ ਕੰਪਨੀ ਦੇ ਅਸਰ ਹੇਠਲੇ ਇਲਾਕਿਆਂ ਵਿੱਚੋਂ ਗੁਲਾਮਾਂ ਨੂੰ ਏਥੇ ਲਿਆਂਦਾ ਗਿਆ। 1839 ਵਿਚ ਜਦੋਂ ਗੁਲਾਮਾਂ ਨੂੰ ਆਜ਼ਾਦੀ ਮਿਲੀ ਉਸ ਸਮੇਂ ਗੁਲਾਮਾਂ ਦੀ ਗਿਣਤੀ 39000 ਦੇ ਲਗਭਗ ਸੀ। ਇਨ੍ਹਾਂ ਗੁਲਾਮਾਂ ਨਾਲ ਯੂਰਪੀਨ ਲੋਕਾਂ ਅਤੇ ਕਾਲੇ ਲੋਕਾਂ ਦੇ ਲਿੰਗ ਸਬੰਧਾਂ ਕਾਰਨ ਇਕ ਰੰਗਦਾਰ ਕਿਸਮ ਦੇ ਲੋਕਾਂ ਦੀ ਵਸੋਂ ਹੋਂਦ ਵਿਚ ਆਈ। ਇਸ ਸਮੇਂ ਉਨ੍ਹਾਂ ਦੀ ਗਿਣਤੀ 2.9 ਮਿਲੀਅਨ (29 ਲੱਖ) ਹੈ।

4. ਭਾਰਤੀ ਮੁੱਢ ਦੇ ਲੋਕ – ਭਾਰਤੀ ਮੁੱਢ ਦੇ ਲੋਕ ਅਫਰੀਕਾ ਵਿੱਚ ਪਹਿਲਾਂ ਪਹਿਲ ਸੰਨ 1860 ਵਿਚ ਆਏ। ਕੋਸਟਲ ਏਰੀਏ ਦੇ ਫਾਰਮਰਾਂ ਨੂੰ ਗੰਨੇ ਦੀ ਫਸਲ ਲਈ ਮਜ਼ਦੂਰਾਂ ਦੀ ਲੋੜ ਸੀ। ਰੰਗਦਾਰ ਮਜ਼ਦੂਰ ਜਮਾਤ ਉਹਨਾਂ ਦੀ ਇਸ ਲੋੜ ਨੂੰ ਪੂਰਾ ਨਹੀਂ ਕਰ ਸਕਦੀ ਸੀ। ਇਸ ਲਈ ਗੰਨਾ ਉਗਾਉਣ ਵਾਲੇ ਇਨ੍ਹਾਂ ਫਾਰਮਰਾਂ ਨੇ ਭਾਰਤ ਵੱਲ ਰੁੱਖ ਕੀਤਾ। 1860-1866 ਦੇ ਦੌਰਾਨ 6000 ਭਾਰਤੀ ਮਜ਼ਦੂਰ ਸਾਊਥ ਅਫਰੀਕਾ ਦੇ ਨੇਟਲ (NATAL) ਦੇ ਇਲਾਕੇ ਵਿਚ ਆਏ। ਇਹਨਾਂ ਵਿਚੋਂ ਬਹੁਤੇ ਨੀਵੀਂ ਜਾਤ ਦੇ ਗੁਜਰਾਤੀ ਹਿੰਦੂ ਸਨ। ਸੰਨ 1911 ਤੱਕ ਇਕ ਲੱਖ ਚਾਲੀ ਹਜ਼ਾਰ ਦੇ ਲਗਭਗ ਭਾਰਤੀ ਸਾਊਥ ਅਫਰੀਕਾ ਵਿਚ ਆ ਚੁੱਕੇ ਸਨ। ਬਾਅਦ ਵਿੱਚ ਆਉਣ ਵਾਲਿਆਂ ਵਿਚੋਂ ਕਈਆਂ ਨੇ ਰੇਲਵੇ ਲਾਈਨਾਂ, ਕੋਲੇ ਦੀਆਂ ਖਾਣਾਂ ਅਤੇ ਘਰੇਲੂ ਨੌਕਰਾਂ ਵਜੋਂ ਕੰਮ ਕੀਤਾ। ਇਨ੍ਹਾਂ ਵਿੱਚੋਂ 10 ਪ੍ਰਤੀਸ਼ਤ ਦੇ ਲਗਭਗ ਉਹ ਲੋਕ ਵੀ ਹਨ ਜਿਹੜੇ ਆਪਣੇ ਖਰਚੇ 'ਤੇ ਸਾਊਥ ਅਫਰੀਕਾ ਵਿੱਚ ਵਪਾਰ ਅਤੇ ਤਿਜਾਰਤ ਕਰਨ ਆਏ। ਇਸ ਸਮੇਂ ਇਹਨਾਂ ਦੀ ਗਿਣਤੀ ਇਕ ਮਿਲੀਅਨ (ਦਸ ਲੱਖ) ਹੈ।

**ਚਿੱਟਿਆਂ ਵੱਲੋਂ ਸਾਊਥ ਅਫਰੀਕਾ ਉੱਪਰ ਕਬਜ਼ਾ :** ਸੰਨ 1652 ਵਿਚ ਡੱਚ ਈਸਟ ਇੰਡੀਆ ਕੰਪਨੀ ਨੇ ਕੇਪ ਵਿਖੇ ਡੱਚ ਸਮੁੰਦਰੀ ਜਹਾਜ਼ਾਂ ਦੇ ਠਹਿਰਨ ਲਈ ਅੱਡਾ ਬਣਾਉਣ ਅਤੇ ਕਿਲ੍ਹੇਬੰਦੀ ਕਰਨ ਦੇ ਨਾਲ ਨਾਲ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਉਹ ਉਥੋਂ ਕਾਲੇ ਲੋਕਾਂ ਨਾਲ ਬੋਲ-ਵਿਗਾੜ ਕੀਤੇ ਬਿਨਾ ਸਸਤੀਆਂ ਭੇਡਾਂ ਅਤੇ ਪਸ਼ੂ ਵੀ ਹਾਸਲ ਕਰਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਇੰਜ ਕਰਨਾ ਸ਼ੁਰੂ ਕਰ ਦਿੱਤਾ। ਪਰ ਸੰਨ 1657 ਦੇ ਕਰੀਬ ਜਦੋਂ ਕਾਲੇ ਲੋਕਾਂ ਵੱਲੋਂ ਭੇਡਾਂ ਅਤੇ ਪਸ਼ੂਆਂ ਦੀ ਸਪਲਾਈ ਡੱਚਾਂ ਦੀ ਲੋੜ ਮੁਤਾਬਕ ਨਾ ਹੋਈ ਤਾਂ ਡੱਚ ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਆਪ ਪਸ਼ੂ ਪਾਲਣੇ ਸ਼ੁਰੂ ਕਰ ਦਿੱਤੇ। ਅਤੇ ਯੂਰਪ ਤੋਂ ਆਏ ਇਮੀਗਰੈਂਟਾਂ ਨੂੰ ਫਾਰਮਿੰਗ ਦੇ ਕੰਮ ਲਈ ਉਤਸ਼ਾਹਤ ਕੀਤਾ। ਇਸ ਤਰ੍ਹਾਂ ਇਹਨਾਂ ਯੂਰਪੀਨਾਂ ਨੇ ਉਨ੍ਹਾਂ ਥਾਂਵਾਂ 'ਤੇ ਕਬਜ਼ਾ ਕਰ ਲਿਆ ਜਿਨ੍ਹਾਂ ਉਪਰ ਕਾਲੇ ਲੋਕ ਆਪਣਾ ਹੱਕ ਸਮਝਦੇ ਸਨ। ਭਾਵੇਂ ਕਾਲਿਆਂ ਨੇ ਇਸਦਾ ਵਿਰੋਧ ਕੀਤਾ ਪਰ ਉਹ ਯੂਰਪੀਨਾਂ ਨੂੰ ਰੋਕਣ ਵਿਚ ਕਾਮਯਾਬ ਨਾ ਹੋ ਸਕੇ। ਯੂਰਪ ਤੋਂ ਆਏ ਇਨ੍ਹਾਂ ਫਾਰਮਰਾਂ ਨੂੰ 11.3 ਹੈਕਟੇਅਰ ਪ੍ਰਤੀ ਫਾਰਮਰ ਦੇ ਹਿਸਾਬ ਜ਼ਮੀਨ ਦਿੱਤੀ ਗਈ। ਸੰਨ 1697 ਦੇ ਨੇੜੇ ਇਸ ਤਰ੍ਹਾਂ ਦੇ 60 ਪਰਿਵਾਰਾਂ ਦੇ ਲਗਭਗ ਫਾਰਮਰ ਸਨ ਅਤੇ ਉਹਨਾਂ ਦੀ ਦੂਜੀ ਪੀੜ੍ਹੀ ਜਵਾਨ ਹੋ ਰਹੀ ਸੀ। ਇਹ ਦੂਜੀ ਪੀੜ੍ਹੀ ਡੱਚ ਈਸਟ ਇੰਡੀਆ ਕੰਪਨੀ ਤੋਂ ਮੰਗ ਕਰ ਰਹੀ ਸੀ ਕਿ ਉਹਨਾਂ ਨੂੰ ਹੋਰ ਅੰਦਰਲੇ ਇਲਾਕਿਆਂ ਵਿੱਚ (ਜਿਨਾਂ ਨੂੰ ਕਾਲੇ ਲੋਕ ਆਪਣੇ ਇਲਾਕੇ ਸਮਝਦੇ ਸਨ) ਫਾਰਮਿੰਗ ਕਰਨ ਦੀ ਇਜ਼ਾਜ਼ਤ ਦਿੱਤੀ ਜਾਵੇ। ਕੰਪਨੀ ਨੇ ਇਹ ਇਜਾਜ਼ਤ ਦੇ ਦਿੱਤੀ, ਪਰ ਇਸਦੇ ਨਾਲ ਹੀ ਥੋੜਾ ਬਹੁਤਾ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋਏ।

ਅਠਾਰਵੀਂ ਸਦੀ ਦੇ ਆਰੰਭ ਵਿਚ ਇਨਾਂ ਯੂਰਪੀਨ ਫਾਰਮਰਾਂ ਨੇ ਅੰਦਰਲੇ ਇਲਾਕਿਆਂ ਵਿਚ ਵਧਣਾ ਸ਼ੁਰੂ ਕਰ ਦਿੱਤਾ। ਇਹ ਫਾਰਮਰ ਸਮਝਦੇ ਸਨ ਕਿ ਘੱਟੋ ਘੱਟ 6000 ਏਕੜ ਦੀ ਮਲਕੀਅਤ ਦਾ ਉਨ੍ਹਾਂ ਦਾ ਜਮਾਂਦਰੂ ਹੱਕ ਹੈ। ਇਹਨਾਂ, ਉਨ੍ਹਾਂ ਇਲਾਕਿਆਂ ਉੱਪਰ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਜਿਹੜੇ ਇਲਾਕੇ ਕਬੀਲਿਆਂ ਦੇ ਰੂਪ ਵਿਚ ਰਹਿ ਰਹੇ ਕਾਲੇ ਲੋਕਾਂ ਦੇ ਸਨ। ਚਿੱਟਿਆਂ ਕੋਲ ਵਧੀਆ ਹਥਿਆਰ ਹੋਣ ਕਰਕੇ, ਕਾਲੇ ਉਨ੍ਹਾਂ ਦਾ ਸਫਲਤਾ ਨਾਲ ਵਿਰੋਧ ਨਾ ਕਰ ਸਕੇ। ਚਿੱਟਿਆਂ ਨੇ ਹੌਲੀ ਹੌਲੀ ਕਾਲਿਆਂ ਨੂੰ ਉਨ੍ਹਾਂ ਥਾਵਾਂ ਵੱਲ ਧੱਕ ਦਿੱਤਾ ਜਿੱਥੋਂ ਦੀਆਂ ਜ਼ਮੀਨਾਂ ਘੱਟ ਉਪਜਾਊ ਅਤੇ ਮਾੜੀਆਂ ਸਨ। ਅਤੇ ਆਪ ਵਧੀਆ ਜ਼ਮੀਨਾਂ ਉੱਪਰ ਕਬਜ਼ਾ ਕਰ ਲਿਆ। ਇਸ ਸਮੇਂ ਤੱਕ ਚਿੱਟੇ ਫਾਰਮਰ ਡੱਚ ਈਸਟ ਇੰਡੀਆ ਕੰਪਨੀ ਤੋਂ ਕਾਫੀ ਹੱਦ ਤੱਕ ਆਜ਼ਾਦ ਹੋ ਚੁੱਕੇ ਸਨ। ਸੰਨ 1843 ਵਿਚ ਬਰਤਾਨੀਆਂ ਨੇ ਨੇਟਲ (NATAL) ਦੇ ਏਰੀਏ ਉੱਪਰ ਕਬਜ਼ਾ ਕਰ ਲਿਆ। ਪਹਿਲਾਂ ਪਹਿਲ ਉਹਨਾਂ ਚਿੱਟੇ ਫਾਰਮਰਾਂ ਦੀ ਜ਼ਮੀਨ ਦੀ ਮਾਲਕੀ ਨੂੰ 6000 ਏਕੜ ਤੋਂ ਘੱਟ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਕਾਲੇ ਲੋਕਾਂ ਨੂੰ ਉਨ੍ਹਾਂ ਜ਼ਮੀਨਾਂ 'ਤੇ ਮੁੜ ਵਸਾਇਆ ਜਾ ਸਕੇ। ਪਰ ਸੰਨ 1897 ਵਿੱਚ ਬ੍ਰਿਟਿਸ਼ਾਂ ਨੇ ਕਾਲਿਆਂ ਦੇ ਇਲਾਕੇ ਜ਼ੂਲੂਲੈਂਡ (ਜਿਸ ਵਿਚ ਜ਼ੂਲੂ ਕਬੀਲੇ ਦੇ ਕਾਲੇ ਲੋਕ ਰਹਿੰਦੇ ਸਨ) ਉੱਪਰ ਕਬਜ਼ਾ ਕਰ ਲਿਆ ਕਾਲਿਆਂ ਨੂੰ ਥੋੜੀ ਜਿਹੀ ਜ਼ਮੀਨ ਉਨ੍ਹਾਂ ਦੇ ਰਿਜ਼ਰਵ ਲਈ ਦੇ ਕੇ ਬਾਕੀ ਦੀ ਸਾਰੀ ਜ਼ਮੀਨ ਉੱਪਰ ਆਪ ਕਬਜ਼ਾ ਕਰ ਲਿਆ। ਇਸ ਤਰ੍ਹਾਂ ਹੌਲੀ ਹੌਲੀ ਚਿੱਟਿਆਂ ਨੇ ਕਾਲਿਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਹਟਾ ਕੇ, ਰਿਜ਼ਰਵਾਂ (ਜਿਨ੍ਹਾਂ ਨੂੰ ਬੰਤੂਸਤਾਨ ਅਤੇ ਹੁਣ ਹੋਮਲੈਂਡਜ਼ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਵਿਚ ਧੱਕ ਦਿੱਤਾ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਸਾਊਥ ਅਫਰੀਕਾ ਬਰਤਾਨੀਆਂ ਦੇ ਅਧੀਨ ਦੋ ਕਲੋਨੀਆਂ 'ਕੇਪ ਆਫ ਗੁੱਡ ਹੋਪ' (CAPE OF GOOD HOPE) ਅਤੇ 'ਨੈਟਲ' (NATAL) ਅਤੇ ਡੱਚਾਂ ਦੇ ਅਧੀਨ ਦੋ ਕਲੋਨੀਆਂ 'ਔਰੇਂਜ ਫਰੀ ਸਟੇਟ' (ORANGE FREE STATE) ਅਤੇ 'ਟਰਾਂਸਵਾਲ' (TRANSWALL) ਵਿਚ ਵੰਡੀ ਹੋਈ ਸੀ। ਸੰਨ 1910 ਵਿਚ ਇਹ ਸਭ ਮਿਲ ਕੇ 'ਦਾ ਰੀਪਬਲਿਕ ਆਫ ਸਾਊਥ ਅਫਰੀਕਾ' ਦਾ ਜਨਮ ਹੋਇਆ।

**ਅਪਾਰਥਾਈਡ ਅਤੇ ਇਸ ਦਾ ਪਿਛੋਕੜ :** ਅਪਾਰਥਾਈਡ ਦਾ ਅਰਥ ਹੈ ਅਜਿਹਾ ਪ੍ਰਬੰਧ ਜਿਸ ਵਿਚ ਲੋਕ ਨਸਲ ਅਤੇ ਰੰਗ ਦੇ ਆਧਾਰ 'ਤੇ ਵੰਡੇ ਹੋਏ ਹਨ ਅਤੇ ਜਿੰਦਗੀ ਜਿਉਣ ਲਈ ਲੋੜੀਂਦੇ ਸਮਾਨ ਅਤੇ ਸਾਧਨ ਲੋਕਾਂ ਨੂੰ ਉਨ੍ਹਾਂ ਦੀ ਨਸਲ ਅਤੇ ਰੰਗ ਦੇ ਆਧਾਰ 'ਤੇ ਮੁਹੱਈਆ ਹੁੰਦੇ ਹਨ। ਇਸ ਤਰ੍ਹਾਂ ਇਸ ਪ੍ਰਬੰਧ ਅਧੀਨ ਸਾਊਥ ਅਫਰੀਕਾ ਵਿਚ ਰਹਿਣ ਵਾਲੇ ਲੋਕ ਸਾਊਥ ਅਫਰੀਕਨ ਨਹੀਂ, ਸਗੋਂ ਚਿੱਟੇ ਹਨ, ਕਾਲੇ ਹਨ, ਰੰਗਦਾਰ ਹਨ ਅਤੇ ਭਾਰਤੀ ਮੁੱਢ ਦੇ ਹਨ। ਹਰ ਗਰੁੱਪ ਦੇ ਲੋਕ ਵੱਖੋ ਵੱਖ ਰਹਿੰਦੇ ਹਨ। ਦੇਸ਼ ਦੇ ਕਾਨੂੰਨ, ਜਿਉਣ ਦੇ ਸਾਧਨ, ਅੱਗੇ ਵਧਣ ਦੇ ਮੌਕੇ, ਰੋਜ਼ੀ ਕਮਾਉਣ ਦੇ ਸਾਧਨ ਹਰ ਗਰੁੱਪ ਲਈ ਅਲਹਿਦਾ ਅਲਹਿਦਾ ਹਨ। ਇਨ੍ਹਾਂ ਗਰੁੱਪਾਂ ਵਿਚ ਚਿੱਟੇ ਸਭ ਤੋਂ ਉਪਰ ਹਨ ਅਤੇ ਕਾਲੇ ਲੋਕ ਸਭ ਤੋਂ ਹੇਠਾਂ। ਭਾਵੇਂ ਅਪਾਰਥਾਈਡ

ਦਾ ਅਜੋਕਾ ਰੂਪ ਚਿੱਟਿਆਂ ਦੀ ਅਫਰੀਕਨ ਨੈਸ਼ਨਲ ਪਾਰਟੀ ਦੀ ਸਰਕਾਰ ਨੇ 1948 ਵਿਚ ਲਾਗੂ ਕੀਤਾ ਪਰ ਇਸ ਦੀ ਹੋਂਦ ਉਦੋਂ ਤੋਂ ਹੀ ਸਾਊਥ ਅਫਰੀਕਾ ਵਿਚ ਮੌਜੂਦ ਸੀ ਜਦੋਂ ਪਹਿਲੀ ਵਾਰ ਚਿੱਟਿਆਂ ਨੇ ਸਾਊਥ ਅਫਰੀਕਾ ਵਿਚ ਪੈਰ ਪਾਇਆ ਸੀ। ਉਨ੍ਹਾਂ ਦੀ ਉਦੋਂ ਤੋਂ ਹੀ ਇਹ ਸੋਚ ਸੀ ਕਿ ਕਾਲੇ ਲੋਕ ਮਨੁਖ ਨਹੀਂ ਹਨ, ਇਸ ਲਈ ਉਨ੍ਹਾਂ ਨਾਲ ਮੇਲ ਮਿਲਾਪ ਨਹੀਂ ਕਰਨਾ ਚਾਹੀਦਾ। ਇਹ ਸੋਚ ਉਸ ਸੋਚ ਵਿਚੋਂ ਉਪਜੀ ਹੈ ਜਿਸ ਸੋਚ ਦੇ ਅਨੁਸਾਰ ਨਸਲਵਾਦੀ ਚਿੱਟੇ ਲੋਕ ਇਹ ਸਮਝਦੇ ਹਨ ਕਿ ਚਿੱਟੀ ਨਸਲ ਦੇ ਲੋਕ ਸਾਰੀ ਦੁਨੀਆਂ ਵਿਚੋਂ ਵਧੀਆ ਹਨ, ਬਾਕੀ ਸਭ ਲੋਕ ਉਨ੍ਹਾਂ ਨਾਲੋਂ ਘਟੀਆ ਹਨ। ਜਿਸ ਤਰ੍ਹਾਂ ਅਸੀਂ ਪਹਿਲਾਂ ਦੱਸਿਆ ਹੈ ਕਿ ਚਿੱਟੇ ਲੋਕਾਂ ਨੇ ਕਾਲਿਆਂ ਦੀਆਂ ਜ਼ਮੀਨਾਂ ਉਪਰ ਕਬਜ਼ਾ ਕਰ ਉਨ੍ਹਾਂ ਨੂੰ ਰੀਜ਼ਰਵਾਂ ਵਿਚ ਧੱਕ ਦਿਤਾ। ਕਾਲੇ ਲੋਕਾਂ ਨੂੰ ਉਨ੍ਹਾਂ ਉਨ੍ਹਾਂ ਇਲਾਕਿਆਂ ਵਿਚ ਆਉਣ ਦੀ ਇਜਾਜ਼ਤ ਨਹੀਂ ਸੀ ਜਿਹੜੇ ਚਿੱਟਿਆਂ ਦੇ ਕਬਜ਼ੇ ਵਿਚ ਸਨ। ਪਰ ਜਿਉਂ ਜਿਉਂ ਵਿਕਾਸ ਹੁੰਦਾ ਗਿਆ, ਤਿਉਂ ਤਿਉਂ ਚਿੱਟਿਆਂ ਨੂੰ ਮਜ਼ਦੂਰਾਂ ਦੀ ਲੋੜ ਵਧਦੀ ਗਈ। ਪਹਿਲਾਂ ਪਹਿਲ ਜਦੋਂ ਰੰਗਦਾਰ ਅਤੇ ਗੁਲਾਮ ਲੋਕ ਚਿੱਟਿਆਂ ਦੇ ਫਾਰਮਾਂ ਵਿਚ ਮਜ਼ਦੂਰਾਂ ਦੀ ਲੋੜ ਪੂਰੀ ਨਾ ਕਰ ਸਕੇ ਤਾਂ ਕਾਲੇ ਲੋਕਾਂ ਨੂੰ ਚਿੱਟਿਆਂ ਦੇ ਫਾਰਮਾਂ ਵਿਚ ਮਜ਼ਦੂਰੀ ਕਰਨ ਦੀ ਇਜਾਜ਼ਤ ਮਿਲਦੀ ਰਹੀ। ਪਰ ਇਸ ਲਈ ਉਨ੍ਹਾਂ ਨੂੰ ਪਾਸ ਲੈਣਾ ਪੈਂਦਾ ਸੀ। ਬਾਅਦ ਵਿਚ ਜਦੋਂ ਖਾਣਾਂ ਅਤੇ ਹੋਰ ਸਨਅਤਾਂ ਦਾ ਵਿਕਾਸ ਹੋਇਆ ਤਾਂ ਚਿੱਟਿਆਂ ਨੂੰ ਵੱਡੀ ਗਿਣਤੀ ਵਿਚ ਮਜ਼ਦੂਰਾਂ ਦੀ ਲੋੜ ਪਈ। ਤਾਂ ਫਿਰ ਕਾਲੇ ਲੋਕਾਂ ਨੂੰ ਚਿੱਟਿਆਂ ਦੇ ਇਲਾਕੇ ਵਿਚ ਜਾ ਖਾਣਾਂ ਅਤੇ ਇਹਨਾਂ ਸਨਅਤਾਂ ਵਿਚ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਰਹੀ। ਇਸ ਲਈ ਵੀ ਕਾਲੇ ਲੋਕਾਂ ਨੂੰ ਪਾਸ ਲੈਣ ਦੀ ਲੋੜ ਹੁੰਦੀ ਸੀ। ਇਸ ਤਰ੍ਹਾਂ ਇਕ ਤਾਂ ਚਿੱਟੇ ਲੋਕਾਂ ਨੇ ਕਾਲਿਆਂ ਦੀ ਧਰਤੀ ਅਤੇ ਧਰਤੀ ਹੇਠਲੇ ਖਜ਼ਾਨਿਆਂ ਉਪਰ ਕਬਜ਼ਾ ਕਰ ਲਿਆ ਅਤੇ ਦੂਜਾ ਕਾਲਿਆਂ ਦੇ ਆਪਣੇ ਦੇਸ਼ ਵਿਚ ਆਜ਼ਾਦੀ ਨਾਲ ਘੁੰਮਣ ਫਿਰਨ 'ਤੇ ਰੋਕਾਂ ਲਾ ਦਿੱਤੀਆਂ। ਜਿਉਂ ਜਿਉਂ ਚਿੱਟਿਆਂ ਨੂੰ ਕਾਲੇ ਮਜ਼ਦੂਰਾਂ ਦੀ ਲੋੜ ਵਧਦੀ ਗਈ, ਤਿਉਂ ਤਿਉਂ ਕਾਲੇ ਲੋਕਾਂ ਨੂੰ ਰੀਜ਼ਰਵਾਂ ਵਿਚੋਂ ਬਾਹਰ ਆਉਣ ਲਈ ਪਾਸ ਦਿੱਤੇ ਜਾਂਦੇ ਰਹੇ। ਇਨ੍ਹਾਂ ਰੀਜ਼ਰਵਾਂ ਵਿਚ ਹਾਲਤ ਏਨੇ ਮਾੜੇ ਸਨ ਕਿ ਉਹਨਾਂ ਵਿਚ ਰਹਿ ਕੇ ਗੁਜ਼ਾਰਾ ਨਹੀਂ ਕੀਤਾ ਜਾ ਸਕਦਾ ਸੀ। ਇਸ ਲਈ ਕਾਲੇ ਲੋਕ ਉਹਨਾਂ ਵਿਚੋਂ ਬਾਹਰ ਆਉਣ ਲਈ ਮਜਬੂਰ ਸਨ। ਹੌਲੀ ਹੌਲੀ ਕਾਲੇ ਮਜ਼ਦੂਰਾਂ ਦੀ ਗਿਣਤੀ ਚਿੱਟਿਆਂ ਦੇ ਇਲਾਕਿਆਂ ਵਿਚ ਵਧਦੀ ਗਈ। ਇਸ ਤਰ੍ਹਾਂ ਸੰਭਵ ਸੀ ਕਿ ਇਸ ਤਰ੍ਹਾਂ ਚਿੱਟਿਆਂ ਅਤੇ ਕਾਲਿਆਂ ਵਿਚਕਾਰ ਏਕੀਕਰਣ ਦਾ ਮੌਕਾ ਮਿਲਦਾ। ਇਸ ਸੰਭਾਵਨਾ ਨੂੰ ਰੋਕਣ ਲਈ ਚਿੱਟੀ ਸਰਕਾਰ ਨੇ ਕਈ ਕਾਨੂੰਨ ਪਾਸ ਕੀਤੇ। ਚਿੱਟੀ ਸਰਕਾਰ ਅਤੇ ਚਿੱਟੇ ਸਰਮਾਏਦਾਰਾਂ ਲਈ ਕਾਲੇ ਲੋਕਾਂ ਦੀ ਕੋਈ ਮਹੱਤਤਾ ਨਹੀਂ ਸੀ, ਜੇ ਮਹੱਤਤਾ ਸੀ ਤਾਂ ਉਨ੍ਹਾਂ ਦੀ ਮਿਹਨਤ ਦੀ, ਤਾਂ ਕਿ ਚਿੱਟੇ ਮਾਲਕ ਉਨ੍ਹਾਂ ਦੀ ਸਸਤੀ ਮਿਹਨਤ ਖਾਣਾਂ ਅਤੇ ਫੈਕਟਰੀਆਂ ਵਿਚ ਵਰਤ ਕੇ ਆਪਣੇ ਮੁਨਾਫੇ ਹੋਰ ਵਧਾ ਸਕਣ। ਕਾਲੇ ਅਤੇ ਚਿੱਟਿਆਂ ਦੇ ਏਕੀਕਰਣ (INTEGRATION) ਨੂੰ ਰੋਕਣ ਲਈ ਸੰਨ 1948 ਵਿਚ ਅਫਰੀਕਨ ਨੈਸ਼ਨਲ ਪਾਰਟੀ ਦੀ ਸਰਕਾਰ ਨੇ ਅਪਾਰਥਾਈਡ ਦਾ ਵਿਊਂਤਬੱਧ ਪ੍ਰਬੰਧ ਲਿਆਂਦਾ। ਆਉ ਦੇਖੀਏ ਕਿ ਇਸ ਪ੍ਰਬੰਧ ਹੇਠ ਚਿੱਟਿਆਂ ਤੋਂ ਬਿਨਾਂ ਬਾਕੀ ਲੋਕਾਂ ਦੀ ਕਿਸ ਤਰ੍ਹਾਂ ਲੁੱਟ-ਖਸੁੱਟ ਕੀਤੀ ਜਾਂਦੀ ਹੈ।

(ੳ) ਸਿਆਸੀ ਅਤੇ ਆਰਥਿਕ ਹਾਲਤ :

1. ਸਾਊਥ ਅਫਰੀਕਾ ਦੇ ਬਹੁ-ਗਿਣਤੀ 25.9 ਮਿਲੀਅਨ ਕਾਲਿਆਂ ਨੂੰ ਵੋਟ ਦਾ ਕੋਈ ਅਧਿਕਾਰ ਨਹੀਂ। ਰੰਗਦਾਰ ਅਤੇ ਭਾਰਤੀ ਮੂੰਹ ਦੇ ਲੋਕਾਂ ਨੂੰ ਪਿਛਲੇ ਸਾਲ ਆਪਣੀ ਵੱਖਰੀ ਪਾਰਲੀਮੈਂਟ ਚੁਣਨ ਦਾ ਅਧਿਕਾਰ ਦਿੱਤਾ ਗਿਆ ਹੈ। ਪਰ ਇਸ ਪਾਰਲੀਮੈਂਟ ਕੋਲ ਕਾਨੂੰਨ ਬਣਾਉਣ ਸਬੰਧੀ ਕੋਈ ਅਧਿਕਾਰ ਨਹੀਂ। ਇਹ ਸਿਰਫ਼ ਚਿੱਟਿਆਂ ਦੀ ਪਾਰਲੀਮੈਂਟ ਨੂੰ ਸਲਾਹ ਹੀ ਦੇ ਸਕਦੀ ਹੈ।

2. ਸਾਊਥ ਅਫਰੀਕਾ ਦੇ ਕਾਲੇ ਲੋਕ ਆਪਣੀ ਮਰਜ਼ੀ ਮੁਤਾਬਕ ਸਾਊਥ ਅਫਰੀਕਾ ਵਿਚ ਤੁਰ ਫਿਰ ਨਹੀਂ ਸਕਦੇ, ਸਗੋਂ ਉਨ੍ਹਾਂ ਨੂੰ ਆਪਣੀ ਹੋਮ ਲੈਂਡ ਤੋਂ ਬਾਹਰ ਜਾਣ ਲਈ ਇਕ ਪਾਸ ਬੁੱਕ (ਪਹਿਚਾਣ ਪੱਤਰ) ਲੈਣੀ ਪੈਂਦੀ ਹੈ। ਇਸ ਤਰਾਂ ਕਾਲੇ ਲੋਕ ਆਪਣੇ ਹੀ ਮੁਲਕ ਵਿਚ ਗੁਲਾਮਾਂ ਵਾਲਾ ਜੀਵਨ ਬਤੀਤ ਕਰਦੇ ਹਨ। ਜੇ ਕਿਸੇ ਕਾਲੇ ਕੋਲ ਪਾਸ-ਬੁਕ ਨਾ ਹੋਵੇ ਤਾਂ ਉਸ ਉਪਰ ਮੁਕੱਦਮਾ ਚੱਲ ਸਕਦਾ ਹੈ। ਪਿਛਲੇ 1974-75 ਦੌਰਾਨ 3,86000 ਇਸ ਤਰ੍ਹਾਂ ਦੇ ਮੁਕੱਦਮੇ ਚਲਾਏ ਗਏ ਹਨ।

3. ਜਿਹੜੇ ਕਾਲੇ ਲੋਕ ਹੋਮ ਲੈਂਡ ਛੱਡ ਕੇ ਸ਼ਹਿਰਾਂ ਵਿਚ ਮਿਹਨਤ ਮਜ਼ਦੂਰੀ ਕਰਨ ਆਉਂਦੇ ਹਨ, ਉਹ ਸ਼ਹਿਰ ਵਿਚ ਆਪਣੀ ਮਨਮਰਜ਼ੀ ਦੇ ਥਾਂ ਨਹੀਂ ਰਹਿ ਸਕਦੇ। ਸਗੋਂ ਕਾਲਿਆਂ ਦੇ ਰਹਿਣ ਲਈ ਸ਼ਹਿਰੋਂ ਬਾਹਰ ਇਕ ਅਲਹਿਦਾ ਇਲਾਕਾ ਮਿਥਿਆ ਹੁੰਦਾ ਹੈ। ਇਸ ਇਲਾਕੇ ਤੋਂ ਬਾਹਰ ਜਾਣ ਲਈ ਉਨ੍ਹਾਂ ਕੋਲ 'ਪਾਸ ਬੁੱਕ' ਹੋਣੀ ਜ਼ਰੂਰੀ ਹੈ।

4 ਜੇ ਸ਼ਹਿਰੀ ਇਲਾਕੇ ਵਿਚ ਰਹਿਣ ਵਾਲਾ ਕਾਲਾ ਆਦਮੀ ਜਾਂ ਔਰਤ (16 ਸਾਲ ਤੋਂ ਉੱਪਰ) ਇਕ ਮਿਥੇ ਸਮੇਂ ਤੋਂ ਵੱਧ ਸਮਾਂ ਵਿਹਲਾ ਰਹੇ ਤਾਂ ਉਸਨੂੰ ਵਾਪਸ ਹੋਮਲੈਂਡ ਭੇਜ ਦਿੱਤਾ ਜਾਂਦਾ ਹੈ ਭਾਵੇਂ ਉਹ ਜਾਣਾ ਚਾਹੁੰਦਾ ਹੋਵੇ ਜਾਂ ਨਾ।

5. ਕਾਲੇ ਕਾਮਿਆਂ ਨੂੰ ਯੂਨੀਅਨ ਬਣਾਉਣ ਦਾ ਕੋਈ ਹੱਕ ਨਹੀਂ। ਕਾਲੇ ਕਾਮਿਆਂ ਵੱਲੋਂ ਕੀਤੀ ਹੜਤਾਲ ਗ਼ੈਰ-ਕਾਨੂੰਨੀ ਹੈ।

6. ਚੰਗੀਆਂ ਚੰਗੀਆਂ, ਹੁਨਰ ਵਾਲੀਆਂ ਨੌਕਰੀਆਂ ਚਿੱਟਿਆਂ ਲਈ ਰਾਖਵੀਆਂ ਰੱਖੀਆਂ ਜਾਂਦੀਆਂ ਹਨ।

7 ਕਾਲੇ ਕਾਮੇ ਦੀ ਔਸਤਨ ਤਨਖਾਹ, ਚਿੱਟੇ ਕਾਮੇ ਦੀ ਤਨਖਾਹ ਦਾ ਪੰਜਵਾਂ ਹਿੱਸਾ (19%) ਬਣਦੀ ਹੈ।

8. ਭਾਵੇਂ ਸਾਊਥ ਅਫਰੀਕਾ ਦੇ ਕੰਮ ਕਰਨ ਵਾਲਿਆਂ (WORK FORCE) ਵਿਚ ਸੱਠ ਫੀ ਸਦੀ ਲੋਕ ਕਾਲੇ ਹਨ ਪਰ ਉਨ੍ਹਾਂ ਨੂੰ ਦੇਸ਼ ਦੀ ਨੈਸ਼ਨਲ ਇਨਕਮ ਦਾ 23 ਫੀ ਸਦੀ ਹੀ ਮਿਲਦਾ ਹੈ। ਭਾਰਤੀ ਮੂੰਹ ਦੇ ਅਤੇ ਰੰਗਦਾਰ ਲੋਕਾਂ ਨੂੰ ਦਸ ਪ੍ਰਤੀਸ਼ਤ ਅਤੇ ਬਾਕੀ ਦਾ 67 ਪ੍ਰਤੀਸ਼ਤ ਚਿੱਟੇ ਲੈ ਜਾਂਦੇ ਹਨ।

9. ਸਾਊਥ ਅਫਰੀਕਾ ਦੇ ਕਾਲੇ ਲੋਕਾਂ ਦਾ ਜੀਵਨ ਮਿਆਰ, ਤੀਜੀ ਦੁਨੀਆਂ ਦੇ ਗਰੀਬ ਲੋਕਾਂ ਬਰਾਬਰ ਹੈ। ਪਰ ਇਥੋਂ ਦੇ ਚਿੱਟਿਆਂ ਦਾ ਜੀਵਨ ਪੱਧਰ ਅਮਰੀਕਾ, ਕੈਨੇਡਾ ਅਤੇ ਹੋਰ ਸਕੈਂਡੇਨੇਵੀਅਨ ਲੋਕਾਂ ਦੇ ਮੁਕਾਬਲੇ ਦਾ ਹੈ।

10 ਇਸ ਸਮੇਂ ਸਾਊਥ ਅਫਰੀਕਾ ਵਿਚ ਬੇਰੁਜ਼ਗਾਰੀ ਦੀ ਦਰ 9.8 ਪ੍ਰਤੀਸ਼ਤ ਹੈ ਪਰ ਕਾਲੇ ਲੋਕਾਂ ਵਿਚ ਬੇਰੁਜ਼ਗਾਰੀ 25 ਪ੍ਰਤੀਸ਼ਤ ਦੇ ਬਰਾਬਰ ਹੈ।

(ਅ) ਵਿਦਿਅਕ ਪ੍ਰਬੰਧ: ਹਰ ਨਸਲ ਦੇ ਲੋਕਾਂ ਲਈ ਵਿਦਿਅਕ ਪ੍ਰਬੰਧ ਵੱਖੋ ਵੱਖਰਾ ਹੈ। ਇਸ ਦੇ ਫਲਸਰੂਪ ਕਾਲੇ ਲੋਕਾਂ ਲਈ ਦਿੱਤੀ ਜਾਂਦੀ ਵਿਦਿਆ ਦੀ ਪੱਧਰ ਸਾਰਿਆਂ ਤੋਂ ਘਟੀਆ ਹੈ ਅਤੇ ਚਿੱਟੇ ਲੋਕਾਂ ਲਈ ਸਭ ਤੋਂ ਵਧੀਆ। ਚਿੱਟੇ ਲੋਕਾਂ ਦੇ ਬੱਚਿਆਂ ਲਈ ਸਕੂਲ ਜਾਣਾ ਕਾਨੂੰਨ ਮੁਤਾਬਕ ਜ਼ਰੂਰੀ ਹੈ ਅਤੇ ਉਹਨਾਂ ਨੂੰ ਵਿੱਦਿਆ ਮੁਫ਼ਤ ਦਿੱਤੀ ਜਾਂਦੀ ਹੈ। ਪਰ ਕਾਲੇ ਬੱਚਿਆਂ ਲਈ ਵਿਦਿਆ ਜ਼ਰੂਰੀ ਨਹੀਂ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਇਸ ਲਈ ਫੀਸ ਦੇਣੀ ਪੈਂਦੀ ਹੈ। ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਿ

ਕਾਲਿਆਂ ਦੀਆਂ ਤਨਖ਼ਾਹਾਂ ਚਿੱਟੇ ਲੋਕਾਂ ਦੇ ਮੁਕਾਬਲੇ ਬਹੁਤ ਘੱਟ ਹਨ, ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਫੀਸ ਦੇ ਕੇ ਪੜ੍ਹਾਉਣਾ ਕਿੰਨਾ ਮੁਸ਼ਕਲ ਹੈ। ਇਸ ਸਮੇਂ ਚਿੱਟਿਆਂ ਦੀ ਵਿਦਿਆ ਉੱਪਰ ਪ੍ਰਤੀ ਜੀ ਖ਼ਰਚ 780 ਡਾਲਰ ਹਨ ਅਤੇ ਕਾਲਿਆਂ ਦੀ ਵਿਦਿਆ ਉੱਪਰ ਪ੍ਰਤੀ ਜੀ ਖ਼ਰਚ 110 ਡਾਲਰ ਹਨ। ਇਸ ਹੀ ਤਰ੍ਹਾਂ ਦਾ ਪੱਖਪਾਤੀ ਵਿਦਿਅਕ ਪ੍ਰਬੰਧ ਹੋਣ ਕਰਕੇ ਸੰਨ 1975 ਵਿਚ ਡਿਗਰੀਆਂ ਅਤੇ ਡਿਪਲੋਮੇ ਲੈਣ ਵਾਲਿਆਂ ਵਿਚ 15476 ਚਿੱਟੇ ਲੋਕ ਸਨ ਅਤੇ 1757 ਕਾਲੇ। ਵਿਦਿਅਕ ਪ੍ਰਣਾਲੀ ਦਾ ਪੱਖਪਾਤੀ ਪੱਖ ਹੇਠਾਂ ਦਿੱਤੇ ਚਾਰਟ ਤੋਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ –

ਸਾਇੰਸ ਵਿਚ ਗਰੈਜੂਏਟ:

| ਸੰਨ | ਚਿੱਟੇ | ਭਾਰਤੀ-ਮੂਲ | ਰੰਗਦਾਰ | ਕਾਲੇ |
|---|---|---|---|---|
| ਡਾਕਟਰ (1975) | 601 | 65 | 21 | 6 |
| ਇੰਜਨੀਅਰ (1976) | 1076 | – | – | 2 |
| ਬਾਈਆਲੋਜਿਸਟ (1976) | 168 | – | – | 0 |
| ਖੇਤੀਬਾੜੀ ਇੰਜਨੀਅਰ (1976) | 184 | – | – | 0 |

ਇਹ ਚਾਰਟ UNESCO ਵੱਲੋਂ ਛਾਪੇ ਪੈਂਫਲਿਟ APARTHEID IN BLACK & WHITE ਵਿਚੋਂ ਲਿਆ ਗਿਆ ਹੈ।

ਉਪਰਲਾ ਚਾਰਟ ਵੇਖਣ ਸਮੇਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਸਾਊਥ ਅਫਰੀਕਾ ਵਿਚ ਕਾਲਿਆਂ ਦੀ ਅਬਾਦੀ ਕੁੱਲ ਅਬਾਦੀ ਦਾ 73 ਪ੍ਰਤੀਸ਼ਤ ਹੈ ਅਤੇ ਚਿੱਟਿਆਂ ਦੀ ਗਿਣਤੀ ਕੁੱਲ ਅਬਾਦੀ ਦਾ 20.5 ਪ੍ਰਤੀਸ਼ਤ ਹੈ। ਇਸ ਤਰ੍ਹਾਂ ਦਾ ਵਿਦਿਅਕ ਪ੍ਰਬੰਧ ਚਿੱਟੀ ਸਰਕਾਰ ਵੱਲੋਂ ਇਸ ਲਈ ਰੱਖਿਆ ਜਾ ਰਿਹਾ ਹੈ, ਤਾਂ ਕਿ ਕਾਲੇ ਲੋਕ ਸਦਾ ਹੇਠਲੇ ਦਰਜੇ ਦੀਆਂ ਨੌਕਰੀਆਂ ਕਰਨ ਲਈ ਮਜਬੂਰ ਰਹਿਣ।

(ੲ) **ਸਿਹਤ ਪ੍ਰਬੰਧ :** ਸਾਊਥ ਅਫਰੀਕਾ ਵਿਚ ਚਿੱਟਿਆਂ ਲਈ ਡਾਕਟਰੀ ਸਹੂਲਤਾਂ ਦੁਨੀਆਂ ਦੇ ਬੇਹਤਰੀਨ ਦੇਸ਼ਾਂ ਦੇ ਮੁਕਾਬਲੇ ਦੀਆਂ ਹਨ। ਪਰ ਕਾਲਿਆਂ ਲਈ ਡਾਕਟਰੀ ਸਹੂਲਤਾਂ ਨਾ ਹੋਣ ਦੇ ਬਰਾਬਰ ਹਨ। 1976 ਦੇ ਅੰਕੜਿਆਂ ਮੁਤਾਬਕ 400 ਚਿੱਟਿਆਂ ਮਗਰ ਇਕ ਡਾਕਟਰ ਮੁਹੱਈਆ ਹੈ। ਦੂਜੇ ਪਾਸੇ 44000 ਕਾਲੇ ਲੋਕਾਂ ਮਗਰ ਇਕ ਡਾਕਟਰ ਦਾ ਹੀ ਪ੍ਰਬੰਧ ਹੈ। ਚਿੱਟਿਆਂ ਦੀ ਔਸਤਨ ਉਮਰ 70 ਸਾਲ ਹੈ ਜਦ ਕਿ ਕਾਲਿਆਂ ਦੀ ਔਸਤਨ ਉਮਰ 57.5 ਸਾਲ ਹੈ। ਛੋਟੇ ਬੱਚਿਆਂ ਵਿਚ ਮੌਤ ਦੀ ਦਰ ਹਜ਼ਾਰ ਪਿੱਛੇ 27 ਹੈ ਜਦਕਿ ਕਾਲਿਆਂ ਵਿਚ ਇਹ ਸ਼ਹਿਰਾਂ ਵਿਚ ਹਜ਼ਾਰ ਪਿੱਛੇ 200 ਅਤੇ ਪੇਂਡੂ ਇਲਾਕਿਆਂ ਵਿਚ ਹਜ਼ਾਰ ਪਿੱਛੇ 400 ਹੈ। ਇਸ ਦਰ ਤੋਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਕਾਲੇ ਲੋਕਾਂ ਦੀ ਜ਼ਿੰਦਗੀ ਕਿੰਨੀ ਦੁੱਖਾਂ ਭਰੀ ਹੈ।

(ਸ) **ਹੋਰ ਬੰਦਸ਼ਾਂ :** (1) ਪਿਛਲੇ ਸਾਲ ਤੱਕ ਵੱਖ ਵੱਖ ਨਸਲਾਂ ਦੇ ਲੋਕਾਂ ਵਿਚਕਾਰ ਲਿੰਗ ਸਬੰਧ ਅਤੇ ਵਿਆਹ ਗ਼ੈਰ-ਕਾਨੂੰਨੀ ਸਨ।

(2) ਗੱਡੀਆਂ ਵਿਚ ਚਿੱਟਿਆਂ ਅਤੇ ਕਾਲਿਆਂ ਦੇ ਸਫ਼ਰ ਕਰਨ ਲਈ ਵੱਖ ਵੱਖ ਪ੍ਰਬੰਧ ਹਨ।

3. ਅਪਾਰਥਾਈਡ ਦੀ ਪਾਲਿਸੀ ਕਾਲੇ ਲੋਕਾਂ ਦੇ ਪਰਿਵਾਰਕ ਜੀਵਨ ਨੂੰ ਬਹੁਤ ਨੁਕਸਾਨ ਪਹੁੰਚਾ ਰਹੀ ਹੈ। ਇਸ ਸਮੇਂ ਕਾਲੇ ਲੋਕਾਂ ਦੀ ਕੁੱਲ ਅਬਾਦੀ ਦਾ ਅੱਧ ਸ਼ਹਿਰਾਂ ਵਿਚ ਰਹਿ ਰਿਹਾ ਹੈ। ਕਿਉਂਕਿ ਸ਼ਹਿਰਾਂ ਵਿਚ ਰਹਿਣ ਲਈ ਲੋਕਾਂ ਨੂੰ ਪਾਸ ਲੈਣ ਦੀ ਜ਼ਰੂਰਤ ਹੁੰਦੀ ਹੈ, ਇਸ ਕਰਕੇ ਸ਼ਹਿਰਾਂ ਵਿਚ ਰਹਿ ਰਹੇ ਕਾਲੇ ਲੋਕਾਂ ਨੂੰ ਆਪਣੇ ਪਰਵਾਰਾਂ ਨਾਲੋਂ ਵੱਖਰੇ ਤੌਰ 'ਤੇ ਰਹਿਣਾ ਪੈਂਦਾ ਹੈ, ਕਿਉਂਕਿ ਉਨ੍ਹਾਂ ਦੇ ਪਰਵਾਰ ਹੋਮਲੈਂਡਜ਼ ਵਿਚ ਰਹਿੰਦੇ ਹਨ। ਅਪਾਰਥਾਈਡ ਦੇ ਕਾਨੂੰਨ ਮੁਤਾਬਕ ਕੋਈ ਵੀ ਕਾਲਾ ਆਦਮੀ ਸ਼ਹਿਰੀ ਇਲਾਕੇ ਵਿੱਚ 72 ਘੰਟੇ ਤੋਂ ਵੱਧ ਨਹੀਂ ਰਹਿ ਸਕਦਾ, ਜੇ ਉਸ ਕੋਲ ਉਥੇ ਕੰਮ ਕਰਨ ਦੀ ਇਜਾਜ਼ਤ ਨਾ ਹੋਵੇ।

(ਹ) **ਲਿਖਣ ਬੋਲਣ ਦੀ ਆਜ਼ਾਦੀ :** ਅਪਾਰਥਾਈਡ ਦੇ ਖ਼ਿਲਾਫ਼ ਬੋਲਣ ਜਾਂ ਲਿਖਣ ਵਾਲਿਆਂ ਨੂੰ ਸਰਕਾਰ ਕਰੜੇ ਹੱਥੀਂ ਲੈਂਦੀ ਹੈ। ਉਨ੍ਹਾਂ ਰਿਪੋਰਟਰਾਂ ਨੂੰ ਜਿਹੜੇ ਅਪਾਰਥਾਈਡ ਵਿਰੁੱਧ ਬੋਲਦੇ ਹਨ, ਉਨ੍ਹਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਤੰਗ ਕੀਤਾ ਜਾਂਦਾ ਹੈ। ਧਮਕੀਆਂ, ਗ੍ਰਿਫ਼ਤਾਰੀਆਂ ਦਾ ਡਰ ਉਨ੍ਹਾਂ ਉਪਰ ਸਦਾ ਮੰਡਲਾਉਂਦਾ ਰਹਿੰਦਾ ਹੈ। ਜ਼ਿਆਦਾ ਅਖ਼ਬਾਰਾਂ ਚਿੱਟੇ ਲੋਕਾਂ ਦੇ ਕੰਟਰੋਲ ਹੇਠਾਂ ਹਨ। 19 ਅਕਤੂਬਰ, 1977 ਨੂੰ 'ਦਾ ਵਰਲਡ' (ਕਾਲੇ ਲੋਕਾਂ ਵੱਲੋਂ ਕੱਢੇ ਜਾਂਦੇ ਅਖ਼ਬਾਰ) ਦੇ ਛਪਣ ਦੀ ਮਨਾਹੀ ਕਰ ਦਿੱਤੀ ਗਈ। ਉਨ੍ਹਾਂ ਵਿਅਕਤੀਆਂ ਨੂੰ ਜਿਹੜੇ ਇਸ ਸਿਸਟਮ ਦਾ ਵਿਰੋਧ ਕਰਦੇ ਹਨ, ਬੈਨ ਕਰ ਦਿੱਤਾ ਜਾਂਦਾ ਹੈ। ਜਿਹੜਾ ਵਿਅਕਤੀ ਬੈਨ ਕੀਤਾ ਹੋਵੇ, ਉਹ ਕੁਝ ਵੀ ਲਿਖ ਕੇ ਪ੍ਰਕਾਸ਼ਤ ਨਹੀਂ ਕਰ ਸਕਦਾ, ਉਹ ਪਬਲਿਕ ਵਿਚ ਬੋਲ ਨਹੀਂ ਸਕਦਾ, ਕਿਸੇ ਵੀ ਸਮੇਂ ਇਕ ਵਿਅਕਤੀ ਤੋਂ ਜ਼ਿਆਦਾ ਲੋਕਾਂ ਨਾਲ ਮਿਲ ਨਹੀਂ ਸਕਦਾ। ਜੇ ਕੋਈ ਰਿਪੋਰਟਰ ਬੈਨ ਕੀਤੇ ਵਿਅਕਤੀ ਦਾ ਕਿਸੇ ਖ਼ਬਰ ਜਾਂ ਲਿਖਤ ਵਿਚ ਹਵਾਲਾ ਦੇ ਦੇਵੇ ਤਾਂ ਉਸ ਰਿਪੋਰਟਰ ਉੱਪਰ ਮੁਕੱਦਮਾ ਚੱਲ ਸਕਦਾ ਹੈ।

(ਕ) **ਹੋਮ ਲੈਂਡਜ਼ ਜਾਂ ਬੰਤੂਸਤਾਨ :** ਜਿਵੇਂ ਅਸੀਂ ਪਹਿਲਾਂ ਹੀ ਦੱਸਿਆ ਹੈ ਕਿ ਜਦੋਂ ਚਿੱਟੇ ਲੋਕ ਸਾਊਥ ਅਫਰੀਕਾ ਵਿਚ ਆਏ ਤਾਂ ਉਨ੍ਹਾਂ ਨੇ ਕਾਲੇ ਲੋਕਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਨੂੰ ਰਿਜ਼ਰਵਾਂ ਵਿਚ ਧੱਕ ਦਿੱਤਾ। ਇਨ੍ਹਾਂ ਰੀਜ਼ਰਵਾਂ ਨੂੰ ਪਹਿਲਾਂ ਬੰਤੂਸਤਾਨ ਅਤੇ ਹੁਣ ਹੋਮਲੈਂਡਜ਼ ਦਾ ਨਾਂ ਦਿਤਾ ਗਿਆ। ਇਸ ਸਮੇਂ ਕਾਲੇ ਲੋਕਾਂ ਨੂੰ ਦਸ ਕਬੀਲਿਆਂ ਵਿਚ ਵੰਡ ਕੇ ਦਸ ਹੋਮਲੈਂਡਜ਼ ਬਣਾਈਆਂ ਗਈਆਂ ਹਨ। ਇਸ ਪ੍ਰਬੰਧ ਨੂੰ ਲਾਗੂ ਕਰਨ ਲਈ ਪਹਿਲਾਂ ਕਾਨੂੰਨ 1913 ਵਿਚ ਪਾਸ ਕੀਤਾ ਗਿਆ। ਉਸ ਕਾਨੂੰਨ ਮੁਤਾਬਕ ਉਸ ਸਮੇਂ ਦੀਆਂ ਰੀਜ਼ਰਵਾਂ ਵਿਚ ਕੋਈ ਵੀ ਚਿੱਟਾ ਵਿਅਕਤੀ ਜ਼ਮੀਨ ਉਪਰ ਕਬਜ਼ਾ ਨਹੀਂ ਕਰ ਸਕਦਾ। ਇਸ ਤੋਂ ਇਸ ਤਰਾਂ ਲੱਗਦਾ ਹੈ ਕਿ ਇਹ ਕਾਨੂੰਨ ਚਿੱਟਿਆਂ ਨੇ ਕਾਲੇ ਲੋਕਾਂ ਦੀ ਭਲਾਈ ਲਈ ਪਾਸ ਕੀਤਾ। ਪਰ ਇਸ ਕਾਨੂੰਨ ਦੇ ਦੂਜੇ ਹਿੱਸੇ ਨੂੰ ਦੇਖਿਆਂ ਇਹ ਵਹਿਮ ਖ਼ਤਮ ਹੋ ਜਾਂਦਾ ਹੈ। ਇਸ ਦੇ ਦੂਜੇ ਹਿੱਸੇ ਮੁਤਾਬਿਕ ਕਾਲੇ ਲੋਕ ਉਨ੍ਹਾਂ ਰਿਜ਼ਰਵਾਂ ਤੋਂ ਬਾਹਰ ਨਹੀਂ ਸੀ ਜਾ ਸਕਦੇ ਬੇਸ਼ਰਤੇ ਕਿ ਉਹ ਚਿੱਟੇ ਲੋਕਾਂ ਦਾ ਨੌਕਰ ਹੋਵੇ। ਤੇ ਉਸ ਸਮੇਂ ਇਨ੍ਹਾਂ ਰੀਜ਼ਰਵਾਂ ਦਾ ਕੁੱਲ ਰਕਬਾ ਸਾਊਥ ਅਫਰੀਕਾ ਦੇ ਕੁੱਲ ਰਕਬੇ ਦਾ 7.3 ਪ੍ਰਤੀਸ਼ਤ ਸੀ ਜਦ ਕਿ ਕਾਲੇ

ਲੋਕਾਂ ਦੀ ਅਬਾਦੀ ਕੁੱਲ ਅਬਾਦੀ ਦਾ 67 ਪ੍ਰਤੀਸ਼ਤ ਸੀ ਤੇ ਫਿਰ ਸੰਨ 1948 ਵਿਚ ਜਦੋਂ ਅਪਾਰਥਾਈਡ ਪ੍ਰਬੰਧ ਵਿਉਂਤਬੱਧ ਢੰਗ ਨਾਲ ਹੋਂਦ ਵਿਚ ਲਿਆਂਦਾ ਤਾਂ ਦਸਾਂ ਕਬੀਲਿਆਂ ਦੇ ਆਧਾਰ 'ਤੇ ਦਸ ਹੋਮਲੈਂਡਜ਼ ਬਣਾ ਦਿੱਤੀਆਂ ਗਈਆਂ। ਕਾਲੇ ਲੋਕਾਂ ਨੂੰ ਇਨ੍ਹਾਂ ਹੋਮਲੈਂਡਜ਼ ਦੇ ਸਿਟੀਜ਼ਨ ਬਣਾ ਦਿੱਤਾ ਗਿਆ, ਸਾਰੇ ਸਾਊਥ ਅਫਰੀਕਾ ਦੇ ਨਹੀਂ। ਇਸ ਤਰ੍ਹਾਂ ਕਰਨ ਲੱਗਿਆਂ ਚਿੱਟੀ ਸਰਕਾਰ ਦਾ ਸਪਸ਼ਟੀਕਰਨ ਇਹ ਸੀ ਕਿ ਇਹ ਪ੍ਰਬੰਧ ਹਰ ਇਕ ਗਰੁੱਪ ਦੀ ਸਿਆਸੀ, ਸਮਾਜਿਕ ਅਤੇ ਆਰਥਿਕ ਜ਼ਿੰਦਗੀ ਲਈ ਵਧੀਆ ਅਤੇ ਠੋਸ ਭਵਿੱਖ ਲਿਆਏਗਾ। ਪਰ ਇਸ ਪਿਛਲੇ ਅਸਲੀ ਕਾਰਨ ਘੱਟ ਗਿਣਤੀ ਚਿੱਟਿਆਂ ਦੀ ਸਰਦਾਰੀ ਕਾਇਮ ਰੱਖਣਾ ਸੀ। ਕਿਉਂਕਿ ਇਨ੍ਹਾਂ ਹੋਮਲੈਂਡਜ਼ (ਜਿਨ੍ਹਾਂ ਵਿਚ ਕਾਲੇ ਲੋਕ ਰਹਿੰਦੇ ਹਨ) ਦਾ ਕੁੱਲ ਰਕਬਾ ਸਾਰੇ ਸਾਊਥ ਅਫਰੀਕਾ ਦੇ ਰਕਬੇ ਦਾ 13 ਪ੍ਰਤੀਸ਼ਤ ਹੈ, ਜਦ ਕਿ ਉਨ੍ਹਾਂ ਦੀ ਅਬਾਦੀ ਦਾ 73 ਪ੍ਰਤੀਸ਼ਤ ਹੈ। ਸਾਊਥ ਅਫਰੀਕਾ ਦੀ ਬਾਕੀ 87 ਪ੍ਰਤੀਸ਼ਤ ਲੈਂਡ ਜਿਸਨੂੰ 'ਕਾਮਨ ਏਰੀਆ' (COMMON AREA) ਦਾ ਨਾਂ ਦਿਤਾ ਗਿਆ ਹੈ, ਚਿੱਟੇ ਲੋਕਾਂ ਅਤੇ ਭਾਰਤੀ ਮੂਲ ਅਤੇ ਰੰਗਦਾਰ ਲੋਕਾਂ ਦੇ ਲਈ ਰਾਖਵਾਂ ਹੈ। ਦੂਸਰਾ ਕਾਰਨ ਇਹ ਵੀ ਹੈ ਕਿ ਕਿਸੇ ਦਿਨ ਜਦੋਂ ਕਾਲੇ ਲੋਕਾਂ ਦੀ ਆਜ਼ਾਦੀ ਦੀ ਲੜਾਈ ਜ਼ੋਰ ਫੜ ਗਈ ਤਾਂ ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਕਿਹਾ ਜਾ ਸਕਦਾ ਹੈ ਕਿ ਕਾਲੇ ਲੋਕ ਸਾਊਥ ਅਫਰੀਕਾ ਦੇ ਸਿਟੀਜ਼ਨ ਨਹੀਂ ਸਗੋਂ ਆਪਣੀਆਂ ਆਪਣੀਆਂ ਹੋਮਲੈਂਡਜ਼ ਦੇ ਨਾਗਰਿਕ ਹਨ। ਇਸੇ ਪਰਸੰਗ ਵਿਚ ਸੰਨ 1977 ਵਿਚ ਚਿੱਟੀ ਸਰਕਾਰ ਨੇ ਇਨ੍ਹਾਂ ਹੋਮਲੈਂਡਜ਼ ਨੂੰ ਆਜ਼ਾਦ ਕਰਨ ਲਈ ਤਜਵੀਜ਼ ਰੱਖੀ ਸੀ ਤਾਂ ਇਨ੍ਹਾਂ ਵਿਚੋਂ ਅੱਠ ਹੋਮਲੈਂਡਜ਼ ਦੇ ਲੀਡਰਾਂ ਨੇ ਇਸ ਦਾ ਵਿਰੋਧ ਕੀਤਾ ਸੀ, ਕਿਉਂਕਿ ਉਨ੍ਹਾਂ ਅਨੁਸਾਰ ਇਹ ਆਜ਼ਾਦੀ ਉਹਨਾਂ ਤੋਂ ਸਾਊਥ ਅਫਰੀਕਾ ਦੇ ਨਾਗਰਿਕ ਹੋਣ ਦਾ ਅਧਿਕਾਰ ਖੋਂਹਦੀ ਹੈ ਅਤੇ ਜਿਹੜੀ ਦੌਲਤ ਸਾਊਥ ਅਫਰੀਕਨ ਰੀਪਬਲਿਕ ਲਈ ਆਪਣੀ ਮਿਹਨਤ ਨਾਲ ਪੈਦਾ ਕੀਤੀ ਹੈ, ਉਸਤੋਂ ਉਨ੍ਹਾਂ ਨੂੰ ਵੰਚਿਤ ਕਰਦੀ ਹੈ। ਸਾਊਥ ਅਫਰੀਕਾ ਬਾਰੇ ਲਿਉ ਮਾਰਕੁਆਰਡ (LEO MARQUARD) ਅਨੁਸਾਰ ਇਹ ਹੋਮਲੈਂਡਜ਼ "ਭੁੱਖਮਰੀ ਦਾ ਸ਼ਿਕਾਰ, ਸਮੇਂ ਸਮੇਂ 'ਚ ਆਉਂਦੇ ਸਾਊਥ ਅਫਰੀਕਾ 'ਚ ਹੜ੍ਹਾਂ ਅਤੇ ਸੋਕਿਆਂ ਨੂੰ ਨਾ ਜਰ ਸਕਣ ਅਤੇ ਆਪਣੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਨਾ ਕਰ ਸਕਣ ਵਾਲੇ ਇਲਾਕੇ ਹਨ।"

ਸਰਕਾਰੀ ਪ੍ਰਾਪੇਗੰਡਾ: ਇਸ ਤਰ੍ਹਾਂ ਆਪਾਂ ਦੇਖਿਆ ਹੈ ਕਿ ਅਪਾਰਥਾਈਡ ਦੇ ਪ੍ਰਬੰਧ ਹੇਠਾਂ ਸਾਊਥ ਅਫਰੀਕਾ ਦੇ ਬਹੁ-ਗਿਣਤੀ ਕਾਲੇ ਲੋਕ ਕਿਸ ਤਰ੍ਹਾਂ ਗੁਲਾਮਾਂ ਵਾਲਾ ਅਤੇ ਅਣਮਨੁੱਖੀ ਜੀਵਨ ਬਤੀਤ ਕਰਦੇ ਹਨ। ਜਿਵੇਂ ਜਿਵੇਂ ਦੁਨੀਆਂ ਦੇ ਦੂਸਰੇ ਹਿੱਸਿਆਂ ਵਿਚ ਰਹਿੰਦੇ ਲੋਕਾਂ ਨੂੰ ਇਸ ਬਾਰੇ ਪਤਾ ਲੱਗਦਾ ਗਿਆ, ਤਿਵੇਂ ਤਿਵੇਂ ਬਾਹਰੋਂ ਇਸ ਪ੍ਰਬੰਧ ਵਿਰੁਧ ਵਿਰੋਧੀ ਦੀਆਂ ਆਵਾਜ਼ਾਂ ਉਠਣ ਲੱਗੀਆਂ। ਇਸ ਆਲੋਚਨਾਂ ਦੇ ਸੁਰ ਨੂੰ ਧੀਮਾ ਕਰਨ ਲਈ ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਚੰਗੇ ਪੈਸੇ ਖਰਚ ਕੇ ਇਕ ਪਰਚਾਰ ਮੁਹਿੰਮ ਚਲਾਈ ਗਈ ਹੈ। ਬਾਹਰਲੇ ਦੇਸ਼ਾਂ ਵਿਚ ਆਪਣੀਆਂ ਐਮਬੈਸੀਆਂ ਰਾਹੀਂ ਸਾਊਥ ਅਫਰੀਕਾ ਦੇ ਜਾਣਕਾਰੀ ਵਿਭਾਗ ਰਾਹੀਂ ਅਤੇ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਸਾਊਥ ਅਫਰੀਕਨ ਫਾਊਂਡੇਸ਼ਨ ਅਤੇ ਕਮੇਟੀ ਫਾਰ ਫੇਅਰਨੈੱਸ ਇਨ ਸਪੋਰਟ (COMMITTEE FOR FAIRNESS IN SUPPORT) ਵੱਲੋਂ ਅਪਾਰਥਾਈਡ ਦੇ ਹੱਕ ਵਿਚ ਪੜ੍ਹਾ ਪੜ੍ਹ ਸਾਹਿਤ ਵੰਡਿਆ ਜਾ ਰਿਹਾ ਹੈ। ਯੂਰਪ ਅਤੇ ਅਮਰੀਕਾ ਦੇ ਪ੍ਰਮੁਖ ਅਖ਼ਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਦਿਤੇ ਜਾਂਦੇ ਹਨ। ਬਾਹਰਲੇ ਦੇਸ਼ਾਂ ਦੀਆਂ ਵੱਡੀਆਂ ਵੱਡੀਆਂ ਹਸਤੀਆਂ ਨੂੰ ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਮਹਿਮਾਨ ਦੇ ਤੌਰ 'ਤੇ ਆਪਣੇ ਦੇਸ਼ ਦੀ ਸੈਰ ਲਈ ਸੱਦਾ ਪੱਤਰ ਦਿੱਤਾ ਜਾਂਦਾ ਹੈ। ਇਸ ਸੈਰ ਦਾ ਸਾਰਾ ਖਰਚ ਸਰਕਾਰ ਆਪਣੇ ਵੱਲੋਂ ਕਰਦੀ ਹੈ। ਅਤੇ ਇਹ "ਪਤਵੰਤੇ ਪਰਾਹੁਣੇ" ਜਦੋਂ ਸੈਰ ਕਰਕੇ ਵਾਪਸ ਪਰਤਦੇ ਹਨ ਤਾਂ ਸਾਊਥ ਅਫਰੀਕਾ ਦੀ ਸਰਕਾਰ ਦੇ ਹੱਕ ਵਿਚ ਬਿਆਨ ਦਾਗਦੇ ਹਨ। ਪਿਛਲੇ ਚਾਰ ਸਾਲਾਂ ਵਿਚ ਕੈਨੇਡਾ ਦੀ ਟੋਰੀ ਪਾਰਟੀ (P.C.) ਦੇ ਦੋ ਮੈਂਬਰ ਪਾਰਲੀਮੈਂਟ (M.P.), ਵਿਨੀਪੈਗ ਤੋਂ ਡੈਨ ਮਕੈਨਜ਼ੀ (DAN McKENZIE) ਅਤੇ ਕਿੰਗਸਟਨ ਏਰੀਏ ਤੋਂ ਵਿਲੀਅਮ ਵੈਨਕੋਨਟ (WILLIAM VANKOUGHNET) ਨੇ ਸਾਊਥ ਅਫਰੀਕਾ ਦੀ ਸਰਕਾਰ ਦੇ ਖਰਚੇ 'ਤੇ ਉਥੋਂ ਦੀ ਸੈਰ ਕੀਤੀ ਹੈ ਅਤੇ ਵਾਪਸ ਪਰਤਕੇ ਉਥੋਂ ਬਾਰੇ ਉਤਸ਼ਾਹ ਜਨਕ ਰੀਪੋਰਟਾਂ ਦਿੱਤੀਆਂ ਹਨ। ਇਸ ਸਰਕਾਰੀ ਪ੍ਰਚਾਰ ਲਈ ਸਾਊਥ ਅਫਰੀਕਾ ਦੇ ਜਾਣਕਾਰੀ ਵਿਭਾਗ ਦਾ ਬੱਜਟ ਸੰਨ 1948 ਵਿਚ ਇਕ ਲੱਖ ਚਾਲੀ ਹਜ਼ਾਰ ਡਾਲਰ ਸੀ, ਸੰਨ 1969 ਵਿਚ ਇਹ ਵਧ ਕੇ 50 ਲੱਖ ਹੋ ਗਿਆ ਅਤੇ ਸੰਨ 1976-77 ਦੇ ਸਾਲ ਦੌਰਾਨ ਇਹ ਬੱਜਟ ਇਕ ਕਰੋੜ ਪੰਜਾਹ ਲੱਖ ਨਾਲੋਂ ਵੀ ਵੱਧ ਸੀ।

ਅਪਾਰਥਾਈਡ ਵਿਰੁੱਧ ਘੋਲ: ਇਸ ਤਰ੍ਹਾਂ ਦੀਆਂ ਹਾਲਤਾਂ ਨੂੰ ਕਾਲੇ ਲੋਕਾਂ ਨੇ ਚੁੱਪਚਾਪ ਨਹੀਂ ਸਹਿਆ। ਇਸ ਅਣਮਨੁੱਖੀ ਜ਼ੁਲਮ ਅਤੇ ਜਬਰ ਵਿਰੁੱਧ ਸਮੇਂ ਸਮੇਂ ਲਹਿਰਾਂ ਉਠਦੀਆਂ ਹੀ ਰਹੀਆਂ ਹਨ। ਸੰਨ 1912 ਵਿਚ "ਅਫਰੀਕਨ ਨੈਸ਼ਨਲ ਕਾਂਗਰਸ" ਸਥਾਪਤ ਕੀਤੀ ਗਈ। ਸੰਨ 1950 ਵਿਚ ਜਦੋਂ ਚਿੱਟੀ ਸਰਕਾਰ ਨੇ ਅਪਾਰਥਾਈਡ ਪ੍ਰਬੰਧ ਹੇਠ ਕਾਲੇ ਲੋਕਾਂ ਲਈ ਵੱਖ ਵਿਦਿਅਕ ਪ੍ਰਣਾਲੀ ਦਾ ਆਰੰਭ ਕੀਤਾ ਤਾਂ ਕਾਲੇ ਲੋਕਾਂ ਵੱਲੋਂ ਇਸਦਾ ਵੱਡਾ ਵਿਰੋਧ ਕੀਤਾ, ਥਾਂ ਥਾਂ ਜਲੂਸ ਕੱਢੇ ਗਏ, ਮੁਜ਼ਾਹਰੇ ਕੀਤੇ ਗਏ। ਫੇਰ 1960 ਵਿਚ 'ਪਾਸ ਲਾਅ' ਦੇ ਵਿਰੋਧ ਵਿਚ ਇਕ ਬਹੁਤ ਵੱਡੀ ਲਹਿਰ ਉਠੀ। ਇਹ ਲਹਿਰ ਏਨਾ ਜ਼ੋਰ ਫੜ ਗਈ ਕਿ ਸਰਕਾਰ ਨੂੰ ਇਸਨੂੰ ਦਬਾਉਣ ਲਈ ਐਮਰਜੈਂਸੀ ਲਾਉਣੀ ਪਈ। ਇਸ ਲਹਿਰ ਸਮੇਂ ਸ਼ਾਰਪਵਿਲ ਵਿਖੇ ਇਕ ਮੁਜ਼ਾਹਰੇ ਦੌਰਾਨ ਪੁਲੀਸ ਨੇ ਲੋਕਾਂ ਉਪਰ ਗੋਲੀ ਚਲਾ ਦਿਤੀ ਜਿਸ ਕਾਰਨ 69 ਲੋਕ ਮਾਰੇ ਗਏ। ਪਰ ਕੀ ਇਸ ਜਬਰ, ਜ਼ੁਲਮ ਨਾਲ ਸਰਕਾਰ ਕਾਲਿਆਂ ਦੇ ਆਜ਼ਾਦੀ ਦੇ ਘੋਲ ਨੂੰ ਦਬਾਉਣ ਵਿਚ ਕਾਮਯਾਬ ਹੋ ਗਈ? ਨਹੀਂ। ਸੰਨ 1976 ਵਿਚ ਜਦੋਂ ਸਕੂਲਾਂ ਵਿਚ, ਕਾਫੀ ਸਮੇਂ ਤੋਂ ਰਹਿ ਰਹੇ ਡੱਚ ਲੋਕਾਂ ਦੀ ਜ਼ੁਬਾਨ (AFRIKAANS LANGUAGE) ਨੂੰ ਮੱਲੋਮੱਲੀ ਪੜ੍ਹਾਉਣ ਦੇ ਹੁਕਮ ਹੋਏ ਤਾਂ ਕਾਲੇ ਵਿਦਿਆਰਥੀਆਂ ਵੱਲੋਂ ਜ਼ਬਰਦਸਤ ਵਿਰੋਧ ਦੀ ਲਹਿਰ ਉਠੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਵੱਲੋਂ ਵਿਖਾਵੇ ਹੋਣੇ ਸ਼ੁਰੂ ਹੋ ਗਏ। ਜੋਹੈਨਸਬਰਗ ਦੇ ਨੇੜਲੇ ਕਾਲਿਆਂ ਦੇ ਸ਼ਹਿਰ ਸੋਵੀਟੋ (SOWETO) ਦੇ ਲਾਗੇ ਇਕ ਮੁਜ਼ਾਹਰੇ ਦੌਰਾਨ ਪੁਲੀਸ ਨੇ ਵਿਖਾਵਾਕਾਰੀਆਂ ਉਪਰ ਗੋਲੀ ਚਲਾ ਦਿਤੀ ਜਿਸ ਨਾਲ ਇਕ ਤੇਰਾਂ ਸਾਲਾਂ ਦਾ ਵਿਦਿਆਰਥੀ ਮਾਰਿਆ ਗਿਆ। ਇਸ ਦੇ ਵਿਰੋਧ ਵਿਚ ਸਾਰੀ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਵਿਚ ਗੁੱਸੇ ਦੇ ਭਾਂਬੜ ਬਲ ਉਠੇ। ਮਹੀਨਾ ਭਰ ਹੜਤਾਲਾਂ, ਮੁਜ਼ਾਹਰਿਆਂ ਦਾ ਦੌਰ ਚੱਲਦਾ ਰਿਹਾ ਹੈ। ਇਨ੍ਹਾਂ ਹੜਤਾਲਾਂ, ਮੁਜ਼ਾਹਰਿਆਂ ਦੇ ਦੌਰ ਸਮੇਂ ਪਹਿਲੇ ਹਫਤੇ ਵਿਚ ਪੁਲੀਸ ਦੀ ਗੋਲੀ ਨਾਲ 176 ਲੋਕ ਮਾਰੇ ਗਏ ਅਤੇ 1200 ਜ਼ਖ਼ਮੀ ਹੋਏ। ਪਰ ਲਹਿਰ ਅੱਗੇ ਹੀ ਵਧਦੀ ਗਈ। ਅਤੇ ਹੁਣ 1985 ਵਿਚ ਇਹ ਲੜਾਈ ਫੈਸਲਾਕੁਨ ਸਥਿਤੀ 'ਤੇ ਪਹੁੰਚ ਚੁੱਕੀ ਹੈ। ਇਨ੍ਹਾਂ ਸਮਿਆਂ ਦੌਰਾਨ ਦਸ ਦੱਸ ਲੋਕਾਂ, ਜੱਥੇਬੰਦੀਆਂ ਨੇ

ਅਪਾਰਥਾਈਡ ਦੇ ਵਿਰੁੱਧ ਇਸ ਲਹਿਰ ਵਿਚ ਹਿੱਸਾ ਪਾਇਆ ਹੈ ਉਹਨਾਂ ਬਾਰੇ ਵੀ ਅਸੀਂ ਸੰਖੇਪ ਵਿਚ ਗੱਲ ਕਰਾਂਗੇ।

**(ੳ) ਅਫਰੀਕਨ ਨੈਸ਼ਨਲ ਕਾਂਗਰਸ :** ਅਫਰੀਕਨ ਨੈਸ਼ਨਲ ਕਾਂਗਰਸ ਸੰਨ 1912 ਵਿਚ ਸਥਾਪਤ ਕੀਤੀ ਗਈ। ਇਸਦਾ ਉਦੇਸ਼, ਸਾਊਥ ਅਫਰੀਕਾ ਵਿਚ ਅਜੇਹੇ ਸਮਾਜ ਦੀ ਉਸਾਰੀ ਕਰਨਾ ਸੀ ਜਿਸ ਵਿਚ ਸਾਰੇ ਲੋਕ ਬਿਨਾਂ ਰੰਗਾਂ, ਨਸਲਾਂ ਦੇ ਭੇਦਭਾਵ ਦੇ ਬਰਾਬਰਤਾ ਨਾਲ ਰਹਿ ਸਕਣ। ਆਰੰਭ ਵਿਚ ਇਸਦਾ ਨਿਸ਼ਾਨਾ, ਅਹਿੰਸਾਤਮਕ ਢੰਗ ਨਾਲ ਇਹ ਬਦਲੀ ਲਿਆਉਣਾ ਸੀ। ਪਰ ਜਦੋਂ ਇਸਦੇ ਲੀਡਰ ਨੈਲਸਨ ਮੰਡੇਲਾ ਨੇ ਵੇਖਿਆ ਕਿ ਅਪਾਰਥਾਈਡ ਵਿਰੁੱਧ ਇਕ ਵੀ ਸ਼ਬਦ ਬੋਲਣ ਵਾਲੇ ਨੂੰ ਦਬਾਉਣ ਲਈ ਸਰਕਾਰ ਬਹੁਤ ਬੇਰਹਿਮੀ, ਕਰੂਰ ਅਤੇ ਹਿੰਸਾਤਮਕ ਢੰਗ ਵਰਤਦੀ ਹੈ ਤਾਂ ਉਸ ਸੋਚਿਆ ਕਿ ਕਾਲੇ ਲੋਕਾਂ ਦੀ ਮੁਕਤੀ ਹਥਿਆਰਬੰਦ ਇਨਕਲਾਬ ਨਾਲ ਹੀ ਹੋ ਸਕਦੀ ਹੈ। ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਵੱਲੋਂ ਇਹ ਫੈਸਲਾ ਸੰਨ 1960 ਵਿਚ ਸ਼ਾਰਪਵਿਲ ਵਿਖੇ ਪੁਲੀਸ ਵੱਲੋਂ ਇਕ ਵਿਖਾਵੇ ਉਪਰ ਗੋਲੀ ਚਲਾ ਕੇ 69 ਬੰਦੇ ਮਾਰਨ ਦੀ ਘਟਨਾ ਉਪਰੰਤ ਲਿਆ ਗਿਆ। ਸੰਨ 1960 ਵਿਚ ਨੈਲਸਨ ਮੰਡੇਲਾ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਦੇ ਹੋਰ ਆਗੂ ਅੰਡਰਗਰਾਊਂਡ ਹੋ ਗਏ। ਸੰਨ 1962 ਵਿਚ ਮੰਡੇਲਾ ਨੂੰ ਫੜ ਲਿਆ ਗਿਆ ਅਤੇ ਉਸ ਉੱਪਰ ਬਗਾਵਤ ਦਾ ਦੋਸ਼ ਲਾ ਕੇ ਉਮਰਕੈਦ ਦੀ ਸਜ਼ਾ ਦੇ ਦਿੱਤੀ ਗਈ ਅਤੇ ਅੱਜ ਵੀ ਨੈਲਸਨ ਮੰਡੇਲਾ ਜੇਲ੍ਹ ਵਿਚ ਉਹ ਸਜ਼ਾ ਭੁਗਤ ਰਿਹਾ ਹੈ।

ਸੰਨ 1962 ਵਿਚ ਆਪਣੇ ਮੁਕੱਦਮੇ ਦੌਰਾਨ ਮੰਡੇਲਾ ਨੇ ਜੱਜ ਨੂੰ ਕਿਹਾ "ਮੈਂ ਉਸ ਪਾਰਲੀਮੈਂਟ, ਜਿਸ ਵਿਚ ਮੇਰੇ ਲੋਕਾਂ ਦੀ ਕੋਈ ਪ੍ਰਤੀਨਿਧਤਾ ਨਹੀਂ ਹੈ, ਵੱਲੋਂ ਬਣਾਏ ਗਏ ਕਾਨੂੰਨ ਨੂੰ ਮੰਨਣਾ ਆਪਣਾ ਫਰਜ਼ ਨਹੀਂ ਸਮਝਦਾ।" ਬੇਸ਼ਕ ਨੈਲਸਨ ਮੰਡੇਲਾ ਪਿਛਲੇ 23 ਸਾਲਾਂ ਤੋਂ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਹੈ ਪਰ ਉਹ ਅਤੇ ਅਫਰੀਕਨ ਨੈਸ਼ਨਲ ਕਾਂਗਰਸ ਲੋਕਾਂ ਵਿਚ ਬਹੁਤ ਹਰਮਨ ਪਿਆਰੀ ਜੱਥੇਬੰਦੀ ਹੈ। ਹੁਣੇ ਜਿਹੇ ਕੀਤੇ ਇਕ ਸਰਵੇ ਅਨੁਸਾਰ ਨੈਲਸਨ ਮੰਡੇਲਾ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਵਿਚ ਨੰਬਰ ਇਕ ਲੀਡਰ ਮੰਨਿਆ ਜਾਂਦਾ ਹੈ। ਨੌਜਵਾਨਾਂ ਵਿਚ ਅਫਰੀਕਨ ਨੈਸ਼ਨਲ ਕਾਂਗਰਸ ਬਹੁਤ ਹਰਮਨ ਪਿਆਰੀ ਹੈ। ਇਸ ਸਾਲ ਐਮਰਜੈਂਸੀ ਲੱਗਣ ਤੋਂ ਕੁਝ ਘੰਟੇ ਪਹਿਲਾਂ ਇਕ ਪਰੇਡ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਬੈਨ ਕੀਤੀ ਅਫਰੀਕਨ ਨੈਸ਼ਨਲ ਕਾਂਗਰਸ ਅਤੇ ਬੈਨ ਕੀਤੀ ਸਾਊਥ ਅਫਰੀਕਨ ਕਮਿਊਨਿਸਟ ਪਾਰਟੀ ਦੇ ਬੈਨਰ ਹੇਠ ਮਾਰਚ ਕੀਤਾ। ਅਫਰੀਕਨ ਨੈਸ਼ਨਲ ਕਾਂਗਰਸ ਦੀ 7000 ਦੀ ਗਿਣਤੀ ਦੀ ਗੁਰੀਲਾ ਫੋਰਸ ਗੁਆਂਢੀ ਦੇਸ਼ਾਂ ਵਿਚ ਚਿੱਟੀ ਸਰਕਾਰ ਵਿਰੁੱਧ ਗੁਰੀਲਾ ਲੜਾਈ ਲੜ ਰਹੀ ਹੈ। ਪਿਛੇ ਜਿਹੇ ਚਿੱਟੀ ਸਰਕਾਰ ਨੇ ਐਲਾਨ ਕੀਤਾ ਕਿ "ਜੇ ਮੰਡੇਲਾ ਅਗਾਂਹ ਤੋਂ ਸਰਕਾਰ ਵਿਰੁੱਧ ਹਿੰਸਾਤਮਕ ਪ੍ਰਚਾਰ ਨਾ ਕਰਨ ਦਾ ਪ੍ਰਣ ਕਰੇ ਤਾਂ ਸਰਕਾਰ ਉਸਨੂੰ ਛੱਡ ਸਕਦੀ ਹੈ।" ਇਸ ਦੇ ਜਵਾਬ ਵਿਚ 67 ਸਾਲਾ ਮੰਡੇਲਾ ਨੇ ਕਿਹਾ "ਜਿੰਨਾ ਚਿਰ ਮੇਰੇ ਸਾਰੇ ਲੋਕ ਆਜ਼ਾਦ ਨਹੀਂ ਹੋ ਜਾਂਦੇ, ਉਨਾਂ ਚਿਰ ਮੈਂ ਅਜਿਹਾ ਕੁਝ ਨਹੀਂ ਕਰ ਸਕਦਾ। ਮੇਰੀ ਅਤੇ ਮੇਰੇ ਲੋਕਾਂ ਦੀ ਆਜ਼ਾਦੀ ਨੂੰ ਅਲਹਿਦਾ ਅਲਹਿਦਾ ਨਹੀਂ ਕੀਤਾ ਜਾ ਸਕਦਾ।"

**(ਅ) ਬਲੈਕ ਕਾਂਸ਼ੀਅੈਂਸਨੈੱਸ ਮੂਵਮੈਂਟ ਅਤੇ ਸਟੀਵ ਬੀਕੋ:** ਸੰਨ 1960 ਵਿਚ ਸ਼ਾਰਪਵਿਲ ਦੀ ਘਟਨਾਂ ਤੋਂ ਬਾਅਦ ਕਾਲੇ ਲੋਕਾਂ ਵੱਲੋਂ ਅਪਾਰਥਾਈਡ ਦਾ ਵਿਰੋਧ ਬਹੁਤ ਘਟ ਗਿਆ। ਕਾਲੇ ਲੋਕਾਂ ਵੱਲੋਂ ਅਪਾਰਥਾਈਡ ਦੇ ਵਿਰੋਧ ਵਿਚ ਰਾਜਨੀਤਕ ਸਰਗਰਮੀ ਬਹੁਤ ਘੱਟ ਸੀ। ਇਸ ਤਰਾਂ ਇਕ ਖਲ੍ਹੋਤ ਜਿਹੀ ਦਾ ਵਾਤਾਵਰਣ ਹੋਂਦ ਵਿਚ ਆ ਚੁੱਕਾ ਸੀ। ਇਸ ਖਲ੍ਹੋਤ ਨੂੰ ਤੋੜਨ ਲਈ ਸਟੀਵ ਬੀਕੋ ਦੀ ਅਗਵਾਈ ਹੇਠ ਬਲੈਕ ਕਾਂਸ਼ੀਅੈਂਸਨੈੱਸ ਲਹਿਰ ਹੋਂਦ ਵਿਚ ਆਈ। ਬੀਕੋ ਦਾ ਖ਼ਿਆਲ ਸੀ ਕਿ ਇਸ ਖਲ੍ਹੋਤ ਵਿਚੋਂ ਨਿੱਕਲ ਆਜ਼ਾਦੀ ਦੀ ਲੜਾਈ ਤਾਂ ਹੀ ਲੜੀ ਜਾ ਸਕਦੀ ਹੈ ਜੇ ਕਾਲੇ ਲੋਕਾਂ ਦੇ ਮਨਾਂ ਅੰਦਰ ਇਕ ਖ਼ਾਸ ਤਰ੍ਹਾਂ ਦਾ ਸੰਕਲਪ ਭਰਿਆ ਜਾ ਸਕੇ। ਉਸ ਨਾਅਰਾ ਦਿੱਤਾ, "BLACK MAN, YOU ARE ON YOUR OWN." ਇਸ ਨਾਅਰੇ ਪਿੱਛੇ ਉਸ ਦਾ ਭਾਵ ਸੀ ਕਿ ਕਾਲੇ ਲੋਕਾਂ ਦੀ ਮੁਕਤੀ ਲਈ ਜਿੰਨਾ ਚਿਰ ਕਾਲੇ ਲੋਕ ਆਪ ਨਹੀਂ ਖੜ੍ਹਦੇ, ਉਨਾਂ ਚਿਰ ਉਹ ਮੁਕਤੀ ਨਹੀਂ ਪਾ ਸਕਦੇ। ਸੰਨ 1968 ਵਿਚ ਸਟੀਵ ਬੀਕੋ ਅਤੇ ਉਸਦੇ ਸਾਥੀਆਂ ਨੇ 'ਸਾਊਥ ਅਫਰੀਕਨ ਸਟੂਡੈਂਟਸ ਆਰਗੇਨਾਈਜ਼ੇਸ਼ਨ ਦੀ ਸਥਾਪਨਾ ਕੀਤੀ। ਇਸ ਸਮੇਂ ਦੌਰਾਨ ਵਿਦਿਆਰਥੀਆਂ ਵਿਚ ਇਹ ਲਹਿਰ ਬਹੁਤ ਮਕਬੂਲ ਹੋਈ। ਇਸ ਲਹਿਰ ਵਿਚ ਕਾਲੇ ਵਿਦਿਆਰਥੀਆਂ ਦੇ ਨਾਲ ਨਾਲ ਰੰਗਦਾਰ ਅਤੇ ਭਾਰਤੀ ਮੂਲ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਪਹਿਲਾਂ ਪਹਿਲਾਂ ਚਿੱਟੀ ਸਰਕਾਰ ਨੇ ਇਸ ਲਹਿਰ ਵੱਲ ਕੋਈ ਧਿਆਨ ਨਾ ਦਿਤਾ। ਪਰ ਜਦੋਂ ਸੰਨ 1974 ਵਿਚ ਡਰਬਨ ਵਿਖੇ ਗੁਆਂਢੀ ਦੇਸ਼ ਮੋਜ਼ਮਬੀਕ ਦੀ ਆਜ਼ਾਦੀ ਦੇ ਹੱਕ ਵਿਚ ਇਕ ਬਹੁਤ ਵੱਡਾ ਮੁਜ਼ਾਹਰਾ ਕੀਤਾ ਤਾਂ ਸਰਕਾਰ ਨੇ ਸਾਊਥ ਅਫਰੀਕਨ ਸਟੂਡੈਂਟਸ ਆਰਗੇਨਾਈਜ਼ੇਸ਼ਨ ਅਤੇ ਬਲੈਕ ਪੀਪਲ ਕਨਵੈਨਸ਼ਨ (ਸਟੂਡੈਂਟਸ ਆਰਗੇਨਾਈਜ਼ੇਸ਼ਨ ਦਾ ਸਿਆਸੀ ਵਿੰਗ) ਨੂੰ ਬੈਨ ਕਰ ਕੇ ਇਸ ਦੇ ਲੀਡਰਾਂ ਅਤੇ ਕਾਰਕੁੰਨਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕੀਤਾ। ਸਟੀਵ ਬੀਕੋ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1977 ਵਿਚ ਪੁਲੀਸ ਹਿਰਾਸਤ ਵਿਚ ਬੇਰਹਿਮੀ ਤਸ਼ੱਦਦ ਕਾਰਨ ਸਟੀਵ ਬੀਕੋ ਸ਼ਹੀਦ ਹੋ ਗਿਆ। ਬਲੈਕ ਕਾਂਸ਼ੀਅੈਂਸਨੈੱਸ ਲਹਿਰ ਦੇ ਦੌਰਾਨ ਗੋਰੇ ਵਿਦਿਆਰਥੀਆਂ ਨੇ ਵੀ ਮੁਜ਼ਾਹਰੇ ਕਰਕੇ ਕਾਲੇ ਲੋਕਾਂ ਨਾਲ ਆਪਣੀ ਸਾਂਝ ਦਰਸਾਈ।

**(ੲ) ਸਾਊਥ ਅਫਰੀਕਾ ਦੀ ਚਰਚ :** ਅਪਾਰਥਾਈਡ ਦੇ ਵਿਰੁੱਧ ਸਾਊਥ ਅਫਰੀਕਾ ਦੀ ਚਰਚ ਵੀ ਬਾਕੀ ਜੱਥੇਬੰਦੀਆਂ ਦੇ ਨਾਲ ਮਿਲ ਕੇ ਇਸ ਘੋਲ ਵਿਚ ਹਿੱਸਾ ਲੈ ਰਹੀ ਹੈ। ਸੰਨ 1950 ਵਿਚ ਜੋਹੈਨਸਬਰਗ ਵਿਚ ਕੰਮ ਕਰ ਰਹੇ ਬਰਤਾਨੀਆਂ ਦੇ ਕਲਰਜ਼ੀ ਮੈਨ ਟਰੈਵਰ ਹਡਲਿਸਟਨ ਨੇ ਖੁੱਲੇਆਮ ਸਰਕਾਰ ਦੀਆਂ ਪਾਲਸੀਆਂ ਦੀ ਵਿਰੋਧਤਾ ਕੀਤੀ। ਅਤੇ ਨੋਬਲ ਪੀਸ ਇਨਾਮ ਵਿਜੇਤਾ ਬਿਸ਼ਪ ਡੈਸਮੰਡ ਟੂਟੂ ਸਰਕਾਰ ਦੀ ਕਰੜੀ ਆਲੋਚਨਾ ਕਰ ਰਿਹਾ ਹੈ। ਸਾਊਥ ਅਫਰੀਕਾ ਦੀਆਂ ਚਰਚਾਂ ਵੱਲੋਂ ਰੈਵਰੈਂਡ ਕ੍ਰਿਸਚਨ ਬੇਅਰਜ਼ ਨਾਡਿਊ ਨੇ 1960 ਵਿਚ ਸ਼ਾਰਪਵਿਲ ਵਿਖੇ ਹੋਏ ਕਤਲੇਆਮ ਤੋਂ ਬਾਅਦ ਸਸਟੀਰੇਸ਼ਨ ਕ੍ਰਿਸਚੀਅਨ ਇੰਸਟੀਚਿਊਟ ਆਫ ਸਾਊਥ ਅਫਰੀਕਾ ਦੀ ਸਥਾਪਨਾ ਵਿਚ ਮੱਦਦ ਕੀਤੀ। ਇਸ ਇੰਸਟੀਚਿਊਟ ਨੇ ਅਪਾਰਥਾਈਡ ਪ੍ਰਬੰਧ ਨੂੰ ਅਨੈਤਿਕ ਕਰਾਰ ਦਿੱਤਾ। ਸੰਨ 1977 ਵਿਚ ਰੈਵਰੈਂਡ ਨਾਡਿਊ ਅਤੇ ਇਸ ਇੰਸਟੀਚਿਊਟ ਨੂੰ ਬੈਨ ਕਰ ਦਿਤਾ ਅਤੇ ਉਸ ਨੂੰ ਸੱਤ ਸਾਲਾਂ ਲਈ ਘਰ ਵਿਚ ਕੈਦ ਕਰ ਦਿਤਾ। ਪਿਛਲੀ ਫਰਵਰੀ ਤੋਂ ਜਦੋਂ ਉਸ ਉਪਰੋਂ ਘਰ ਵਿਚ ਨਜ਼ਰਬੰਦੀ ਹਟਾ ਲਈ ਗਈ ਹੈ ਉਹ ਫਿਰ ਤੋਂ ਸਰਕਾਰ ਦੀ ਕਰੜੀ ਆਲੋਚਨਾ ਕਰ ਰਿਹਾ ਹੈ। ਉਸਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਅਫਰੀਕਨ ਨੈਸ਼ਨਲ ਕਾਂਗਰਸ ਨਾਲ ਗੱਲਬਾਤ ਕਰੇ ਅਤੇ ਇਸ ਦੇ ਲੀਡਰ ਨੈਲਸਨ ਮੰਡੇਲਾ ਨੂੰ ਰਿਹਾ ਕਰੇ।

**(ਸ) ਯੂਨਾਈਟਿਡ ਡੈਮੋਕਰੈਟਿਕ ਫਰੰਟ:** ਇਸ ਸਮੇਂ ਦਾ ਘੋਲ ਯੂਨਾਈਟਿਡ ਡੈਮੋਕਰੈਟਿਕ ਫਰੰਟ ਵੱਲੋਂ ਲੜਿਆ ਜਾ ਰਿਹਾ ਹੈ। ਯੂਨਾਈਟਿਡ ਡੈਮੋਕਰੈਟਿਕ ਫਰੰਟ 600 ਜੱਥੇਬੰਦੀਆਂ ਦੀ ਇਕ ਸਾਂਝੀ ਸੰਸਥਾ ਹੈ। ਇਨ੍ਹਾਂ ਜੱਥੇਬੰਦੀਆਂ ਵਿਚ ਮਜ਼ਦੂਰ

ਯੂਨੀਅਨਾਂ, ਵਿਦਿਆਰਥੀ ਜੱਥੇਬੰਦੀਆਂ ਅਤੇ ਕਮਿਊਨਿਟੀ ਜੱਥੇਬੰਦੀਆਂ ਸ਼ਾਮਲ ਹਨ। ਯੂਨਾਈਟਿਡ ਡੈਮੋਕਰੈਟਿਕ ਫਰੰਟ ਅਫਰੀਕਨ ਨੈਸ਼ਨਲ ਕਾਂਗਰਸ ਦੇ ਕਾਫੀ ਨੇੜੇ ਹੈ। ਪਿਛਲੇ ਸਮੇਂ ਦੌਰਾਨ ਡੈਮੋਕਰੈਟਿਕ ਫਰੰਟ ਦੇ ਕਈ ਉੱਘੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਤੇ ਇਨ੍ਹਾਂ ਵਿਚੋਂ 16 ਉੱਪਰ ਬਗ਼ਾਵਤ ਦੇ ਦੋਸ਼ ਵਿਚ ਮੁਕੱਦਮਾ ਚੱਲ ਰਿਹਾ ਹੈ। ਇਹ ਮੁਕੱਦਮਾ 1962 ਵਿਚ ਨੈਲਸਨ ਮੰਡੇਲਾ ਦੇ ਮੁਕੱਦਮੇਂ ਤੋਂ ਬਾਅਦ ਸਭ ਤੋਂ ਵੱਡਾ ਮੁਕੱਦਮਾ ਹੈ। ਉੱਘੇ ਲੀਡਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਡੈਮੋਕਰੈਟਿਕ ਫਰੰਟ ਦੀ ਅਗਵਾਈ ਰੈਵਰੈਂਡ ਐਲਨ ਬੋਜ਼ੈਕ ਕਰ ਰਿਹਾ ਸੀ। ਉਸ ਅਨੁਸਾਰ ਸਾਊਥ ਅਫਰੀਕਾ ਦੀ ਹੁਣ ਦੀ ਸਰਕਾਰ "ਹਿਟਲਰ ਦੇ ਬੱਚਿਆਂ ਦੀ ਸਰਕਾਰ" ਹੈ। ਅਗਸਤ ਦੇ ਅਖ਼ੀਰ ਵਿਚ ਐਲਨ ਬੋਜ਼ੈਕ ਨੂੰ ਵੀ ਅਣਮਿਥੇ ਸਮੇਂ ਲਈ ਗ੍ਰਿਫਤਾਰ ਕਰ ਲਿਆ ਗਿਆ ਹੈ। ਪਰ ਇਨ੍ਹਾਂ ਗ੍ਰਿਫਤਾਰੀਆਂ, ਨਜ਼ਰਬੰਦੀਆਂ, ਗੋਲੀਆਂ ਦੇ ਬਾਵਜੂਦ ਵੀ ਸਰਕਾਰ ਕਾਲੇ ਲੋਕਾਂ ਦੀ ਇਸ ਆਜ਼ਾਦੀ ਦੀ ਲੜਾਈ ਨੂੰ ਨਹੀਂ ਰੋਕ ਸਕੀ। ਗੋਰੇ ਵਿਦਿਆਰਥੀਆਂ ਨੇ ਚਿੱਟੀ ਸਰਕਾਰ ਵਿਰੁੱਧ ਜਲੂਸ ਕੱਢਕੇ ਕਾਲੇ ਲੋਕਾਂ ਨਾਲ ਆਪਣੀ ਸਾਂਝ ਵਿਖਾਈ ਹੈ। ਇਸ ਸਮੇਂ ਕਾਲਿਆਂ ਦੀ ਮੁਕਤੀ ਦੀ ਇਸ ਲੜਾਈ ਵਿਚ ਸਾਊਥ ਅਫਰੀਕਾ ਦੇ ਕਿੰਨੇ ਗੋਰੇ ਵੀ ਉਨ੍ਹਾਂ ਦੇ ਨਾਲ ਹਨ। ਇਸ ਤੋਂ ਇਹ ਸਾਫ਼ ਹੁੰਦਾ ਹੈ ਕਿ ਸਾਊਥ ਅਫਰੀਕਾ ਦੇ ਸਾਰੇ ਗੋਰੇ ਲੋਕ ਲੁਟੇਰਿਆਂ ਦੇ ਨਾਲ ਨਹੀਂ ਹਨ।

**ਭਾਰਤੀ ਮੁੱਢ ਦੇ ਲੋਕਾਂ ਵਿਰੁੱਧ ਹਿੰਸਾ:** ਇਸ ਸਮੇਂ ਦੌਰਾਨ ਡਰਬਨ ਵਿਚ ਕਾਲਿਆਂ ਵੱਲੋਂ ਭਾਰਤੀ ਮੁੱਢ ਦੇ ਲੋਕਾਂ ਵਿਰੁੱਧ ਹਿੰਸਕ ਕਾਰਵਾਈਆਂ ਕੀਤੇ ਜਾਣ ਦੀਆਂ ਖ਼ਬਰਾਂ ਮਿਲੀਆਂ ਹਨ। ਇਹ ਸਭ ਕੁਝ ਉਦੋਂ ਸ਼ੁਰੂ ਹੋਇਆ ਜਦੋਂ ਕਾਲਿਆਂ ਨੇ ਇਕ ਸਿਵਲ ਅਧਿਕਾਰਾਂ ਲਈ ਸਰਗਰਮ ਵਕੀਲ ਵਿਕਟੋਰੀਆ (VICTORIA MXENGE) ਦੇ ਕਤਲ ਦੇ ਰੋਸ ਵਿਚ ਭਾਰਤੀ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਕਰਨ ਲਈ ਕਿਹਾ। ਪਰ ਭਾਰਤੀ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ। ਤੇ ਇਹ ਦੰਗੇ ਭੜਕ ਪਏ। ਇਹ ਤਾਂ ਮੌਜੂਦਾ ਕਾਰਨ ਹੋ ਸਕਦਾ ਹੈ। ਪਰ ਜੇ ਆਪਾਂ ਪਿਛਲੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਤਾਂ ਚਿੱਟਿਆਂ ਦੀ ਪੁਰਾਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦਾ ਹੀ ਨਤੀਜਾ ਹੈ। ਜਦੋਂ ਪਹਿਲਾਂ ਪਹਿਲ ਭਾਰਤੀ ਲੋਕ ਸਾਊਥ ਅਫਰੀਕਾ ਵਿਚ ਆਏ ਤਾਂ ਗੰਨੇ ਦੇ ਖੇਤਾਂ ਵਿਚ ਇਕੋ ਜਿਹਾ ਕੰਮ ਕਰਨ ਬਦਲੇ ਭਾਰਤੀਆਂ ਨੂੰ ਜ਼ਿਆਦਾ ਪੈਸੇ ਦਿੱਤੇ ਜਾਂਦੇ ਸਨ। ਭਾਰਤੀ ਮੁੱਢ ਦੇ ਲੋਕਾਂ ਨੂੰ ਕਾਲਿਆਂ ਦੇ ਮੁਕਾਬਲੇ ਥੋੜੇ ਜਿਹੇ ਵੱਧ ਅਧਿਕਾਰ ਹਨ, ਜਿਵੇਂ ਸਾਊਥ ਅਫਰੀਕਾ ਦੇ ਇਕ ਸੂਬੇ (ORANGE FREE STATE) ਤੋਂ ਇਲਾਵਾ ਉਹ ਬਿਨਾ ਪਾਸ ਲਿਆਂ ਸਾਊਥ ਅਫਰੀਕਾ ਵਿਚ ਜਿਥੇ ਮਰਜ਼ੀ ਘੁੰਮ ਸਕਦੇ ਹਨ। ਪਿਛਲੇ ਸਾਲ ਚਿੱਟੀ ਸਰਕਾਰ ਵੱਲੋਂ ਭਾਰਤੀ ਅਤੇ ਰੰਗਦਾਰ ਲੋਕਾਂ ਨੂੰ ਆਪਣੀ ਵੱਖਰੀ ਪਾਰਲੀਮੈਂਟ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਭਾਰਤੀ ਲੋਕ ਉਥੇ ਸੂਦਖੋਰੀ ਦਾ ਕੰਮ ਕਰਦੇ ਹਨ ਅਤੇ ਕਾਲੇ ਲੋਕਾਂ ਨੂੰ ਆਪਣੇ ਘਰਾਂ ਵਿਚ ਨੌਕਰ ਰੱਖਿਆ ਹੋਇਆ ਹੈ। ਇਸ ਸਭ ਕੁਝ ਤੋਂ ਕਾਲੇ ਲੋਕਾਂ ਨੂੰ ਜਾਪਦਾ ਹੈ ਕਿ ਭਾਰਤੀ ਮੁੱਢ ਦੇ ਲੋਕ ਵੀ ਚਿੱਟਿਆਂ ਨਾਲ ਮਿਲ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰਦੇ ਹਨ। ਦੂਜੇ ਪਾਸੇ ਸਰਕਾਰ ਵੱਲੋਂ ਭਾਰਤੀ ਮੁੱਢ ਦੇ ਲੋਕਾਂ ਲਈ ਏਨੀ ਸੁਰੱਖਿਆ ਨਾ ਹੋਣ ਕਰਕੇ, ਕਾਲਿਆਂ ਵੱਲੋਂ ਭਾਰਤੀਆਂ ਉਪਰ ਗੁੱਸਾ ਕੱਢਣਾ ਸੌਖਾ ਹੈ। ਹੁਣੇ ਵਾਪਰੇ ਦੰਗਿਆਂ ਦੌਰਾਨ ਭਾਰਤੀ ਮੁੱਢ ਦੇ ਲੋਕਾਂ ਵੱਲੋਂ ਇਹ ਆਮ ਸ਼ਿਕਾਇਤ ਸੀ ਕਿ ਪੁਲੀਸ ਅਤੇ ਫੌਜ ਵੇਲੇ ਸਿਰ ਉਨ੍ਹਾਂ ਦੀ ਸੁਰੱਖਿਆ ਲਈ ਨਹੀਂ ਆਈ। ਇਸ ਸਭ ਦਾ ਤਾਂ ਇਕੋ ਹੱਲ ਹੈ ਕਿ ਭਾਰਤੀ ਮੁੱਢ ਦੇ ਲੋਕ ਲੁੱਟੇ ਜਾ ਰਹੇ ਲੋਕਾਂ ਦਾ ਸਾਥ ਦੇਣ ਨਾ ਕਿ ਲੁੱਟਣ ਵਾਲਿਆਂ ਦਾ। ਤਾਂ ਹੀ ਕਾਲੇ ਲੋਕਾਂ ਨਾਲ ਭਰਾਤਰੀ ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ। ਭਾਵੇਂ ਭਾਰਤੀ ਮੁੱਢ ਦੇ ਲੋਕਾਂ ਵਿਚੋਂ ਅਗਾਂਹਵਧੂ ਵਿਚਾਰਾਂ ਵਾਲੇ ਲੋਕ ਕਾਲਿਆਂ ਦੀ ਜੱਦੋਜਹਿਦ ਨੂੰ ਸਮਝਦੇ ਹਨ ਅਤੇ ਉਨ੍ਹਾਂ ਦਾ ਸਾਥ ਦਿੰਦੇ ਹਨ, ਪਰ ਇਸ ਸਮਝ ਨੂੰ ਬਹੁ-ਗਿਣਤੀ ਭਾਰਤੀ ਮੁੱਢ ਦੇ ਲੋਕਾਂ ਤੱਕ ਲਿਜਾਣ ਦੀ ਲੋੜ ਹੈ।

**ਬਾਹਰਲੇ ਦੇਸ਼ਾਂ ਦਾ ਰੋਲ:** ਪੰਜਾਹਵਿਆਂ ਦੇ ਅਖ਼ੀਰ ਅਤੇ ਸੱਠਵਿਆਂ ਦੇ ਸ਼ੁਰੂ ਵਿਚ ਬਾਹਰਲੇ ਮੁਲਕਾਂ ਵਿਚ ਅਪਾਰਥਾਈਡ ਵਿਰੁੱਧ ਪ੍ਰਤੀਕਰਮ ਹੋਣੇ ਸ਼ੁਰੂ ਹੋ ਗਏ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਕੁੱਝ ਦੇਸ਼ਾਂ ਨੇ ਪੂਰੀ ਈਮਾਨਦਾਰੀ ਨਾਲ ਅਪਾਰਥਾਈਡ ਦਾ ਵਿਰੋਧ ਕੀਤਾ ਹੈ ਅਤੇ ਕਈਆਂ ਨੇ ਦੋਗਲੀ ਪਾਲਸੀ ਨਿਭਾਈ ਹੈ। ਸਾਊਥ ਅਫਰੀਕਾ ਨੂੰ ਕਈ ਅੰਤਰ-ਰਾਸ਼ਟਰੀ ਕਮੇਟੀਆਂ ਵਿਚੋਂ ਬਾਹਰ ਕੱਢਿਆ ਗਿਆ ਹੈ। 1946 ਤੋਂ 1960 ਤੱਕ ਯੂਨਾਈਟਿਡ ਨੇਸ਼ਨਜ਼ ਹਰ ਸਾਲ ਸਾਊਥ ਅਫਰੀਕਾ ਨੂੰ ਆਪਣੀ ਅਪਾਰਥਾਈਡ ਪਾਲਸੀ ਨੂੰ ਬੰਦ ਕਰਨ ਲਈ ਅਪੀਲ ਕਰਦੀ ਆਉਂਦੀ ਰਹੀ ਹੈ ਪਰ ਇਸ ਅਪੀਲ ਦਾ ਕੋਈ ਅਸਰ ਨਹੀਂ ਹੋਇਆ। ਇਸ ਤਰਾਂ ਸਾਊਥ ਅਫਰੀਕਾ ਵੱਲੋਂ ਯੂਨਾਈਟਿਡ ਨੇਸ਼ਨਜ਼ ਦੀਆਂ ਅਪੀਲਾਂ ਦੀ ਪਰਵਾਹ ਨਾ ਕੀਤੇ ਜਾਣ 'ਤੇ ਅਫਰੀਕਾ ਤੇ ਏਸ਼ੀਆ ਦੇ ਹੋਰ ਮੁਲਕਾਂ (AFRO-ASIAN BLOC) ਨੇ ਮਿਲ ਕੇ ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਦੀ ਮੰਗ ਰੱਖੀ। ਨਵੰਬਰ 6, 1962 ਨੂੰ ਯੂਨਾਈਟਿਡ ਨੇਸ਼ਨਜ਼ ਦੀ ਅਸੈਂਬਲੀ ਵਿਚ ਇਹ ਮਤਾ ਲਿਆਂਦਾ ਗਿਆ ਜਿਸ ਵਿਚ ਯੂਨਾਈਟਿਡ ਨੇਸ਼ਨਜ਼ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਸਾਊਥ ਅਫਰੀਕਾ ਨਾਲ ਰਾਜਦੂਤਕ ਅਤੇ ਆਰਥਿਕ ਸਬੰਧ ਤੋੜਨ ਲਈ ਬੇਨਤੀ ਕੀਤੀ ਗਈ ਸੀ। ਪਰ ਇਸ ਪ੍ਰਸਤਾਵ ਦਾ ਸਾਊਥ ਅਫਰੀਕਾ ਨਾਲ ਵਿਉਪਾਰ ਵਿਚ ਹਿੱਸੇਦਾਰ ਦੇਸ਼ਾਂ ਵੱਲੋਂ ਜਿਵੇਂ ਅਮਰੀਕਾ, ਇੰਗਲੈਂਡ, ਵੈਸਟਰਨ ਜਰਮਨ, ਫਰਾਂਸ ਆਦਿ ਵਿਚੋਂ ਕੁੱਝ ਇਕ ਨੇ ਇਸ ਦਾ ਵਿਰੋਧ ਕੀਤਾ ਅਤੇ ਕੁੱਝ ਕੁ ਨੇ ਵੋਟ ਨਹੀਂ ਪਾਈ। ਸੰਨ 1963-64 ਵਿਚ ਯੂਨਾਈਟਿਡ ਨੇਸ਼ਨਜ਼ ਦੀ ਸਕਿਉਰਿਟੀ ਕੌਂਸਲ ਨੇ ਸਾਊਥ ਅਫਰੀਕਾ ਨਾਲ ਹਥਿਆਰਾਂ ਦੀ ਪਾਬੰਦੀ ਲਾਉਣ ਦੀ ਸਿਫਾਰਸ਼ ਕੀਤੀ ਪਰ ਆਦੇਸ਼ਾਤਮਕ (MANDATORY) ਪਾਬੰਦੀ ਲਾਉਣ ਵਿਚ ਕਾਮਯਾਬ ਨਹੀਂ ਹੋਈ। ਇਸ ਕਰਕੇ ਇਸ ਸਿਫਾਰਸ਼ ਦਾ ਕੋਈ ਬਹੁਤਾ ਵਧੀਆ ਅਸਰ ਨਹੀਂ ਹੋਇਆ। ਸੰਨ 1962-63 ਵਿਚ ਸਾਊਥ ਅਫਰੀਕਾ ਦਾ ਮਿਲਟਰੀ ਬੱਜਟ 16 ਕਰੋੜ 80 ਲੱਖ ਡਾਲਰ ਸੀ ਅਤੇ 1977-78 ਵਿਚ ਇਹ ਬੱਜਟ ਵਧ ਕੇ 190 ਕਰੋੜ ਡਾਲਰ ਹੋ ਗਿਆ।

ਸਾਊਥ ਅਫਰੀਕਾ ਵਿਚ ਵਾਪਰਦੀਆਂ ਤਾਜ਼ਾ ਘਟਨਾਵਾਂ ਦੇ ਫਲਸਰੂਪ ਵੱਖ ਵੱਖ ਦੇਸ਼ਾਂ ਵੱਲੋਂ ਵੱਖ ਵੱਖ ਪ੍ਰਤੀਕਰਮ ਹੋਏ ਹਨ। ਇਕ ਵਾਰ ਫੇਰ ਯੂਨਾਈਟਿਡ ਨੇਸ਼ਨਜ਼ ਵਿਚ ਸਾਰੇ ਮੈਂਬਰ ਦੇਸ਼ਾਂ ਵੱਲੋਂ ਸਾਊਥ ਅਫਰੀਕਾ ਵਿਰੁੱਧ ਆਦੇਸ਼ਾਤਮਕ ਆਰਥਿਕ ਪਾਬੰਦੀਆਂ ਲਾਉਣ ਲਈ ਮਤਾ ਰੱਖਿਆ ਗਿਆ। ਪਰ ਇਸ ਮਤੇ ਦੇ ਵਿਰੋਧ ਵਿਚ ਅਮਰੀਕਾ ਅਤੇ ਬਰਤਾਨੀਆਂ ਨੇ ਵੀਟੋ ਕੀਤਾ ਹੈ। ਪਰ ਆਪਣੀ ਮਨਮਰਜ਼ੀ ਨਾਲ ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਲਈ ਮਤਾ ਯੂਨਾਈਟਿਡ ਨੇਸ਼ਨਜ਼ ਦੀ ਸਕਿਉਰਟੀ ਕੌਂਸਲ ਵਿਚ 13-0 ਦੇ ਹਿਸਾਬ ਪਾਸ ਕੀਤਾ ਗਿਆ ਹੈ। ਪਰ ਇਸ ਮਤੇ ਵੇਲੇ ਵੀ ਅਮਰੀਕਾ ਅਤੇ ਬਰਤਾਨੀਆਂ ਨੇ ਕਿਸੇ ਪਾਸੇ ਵੋਟ ਨਹੀਂ ਪਾਈ। ਫਰਾਂਸ ਨੇ ਆਪਣਾ ਰਾਜਦੂਤ ਸਾਊਥ ਅਫਰੀਕਾ ਤੋਂ ਵਾਪਸ ਬੁਲਾ ਲਿਆ ਹੈ ਅਤੇ ਹੋਰ ਨਵੀਆਂ ਇਨਵੈਸਟਮੈਂਟਸ ਨੂੰ

ਮੁਅੱਤਲ ਕਰ ਦਿੱਤਾ ਗਿਆ ਹੈ। ਪਰ ਫਰਾਂਸ ਦੀ ਇਸ ਸਟੇਟਮੈਂਟ ਨਾਲ ਵੀ ਫਰਾਂਸ ਅਤੇ ਸਾਊਥ ਅਫਰੀਕਾ ਵਿਚਕਾਰ ਪੁਰਾਣੇ ਆਰਥਿਕ ਸਬੰਧਾਂ ਵਿਚ ਕੋਈ ਫਰਕ ਨਹੀਂ ਪਏਗਾ।

ਜਿਸ ਸਮੇਂ ਅਮਰੀਕਾ ਅਤੇ ਬਰਤਾਨੀਆਂ ਨੇ ਆਟੋਮਾਤਮਕ ਪਾਬੰਦੀਆਂ ਵਾਲੇ ਪ੍ਰਸਤਾਵ ਵਿਰੁੱਧ ਵੀਟੋ ਕੀਤਾ ਤਾਂ ਉਨ੍ਹਾਂ ਦਾ ਸਪਸ਼ਟੀਕਰਣ ਇਹ ਸੀ ਕਿ ਉਹ ਸਾਊਥ ਅਫਰੀਕਾ ਨਾਲ ਉਸਾਰੂ ਸਬੰਧ ਰੱਖਣਾ ਚਾਹੁੰਦੇ ਹਨ ਤਾਂ ਕਿ ਉਹ ਸਾਊਥ ਅਫਰੀਕਾ ਦੀ ਸਰਕਾਰ ਨਾਲ ਅਪਾਰਥਾਈਡ ਦੇ ਵਿਰੋਧ ਵਿਚ ਗੱਲਬਾਤ ਕਰ ਸਕਣ। ਦੂਜਾ ਸਪਸ਼ਟੀਕਰਣ ਉਨ੍ਹਾਂ ਦਾ ਇਹ ਸੀ ਕਿ ਜੇ ਉਹ ਉਥੋਂ ਆਪਣਾ ਪੈਸਾ ਬਾਹਰ ਕੱਢ ਲੈਣ ਤਾਂ ਇਸਦਾ ਕਾਲੇ ਲੋਕਾਂ ਉਪਰ ਜ਼ਿਆਦਾ ਅਸਰ ਪਏਗਾ, ਕਿਉਂਕਿ ਉਨ੍ਹਾਂ ਨੂੰ ਨੌਕਰੀਆਂ ਤੋਂ ਵਾਂਝੇ ਹੋਣਾ ਪਏਗਾ। ਇਹ ਸਪਸ਼ਟੀਕਰਣ ਤਾਂ ਉਹ ਸਿਰਫ਼ ਲੋਕਾਂ ਵਿਚ ਸੱਚੇ ਹੋਣ ਨੂੰ ਦਿੰਦੇ ਹਨ। ਅਸਲ ਵਿਚ ਅੰਦਰੂਨੀ ਕਾਰਨ ਹੋਰ ਹਨ। ਸਾਊਥ ਅਫਰੀਕਾ ਵਿਚ ਕਾਲੇ ਲੋਕਾਂ ਦੀ ਸਸਤੀ ਮਜ਼ਦੂਰੀ ਹੋਣ ਕਾਰਨ ਅਮਰੀਕਾ ਦੀਆਂ ਸਰਮਾਏਦਾਰ ਕੰਪਨੀਆਂ ਵੱਡੇ ਵੱਡੇ ਮੁਨਾਫ਼ੇ ਕਮਾ ਸਕਦੀਆਂ ਹਨ। ਇਸ ਸਮੇਂ ਅਮਰੀਕਾ ਦੀਆਂ ਕੰਪਨੀਆਂ ਵੱਲੋਂ ਸਾਊਥ ਅਫਰੀਕਾ ਵਿਚ ਲਗਾਈ ਪੂੰਜੀ ਦਾ ਜੋੜ 2.3 ਬਿਲੀਅਨ ਡਾਲਰ ਹੈ। ਜੇ ਬੈਂਕਾਂ ਵੱਲੋਂ ਦਿੱਤੇ ਕਰਜ਼ੇ ਅਤੇ ਸਟਾਕ ਹੋਲਡਿੰਗਜ਼ ਵਗੈਰਾ ਨੂੰ ਵੀ ਗਿਣਿਆ ਜਾਵੇ ਤਾਂ ਅਮਰੀਕਾ ਦੀ ਕੁੱਲ ਪੂੰਜੀ 14 ਬਿਲੀਅਨ ਡਾਲਰ ਦੇ ਨੇੜੇ ਤੇੜੇ ਪਹੁੰਚ ਜਾਂਦੀ ਹੈ। ਇਸੇ ਹੀ ਤਰ੍ਹਾਂ ਬਰਤਾਨੀਆਂ ਵੱਲੋਂ ਲਾਈ ਪੂੰਜੀ 12 ਬਿਲੀਅਨ ਪੌਂਡਾਂ ਦੇ ਨੇੜੇ ਤੇੜੇ ਹੈ। ਇਸ ਲਈ ਅਮਰੀਕਾ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਇਹ ਆਰਥਿਕ ਪਾਬੰਦੀਆਂ ਲਾਕੇ ਇਨ੍ਹਾਂ ਦੇਸ਼ਾਂ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਵੱਡੀ ਮਾਤਰਾ ਵਿਚ ਲਾਈ ਪੂੰਜੀ ਤੋਂ ਹੁੰਦੇ ਮੁਨਾਫੇ ਤੋਂ ਵਾਂਝਿਆਂ ਨਹੀਂ ਕਰ ਸਕਦੀਆਂ। ਇਸ ਦੇ ਨਾਲ ਹੀ ਅਮਰੀਕਾ ਵੱਲੋਂ ਸਾਊਥ ਅਫਰੀਕਾ ਨਾਲ ਸਬੰਧ ਰੱਖਣ ਦਾ ਇਕ ਹੋਰ ਕਾਰਨ ਹੈ, ਅਫਰੀਕਾ ਵਿਚ ਕਮਿਊਨਿਸਟ ਪ੍ਰਭਾਵ ਨੂੰ ਰੋਕਣਾ। ਸਾਊਥ ਅਫਰੀਕਾ ਦੇ ਕਈ ਗੁਆਂਢੀ ਦੇਸ਼ਾਂ ਵਿਚ ਕਮਿਊਨਿਸਟਾਂ ਦੀ ਅਗਵਾਈ ਹੇਠਾਂ ਲੋਕਾਂ ਦੀ ਮੁਕਤੀ ਲਈ ਲਹਿਰਾਂ ਚੱਲ ਰਹੀਆਂ ਹਨ। ਇਨ੍ਹਾਂ ਲਹਿਰਾਂ ਦੇ ਵਿਰੋਧ ਲਈ ਸਾਊਥ ਅਫਰੀਕਾ, ਅਮਰੀਕਾ ਦਾ ਇਕ ਅਹਿਮ ਅੱਡਾ ਹੈ। ਅਮਰੀਕਾ ਦਾ ਪ੍ਰਧਾਨ ਰੇਗਨ ਅਤੇ ਉਸਦੇ ਕਰਿੰਦੇ ਅਪਾਰਥਾਈਡ ਵਿਰੁੱਧ ਜਿੰਨੇ ਵੱਡੇ ਵੱਡੇ ਬਿਆਨ ਦੇਈ ਜਾਣ ਪਰ ਉਨ੍ਹਾਂ ਦੀ ਅਸਲੀਅਤ ਰੇਗਨ ਦੇ ਇਸ ਬਿਆਨ ਤੋਂ ਸਪਸ਼ਟ ਹੋ ਜਾਂਦੀ ਹੈ ਜਿਸ ਵਿਚ ਉਸਨੇ ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਲੋਕਾਂ ਵਿਰੁੱਧ ਵਰਤੀ ਜਾਂਦੀ ਹਿੰਸਾ ਦੀ ਵਕਾਲਤ ਕੀਤੀ ਹੈ। ਉਸਨੇ ਕਿਹਾ ਹੈ "ਮੇਰੇ ਖ਼ਿਆਲ ਵਿਚ, ਸਾਨੂੰ ਕਦੇ ਕਦੇ ਉਸ ਤਾਕਤ ਦੀ ਵਰਤੋਂ, ਜਿਹੜੀ ਹਿੰਸਾ ਨੂੰ ਦਬਾਉਣ ਲਈ ਵਰਤੀ ਜਾਂਦੀ ਹੈ, ਨੂੰ ਮਾਨਤਾ ਦੇਣੀ ਪੈਂਦੀ ਹੈ।" ਇਸ ਬਿਆਨ ਦੇ ਜਵਾਬ ਵਿਚ ਜਦੋਂ ਸਾਊਥ ਅਫਰੀਕਾ ਦਾ ਸਰਕਾਰੀ ਰੇਡੀਓ ਇਹ ਕਹਿੰਦਾ ਹੈ," ਇਸ ਸਮੇਂ ਸਾਊਥ ਅਫਰੀਕਾ ਦਾ ਅਮਰੀਕਾ ਨਾਲੋਂ ਵਧੀਆ ਸਾਥੀ ਕੋਈ ਹੋਰ ਨਹੀਂ ਹੈ" ਤਾਂ ਅਮਰੀਕਾ ਦੇ ਮਗਰਮੱਛੀ ਹੰਝੂਆਂ ਦਾ ਢੌਂਗ ਨੰਗਾ ਹੋ ਜਾਂਦਾ ਹੈ। ਇਹ ਤਾਂ ਅਮਰੀਕਾ ਦੀ ਸਰਕਾਰ ਦਾ ਰੋਲ ਹੈ ਪਰ ਅਮਰੀਕਾ ਦੇ ਬਹੁਤੇ ਲੋਕ ਅਪਾਰਥਾਈਡ ਦੇ ਪੂਰੀ ਤਰ੍ਹਾਂ ਵਿਰੋਧ ਵਿਚ ਹਨ। ਪਿਛਲੇ ਅੱਠ ਮਹੀਨਿਆਂ ਤੋਂ ਹਰ ਰੋਜ਼ ਸਾਊਥ ਅਫਰੀਕਾ ਦੀ ਐਂਬੈਸੀ ਸਾਹਮਣੇ ਇਕੱਠੇ ਹੋਕੇ ਲਗਾਤਾਰ ਰੋਸ ਵਿਖਾਵੇ ਕਰਦੇ ਆ ਰਹੇ ਹਨ। ਇਸ ਤਰ੍ਹਾਂ ਅਮਰੀਕਾ ਦੇ ਹੋਰ ਸ਼ਹਿਰਾਂ ਵਿਚ ਵੀ, ਯੂਨੀਵਰਸਿਟੀਆਂ ਵਿਚ ਵੀ ਅਪਾਰਥਾਈਡ ਵਿਰੁੱਧ ਮੁਜ਼ਾਹਰੇ ਹੋਏ ਹਨ।

ਕੈਨੇਡਾ ਦੀ ਸਰਕਾਰ ਨੇ ਵੀ ਸਮੇਂ ਸਮੇਂ ਅਪਾਰਥਾਈਡ ਦੀ ਪਾਲਿਸੀ ਦੀ ਨਿਖੇਧੀ ਕੀਤੀ ਹੈ। ਬਾਹਰਲੇ ਮੁਆਮਲਿਆਂ ਦੇ ਮੰਤਰੀ ਨੇ 12 ਨੁਕਾਤੀ ਆਰਥਿਕ ਪਾਬੰਦੀਆਂ ਦਾ ਐਲਾਨ ਕੀਤਾ ਹੈ। ਪਰ ਅਪਾਰਥਾਈਡ ਵਿਰੁੱਧ ਸਰਗਰਮ ਲੋਕਾਂ ਅਤੇ ਜੱਥੇਬੰਦੀਆਂ ਅਨੁਸਾਰ ਇਨ੍ਹਾਂ ਪਾਬੰਦੀਆਂ ਦਾ ਸਾਊਥ ਅਫਰੀਕਾ ਉੱਪਰ ਕੋਈ ਖਾਸ ਅਸਰ ਨਹੀਂ ਪਏਗਾ। ਕਿਉਂਕਿ ਕੈਨੇਡਾ ਦੀਆਂ 28 ਵੱਡੀਆਂ ਵੱਡੀਆਂ ਕੰਪਨੀਆਂ ਨੇ 247 ਮਿਲੀਅਨ ਡਾਲਰ ਦੇ ਲਗਭਗ ਸਾਊਥ ਅਫਰੀਕਾ ਵਿਚ ਪੂੰਜੀ ਲਾਈ ਹੋਈ ਹੈ। ਇਨ੍ਹਾਂ 28 ਵੱਡੀਆਂ ਕੰਪਨੀਆਂ ਵਿਚ ਐਲਕਨ ਐਲੂਮਨਮ ਲਿਮਟਿਡ, ਬਾਟਾ ਗਰੁੱਪ, ਕੈਨੇਡਾ ਡੀਵੈਲਪਮੈਂਟ ਕਾਰਪੋਰੇਸ਼ਨ, ਸੀ. ਆਈ. ਐੱਲ ਕਾਰਪੋਰੇਸ਼ਨ, ਫੋਰਡ ਮੋਟਰ ਕੰਪਨੀ, ਹਡਸਨ ਬੇ ਕੰਪਨੀ, ਨੋਰੰਡਾ ਮਾਈਨਜ਼, ਰੀਡ ਸਟੈਨਹਾਊਸ, ਸੀਗਰੈਮ ਆਦਿ ਕੰਪਨੀਆਂ ਹਨ। ਇਨ੍ਹਾਂ ਵੱਡੀਆਂ ਕੰਪਨੀਆਂ ਖ਼ਾਸ ਕਰਕੇ ਐਲਕਨ ਅਤੇ ਬਾਟਾ ਗਰੁੱਪ ਦੇ ਬੁਲਾਰਿਆਂ ਅਨੁਸਾਰ ਜੋ ਕਲਾਰਕ ਵੱਲੋਂ ਲਾਈਆਂ ਪਾਬੰਦੀਆਂ ਦਾ ਉਨ੍ਹਾਂ ਦੇ ਕਾਰੋਬਾਰ ਉਪਰ ਬਹੁਤ ਥੋੜ੍ਹਾ ਅਸਰ ਪਏਗਾ। ਪ੍ਰਧਾਨ-ਮੰਤਰੀ ਬਰਾਇਨ ਮਲਰੂਨੀ ਨੇ ਵਾਰ ਵਾਰ ਬਿਆਨ ਦਿੱਤੇ ਹਨ ਕਿ ਅਸੀਂ ਹੋਰ ਸਖ਼ਤ ਐਕਸ਼ਨ ਲਵਾਂਗੇ। ਪਰ ਅਜੇ ਤੱਕ ਕੋਈ ਖਾਸ ਐਕਸ਼ਨ ਨਹੀਂ ਲਿਆ। ਜੇ ਪ੍ਰਧਾਨ ਮੰਤਰੀ ਮਲਰੂਨੀ ਸੱਚਮੁੱਚ ਹੀ ਕਾਲੇ ਲੋਕਾਂ ਉੱਪਰ ਹੁੰਦਾ ਇਹ ਜ਼ੁਲਮ ਨਹੀਂ ਸਹਿਣ ਕਰ ਸਕਦਾ (ਉਸਨੇ ਆਪਣੇ ਬਿਆਨਾਂ ਵਿਚ ਇੰਜ ਕਿਹਾ ਹੈ) ਤਾਂ ਉਸਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕੰਪਨੀਆਂ ਵੱਲੋਂ ਸਾਊਥ ਅਫਰੀਕਾ ਵਿਚ ਲਾਈ ਜਾਂਦੀ ਇਸ ਪੂੰਜੀ ਵਿਰੁੱਧ ਸਖ਼ਤ ਪਾਬੰਦੀਆਂ ਲਾਵੇ। ਕੈਨੇਡਾ ਦੀਆਂ ਬੈਂਕਾਂ ਜਿਵੇਂ ਰੋਇਲ ਬੈਂਕ, ਬੈਂਕ ਆਫ ਨੋਵਾ ਸਕੋਸ਼ੀਆ, ਬੈਂਕ ਆਫ ਮਾਂਟਰੀਅਲ, ਕੈਨੇਡੀਅਨ ਇੰਮਪੀਰੀਅਲ ਬੈਂਕ ਆਫ ਕਾਮਰਸ ਆਦਿ ਨੇ ਵੱਡੇ ਵੱਡੇ ਕਰਜ਼ੇ ਸਾਊਥ ਅਫਰੀਕਾ ਨੂੰ ਦਿੱਤੇ ਹਨ। ਇਨ੍ਹਾਂ ਕਰਜ਼ਿਆਂ ਦਾ ਸਾਊਥ ਅਫਰੀਕਾ ਦੀ ਆਰਥਿਕਤਾ ਵਿਚ ਖ਼ਾਸ ਰੋਲ ਹੈ। ਪ੍ਰਧਾਨ ਮੰਤਰੀ ਨੂੰ ਇਨ੍ਹਾਂ ਬੈਂਕਾਂ ਉਪਰ ਕਰਜ਼ੇ ਦੇਣ ਬਾਰੇ ਪਾਬੰਦੀ ਲਾਉਣੀ ਚਾਹੀਦੀ ਹੈ। ਪਰ ਅਜੇ ਤੱਕ ਉਸਨੇ ਅਜਿਹਾ ਨਹੀਂ ਕੀਤਾ। ਸ਼ਾਇਦ ਉਹ ਰੇਗਨ ਵੱਲ ਵੇਖ ਰਿਹਾ ਹੈ - ਜੇ ਉਹਨੇ ਅਜਿਹਾ ਨਹੀਂ ਕੀਤਾ ਤਾਂ ਮਲਰੂਨੀ ਕਿਵੇਂ ਅਜਿਹਾ ਕਰ ਸਕਦਾ ਹੈ?

ਕੈਨੇਡਾ ਦੀ ਫੈਡਰਲ ਸਰਕਾਰ ਤੋਂ ਬਿਨਾਂ ਕਈ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਅਪਾਰਥਾਈਡ ਦੇ ਵਿਰੋਧ ਵਿਚ ਕੁਝ ਕਦਮ ਚੁੱਕੇ ਹਨ, ਜਿਵੇਂ ਕਿਊਬੈਕ, ਆਨਟਾਰੀਓ, ਮੈਨੀਟੋਬਾ ਆਦਿ ਦੀਆਂ ਸਰਕਾਰਾਂ ਨੇ ਆਪਣੇ ਸ਼ਰਾਬ ਦੀਆਂ ਦੁਕਾਨਾਂ ਤੋਂ ਸਾਊਥ ਅਫਰੀਕਾ ਦੀਆਂ ਬਣੀਆਂ ਵਾਈਨਾਂ ਹਟਾ ਦਿੱਤੀਆਂ ਹਨ। ਪਰ ਬੀ. ਸੀ. ਦੀ ਸੋਕਰਡ ਸਰਕਾਰ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਜਦੋਂ 1972-75 ਤੱਕ ਬੀ.ਸੀ. ਵਿਚ ਐਨ.ਡੀ.ਪੀ. ਦੀ ਸਰਕਾਰ ਸੀ ਤਾਂ ਉਸਨੇ ਵੀ ਬੀ.ਸੀ. ਦੇ ਸ਼ਰਾਬ ਦੇ ਸਟੋਰਾਂ ਵਿਚੋਂ ਸਾਊਥ ਅਫਰੀਕਾ ਦੀ ਵਾਈਨ ਹਟਾ ਦਿੱਤੀ ਸੀ। ਪਰ ਜਦੋਂ 1975 ਵਿਚ ਸੋਕਰਡ ਸਰਕਾਰ ਆਈ ਤਾਂ ਉਨ੍ਹਾਂ ਫਿਰ ਸ਼ਰਾਬ ਦੀਆਂ ਦੁਕਾਨਾਂ ਵਿਚ ਸਾਊਥ ਅਫਰੀਕਾ ਦੀ ਵਾਈਨ ਵੇਚਣੀ ਸ਼ੁਰੂ ਕਰ ਦਿੱਤੀ। ਉਂਜ ਜਿਹੜੀ ਸਰਕਾਰ ਬੀ.ਸੀ. ਵਿਚ ਹਿਊਮਨ ਰਾਈਟਸ ਕਮਿਸ਼ਨ ਖ਼ਤਮ ਕਰ ਸਕਦੀ ਹੈ, ਉਸ ਤੋਂ ਆਸ ਵੀ ਕੀ ਰੱਖੀ ਜਾ ਸਕਦੀ ਹੈ?

**ਅਸੀਂ ਕੀ ਕਰ ਸਕਦੇ ਹਾਂ :** ਇਸ ਤਰ੍ਹਾਂ ਅਸਾਂ ਵੇਖਿਆ ਹੈ ਕਿ ਸਾਊਥ ਅਫਰੀਕਾ ਦੇ ਬਹੁ-ਗਿਣਤੀ ਲੋਕ ਕਿਸ ਤਰ੍ਹਾਂ ਅਣਮਨੁੱਖੀ, ਘਟੀਆ, ਜ਼ੁਲਮ ਅਤੇ ਜ਼ਬਰ ਦੀਆਂ ਹਾਲਤਾਂ ਹੇਠ ਰਹਿ ਰਹੇ ਹਨ। ਇਸ ਦੇ ਨਾਲ ਹੀ ਉਹ ਅਜਿਹੀਆਂ ਹਾਲਤਾਂ ਤੋਂ ਮੁਕਤੀ ਪਾਉਣ ਲਈ ਸਰਕਾਰ ਵਿਰੁੱਧ ਘੋਲ ਲੜ ਰਹੇ ਹਨ। ਸਾਰੀ ਦੁਨੀਆਂ ਦੇ ਬਹੁ-ਗਿਣਤੀ ਲੋਕ ਉਨ੍ਹਾਂ ਦੇ ਇਸ ਹੱਕੀ ਘੋਲ ਦੀ ਹਮਾਇਤ

ਕਰ ਰਹੇ ਹਨ। ਸਾਨੂੰ ਵੀ ਇਸ ਅੰਤਰਰਾਸ਼ਟਰੀ ਲਹਿਰ ਦਾ ਅੰਗ ਬਣਨਾ ਚਾਹੀਦਾ ਹੈ। ਸਾਊਥ ਅਫਰੀਕਾ ਦੇ ਚਿੱਟੇ ਲੋਕ 'ਵਾਈਟ ਸੁਪਰਮੇਸੀ' ਦੀ ਵਿਚਾਰਧਾਰਾ ਅਧੀਨ ਕਾਲੇ ਲੋਕਾਂ ਉਪਰ ਜ਼ੁਲਮ ਕਰ ਰਹੇ ਹਨ। ਉਨ੍ਹਾਂ ਦੇ ਸਾਥੀ ਇਥੇ ਕੂ ਕਲੈਕਸ ਕਲੈਨ, ਆਰੀਅਨ ਨੇਸ਼ਨਜ਼ ਆਦਿ ਜਥੇਬੰਦੀਆਂ ਖੜ੍ਹੀਆਂ ਕਰਕੇ ਸਾਡੇ ਵਿਰੁੱਧ ਨਸਲੀ ਪਰਚਾਰ ਕਰ ਰਹੇ ਹਨ। ਵੱਡੀਆਂ ਵੱਡੀਆਂ ਕੰਪਨੀਆਂ ਜਿਹੜੀਆਂ ਸਾਊਥ ਅਫਰੀਕਾ ਵਿਚ ਪੂੰਜੀ ਲਾ, ਸਾਊਥ ਅਫਰੀਕਾ ਦੀ ਸਰਕਾਰ ਵੱਲੋਂ ਲੁੱਟ-ਖਸੁੱਟ ਵਿਚ ਭਾਈਵਾਲ ਬਣਦੀਆਂ ਹਨ, ਉਹ ਹੀ ਕੰਪਨੀਆਂ ਇਥੇ ਸਾਡੀ ਮਿਹਨਤ ਦੀ ਲੁੱਟ ਕਰਦੀਆਂ ਹਨ। ਸਾਊਥ ਅਫਰੀਕਾ ਦੇ ਕਾਲੇ ਲੋਕਾਂ ਨੂੰ, ਅਤੇ ਦੁਨੀਆਂ ਦੇ ਬਾਕੀ ਮਜ਼ਦੂਰਾਂ ਨੂੰ ਲੁੱਟਣ ਵਾਲੇ ਅੰਤਰ-ਰਾਸ਼ਟਰੀ ਤੌਰ 'ਤੇ ਇਕੱਠੇ ਹਨ। ਇਸ ਲਈ ਸਾਨੂੰ ਵੀ ਇਨ੍ਹਾਂ ਵਿਰੁੱਧ ਅੰਤਰ-ਰਾਸ਼ਟਰੀ ਤੌਰ 'ਤੇ ਇਕੱਠੇ ਹੋਣਾ ਜ਼ਰੂਰੀ ਹੈ। ਤਾਂ ਹੀ ਇਸ ਸਮਾਜ ਵਿਚੋਂ ਲੁੱਟ ਖ਼ਤਮ ਕੀਤੀ ਜਾ ਸਕਦੀ ਹੈ। ਜਿੰਨੀ ਦੇਰ ਸਾਰੀ ਦੁਨੀਆਂ ਦੇ ਲੋਕ ਆਜ਼ਾਦ ਨਹੀਂ ਹੋ ਜਾਂਦੇ, ਉਨ੍ਹਾਂ ਚਿਰ ਉਨ੍ਹਾਂ ਲੋਕਾਂ ਦੀ ਆਜ਼ਾਦੀ ਜੋ ਇਸ ਸਮੇਂ ਆਜ਼ਾਦ ਹਨ, ਉਪਰ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਅਪਾਰਥਾਈਡ ਵਿਰੋਧੀ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਈਏ।

ਸਾਨੂੰ ਆਪਣੇ ਆਪਣੇ ਸ਼ਹਿਰਾਂ ਵਿਚ ਅਪਾਰਥਾਈਡ ਵਿਰੋਧੀ ਮੁਜ਼ਾਹਰਿਆਂ ਵਿਚ ਡਟ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਕਿ ਕੈਨੇਡਾ ਦੀ ਸਰਕਾਰ ਉੱਪਰ ਜ਼ੋਰ ਪਾਇਆ ਜਾ ਸਕੇ ਕਿ ਉਹ ਅਪਾਰਥਾਈਡ ਵਿਰੁੱਧ ਕੋਈ ਠੋਸ ਕਦਮ ਚੁੱਕੇ। ਸਾਊਥ ਅਫਰੀਕਾ ਤੋਂ ਆਈਆਂ ਸਾਰੀਆਂ ਵਸਤਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ ਜਿਵੇਂ: ਪਾਰਲ ਵਾਈਨਜ਼ (PAARL WINES), ਆਊਟ ਸਪੈਨ ਸੰਤਰੇ (OUTSPAN ORANGES), ਰਥਮੈਨ ਸਿਗਰਟਾਂ, ਓਕੀਫ ਵੱਲੋਂ ਤਿਆਰ ਕੀਤੀਆਂ ਚੀਜ਼ਾਂ ਆਦਿ। ਜਿਹੜੀਆਂ ਕੰਪਨੀਆਂ ਸਾਊਥ ਅਫਰੀਕਾ ਵਿਚ ਪੂੰਜੀ ਲਾਉਂਦੀਆਂ ਹਨ, ਉਨ੍ਹਾਂ ਦੀਆਂ ਬਣਾਈਆਂ ਵਸਤਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਪਰਧਾਨ-ਮੰਤਰੀ ਮਲਰੂਨੀ ਜਾਂ ਬਾਹਰਲੇ ਮੁਆਮਲਿਆਂ ਦੇ ਮੰਤਰੀ ਜੋ ਕਲਾਰਕ ਨੂੰ ਚਿੱਠੀਆਂ ਲਿਖਣੀਆਂ ਚਾਹੀਦੀਆਂ ਹਨ ਕਿ ਉਹ ਕੈਨੇਡਾ ਵੱਲੋਂ ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਦਾ ਐਲਾਨ ਕਰੇ।

ਸਾਊਥ ਅਫਰੀਕਾ ਵਿਰੁੱਧ ਆਰਥਿਕ ਪਾਬੰਦੀਆਂ ਚਿੱਟੀ ਸਰਕਾਰ ਦੇ ਗੋਡੇ ਲਵਾਉਣ ਵਿਚ ਸਹਾਈ ਹੋ ਸਕਦੀਆਂ ਹਨ। ਸਾਨੂੰ ਉਨ੍ਹਾਂ ਲੋਕਾਂ ਦੇ ਪਰਚਾਰ ਤੋਂ ਬਚਣਾ ਚਾਹੀਦਾ ਹੈ ਜੋ ਕਹਿੰਦੇ ਹਨ ਕਿ ਆਰਥਿਕ ਪਾਬੰਦੀਆਂ ਸਾਊਥ ਅਫਰੀਕਾ ਦੇ ਕਾਲੇ ਲੋਕਾਂ ਉੱਪਰ ਮਾੜਾ ਅਸਰ ਕਰਨਗੀਆਂ। ਕਾਲੇ ਲੋਕਾਂ ਦੇ ਬਹੁਤ ਆਗੂਆਂ ਨੇ ਇਸ ਬਾਰੇ ਇਹ ਕਿਹਾ ਹੈ ਕਿ ਬੇਸ਼ੱਕ ਕਾਲੇ ਲੋਕਾਂ ਉੱਪਰ ਇਸਦਾ ਅਸਰ ਹੋਵੇਗਾ, ਪਰ ਉਹ ਲੋਕ ਆਜ਼ਾਦੀ ਲੈਣ ਲਈ ਇਸ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਹਨ। ਅਪਾਰਥਾਈਡ ਦਾ ਵਿਰੋਧ ਕਰਨਾ ਹਰ ਜਮਹੂਰੀਅਤ ਪਸੰਦ ਮਨੁੱਖ ਦਾ ਫ਼ਰਜ਼ ਹੈ ਅਤੇ ਸਾਨੂੰ ਇਸ ਫ਼ਰਜ਼ ਤੋਂ ਕੁਤਾਹੀ ਨਹੀਂ ਕਰਨੀ ਚਾਹੀਦੀ।

( ਨੋਟ: ਇਸ ਲੇਖ ਵਿਚ ਵਰਤੀ ਜਾਣਕਾਰੀ ਹੇਠ ਲਿਖੇ ਸੋਮਿਆਂ ਤੋਂ ਇਕੱਠੀ ਕੀਤੀ ਗਈ ਹੈ:

1 ਐਨਥਨੀ ਲੇਮਨ (ANTHONY LAMON) ਵੱਲੋਂ ਸਾਊਥ ਅਫਰੀਕਾ ਬਾਰੇ ਲਿਖੀ ਕਿਤਾਬ 'ਅਪਾਰਥਾਈਡ' ਵਿਚੋਂ।
2 ਮਿਲਾਰਡ ਆਰਨਲਡ (MILLARD ARNOLD) ਵੱਲੋਂ ਸਟੀਵ ਬੀਕੋ ਬਾਰੇ ਸੰਪਾਦਤ ਕੀਤੀ ਕਿਤਾਬ ਵਿਚੋਂ।
3 ਯੂਨੈਸਕੋ (UNESCO) ਵੱਲੋਂ 1978 ਵਿਚ ਛਾਪੇ ਗਏ ਪੈਂਫਲਿਟ: APARTHEID, BLACK & WHITE ਵਿਚੋਂ।
4 ਯੂਨੈਸਕੋ ਕੋਰੀਅਰ ਦੇ ਨਵੰਬਰ 1977 ਦੇ ਅੰਕ ਵਿਚੋਂ।
5 ਯੂਨੈਸਕੋ ਫੀਚਰ ਵਿਚੋਂ
6 ਅਗਸਤ 5, 1985 ਦੇ ਮੈਕਲੀਨ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
7 ਅਗਸਤ 5, 1985 ਦੇ ਟਾਈਮਜ਼ ਮੈਗਜ਼ੀਨ ਵਿਚ ਛਪੀ ਸਪੈਸ਼ਲ ਰੀਪੋਰਟ ਵਿਚੋਂ।
8 ਸਾਊਥ ਅਫਰੀਕਨ ਐਕਸ਼ਨ ਕੋਲੀਸ਼ਨ ਵੱਲੋਂ ਛਾਪੇ ਪੈਂਫਲਿਟ 'ਫਾਈਨੈਂਸਿੰਗ ਅਪਾਰਥਾਈਡ' ਵਿਚੋਂ।
9 ਜ਼ੋਆਇਸ ਸਿਕਾਨੇ ਵੱਲੋਂ ਲਿਖੀ ਕਿਤਾਬ 'ਆ ਵਿੰਡੋ ਆਨ ਸੋਵੀਟੋ' ਵਿਚੋਂ।
10 'ਗਲੋਬ ਐਂਡ ਮੇਲ' ਅਤੇ 'ਵੈਨਕੂਵਰ ਸਨ' ਵਿਚ ਛਪੀਆਂ ਖ਼ਬਰਾਂ ਅਤੇ ਲੇਖਾਂ ਵਿਚੋਂ। )

• (VANCOUVER, B.C.)




**Jay's Travel Ltd.**

10421 - 80 Avenue, Edmonton, Alta. T6E 1V1

Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

# BOMBAY SWEETS MFG. INCORPORATED

## FOR LARGEST VARIETY IN INDIAN SWEETS

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ਰੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

## ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**


**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.
VANCOUVER, B.C.**

# PAUL'S

## *PLUMBING & ELECTRICAL SUPPLY*



'OPEN ON SUNDAYS TOO'

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service

# KESri

**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# ਐਡਮੰਟਨ ਵਿੱਚ ਯੈਲੋ ਕੈਬ ਡਰਾਈਵਰਾਂ ਦਾ ਸ਼ਾਨਦਾਰ ਘੋਲ

ਲਾਟ ਭਿੰਡਰ

ਕੈਨੇਡਾ ਦੇ ਦੂਜੇ ਵੱਡੇ ਸ਼ਹਿਰਾਂ ਵਿਨੀਪੈੱਗ, ਕੈਲਗਰੀ ਆਦਿ ਵਾਂਗ ਐਡਮੰਟਨ ਸ਼ਹਿਰ ਦੀ ਟੈਕਸੀ ਇੰਡਸਟਰੀ ਇਕ ਵਿਸ਼ਾਲ ਬਿਜ਼ਨੈੱਸ ਹੈ ਜੋ ਕਿ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਦੀ ਹੈ। ਭਾਵੇਂ ਇਸ ਸ਼ਹਿਰ 13-14 ਛੋਟੀਆਂ ਵੱਡੀਆਂ ਟੈਕਸੀ ਕੰਪਨੀਆਂ ਮਿਲ ਕੇ ਕੁਲ 1350 ਦੇ ਲਗਭਗ ਟੈਕਸੀਆਂ ਹਨ, ਇਹਨਾਂ ਵਿਚੋਂ 550-600 ਟੈਕਸੀਆਂ ਇਕੱਲੀ ਯੈਲੋ ਕੈਬ ਕੰਪਨੀ (YELLOW CAB COMPANY) ਦੀਆਂ ਹਨ। ਇਹ ਕੰਪਨੀ ਕੋਈ 41 ਕੁ ਸਾਲ ਪਹਿਲਾਂ ਹੋਂਦ ਵਿਚ ਆਈ। ਉਦੋਂ ਤੋਂ ਲੈ ਕੇ ਹੁਣ ਤੱਕ ਇਹ ਵੱਡੇ ਮੁਨਾਫ਼ੇ ਕਮਾ ਕੇ ਕਈ ਹੋਰ ਕੰਪਨੀਆਂ ਦੀ ਮਾਲਕ ਬਣੀ ਬੈਠੀ ਹੈ। ਦੂਜੇ ਪਾਸੇ 12-16 ਘੰਟੇ ਰੋਜ਼ਾਨਾ ਕੰਮ ਕਰਕੇ ਟੈਕਸੀ ਡਰਾਈਵਰ ਮਸਾਂ ਹੀ ਗੁਜ਼ਾਰਾ ਕਰਦੇ ਹਨ। ਹਰ ਕਿਸਮ ਦੀਆਂ ਸਹੂਲਤਾਂ ਜਿਵੇਂ ਕੰਮ 'ਤੇ ਲੱਗੇ ਰਹਿਣ ਦੀ ਗਰੰਟੀ, ਕੰਮ ਟੁੱਟ ਜਾਣ 'ਤੇ ਬੇਰੁਜ਼ਗਾਰੀ ਭੱਤਾ, ਸੱਟ ਲੱਗਣ ਜਾਂ ਬੀਮਾਰੀ ਦੀ ਹਾਲਤ ਵਿਚ ਕੋਈ ਮੁਆਵਜ਼ਾ, ਛੁੱਟੀਆਂ ਆਦਿ ਸਭ ਤੋਂ ਟੈਕਸੀ ਡਰਾਈਵਰਾਂ ਨੂੰ ਵਾਂਝਿਆਂ ਰੱਖ ਕੇ ਯੈਲੋ ਕੈਬ ਆਪ ਅੰਤਾਂ ਦੇ ਮੁਨਾਫ਼ੇ ਕਮਾ ਰਹੀ ਹੈ। ਦੂਜੇ ਪਾਸੇ ਡਰਾਈਵਰਾਂ ਨੂੰ ਅਸੁਰੱਖਿਅਤ, ਖ਼ਤਰਨਾਕ ਹਾਲਤਾਂ, ਅਨਿਸਚਿਤ, ਅਣਸੁਖਾਵੇਂ ਲੰਮੇ ਕੰਮ ਦੇ ਘੰਟੇ ਤੇ ਕਈ ਹੋਰ ਜੋਖ਼ਮ ਭਰੀਆਂ ਹਾਲਤਾਂ ਵਿਚ ਕੰਮ ਕਰਨਾ ਪੈਂਦਾ ਹੈ।

ਭਾਵੇਂ ਕਿ ਟੈਕਸੀਆਂ ਸਬੰਧੀ ਸਾਰੇ ਤਰ੍ਹਾਂ ਦੇ ਰੈਗੂਲੇਸ਼ਨ ਪਾਸ ਕਰਨੇ ਤੇ ਡਰਾਈਵਰਾਂ ਦੀ ਸੁਰੱਖਿਆ ਪ੍ਰਬੰਧਾਂ ਬਾਰੇ ਸੋਚਣਾ ਤੇ ਲਾਗੂ ਕਰਨਾ ਟੈਕਸੀ ਕੈਬ ਕਮਿਸ਼ਨ ਦਾ ਕੰਮ ਹੈ, ਪਬਲਿਕ ਫੰਡਾਂ 'ਤੇ ਉਸਰਿਆ ਤੇ ਸਰਕਾਰੇ ਦਰਬਾਰੇ ਹੱਥ ਮਿਲਾ ਕੇ ਬਹਿਆ ਇਹ ਕਮਿਸ਼ਨ ਡਰਾਈਵਰਾਂ ਦੇ ਪੱਖ ਵਿਚ ਕਦੇ ਵੀ ਕੁਝ ਨਹੀਂ ਕਰ ਸਕਿਆ। ਅਜੇ ਪਿਛਲੇ ਸਾਲ ਹੀ ਕਮਿਸ਼ਨ ਦੇ ਮੈਂਬਰਾਂ ਨੇ ਲੋਕਾਂ ਦੇ ਪੈਸੇ 'ਤੇ ਕਈ ਮਹਾਂਨਗਰਾਂ ਦੀ ਸੈਰ ਇਸ ਕਰਕੇ ਹੀ ਕੀਤੀ ਕਿ ਟੈਕਸੀ ਡਰਾਈਵਰਾਂ ਦੇ ਕਤਲਾਂ ਅਤੇ ਲੁੱਟਮਾਰ ਦੀਆਂ ਵਾਰਦਾਤਾਂ ਨੂੰ ਕਿਵੇਂ ਰੋਕਿਆ ਜਾਵੇ। ਪਰ ਹੋਇਆ ਇਹ ਕਿ ਸਾਰੀ ਜਾਣਕਾਰੀ ਇਕੱਠੀ ਕਰਕੇ ਇਕ ਕਿਤਾਬਚੇ 'ਚ ਬੰਦ ਕਰਕੇ ਸਾਂਭ ਦਿੱਤੀ ਗਈ ਹੈ ਤੇ ਅਮਲ ਵਿਚ ਕੁਝ ਨਹੀਂ ਲਿਆਂਦਾ ਗਿਆ। ਹਾਂ, ਜੇ ਕਿਧਰੇ ਕੋਈ ਡਰਾਈਵਰਾਂ ਦੇ ਹੱਕਾਂ ਦੀ ਗੱਲ ਇਹਨਾਂ ਦੀ ਮੀਟਿੰਗ ਦੇ ਏਜੰਡੇ 'ਤੇ ਆ ਵੀ ਜਾਵੇ, ਤਾਂ ਤਾਂ ਇਹ ਘੇਸ ਮਾਰ ਜਾਣਗੇ ਜਾਂ ਐਵੇਂ ਸਬ-ਕਮੇਟੀਆਂ ਵਿਚ ਮਾਮਲਾ ਉਲਝਾ ਕੇ ਫੈਸਲਾ ਮਾਲਕਾਂ ਦੇ ਹੱਕ ਵਿਚ ਸੁਣਾ ਦੇਣਗੇ। ਸਰਮਾਏਦਾਰਾਂ ਦੇ ਟੁਕੜਿਆਂ 'ਤੇ ਪਲਣ ਵਾਲੇ, ਮਾਲਕਾਂ ਦੀਆਂ ਲਿਮੋਜ਼ੀਨਾਂ 'ਤੇ ਝੂਟੇ ਲੈਣ ਵਾਲੇ ਇਹਨਾਂ ਅਖੌਤੀ ਕਮਿਸ਼ਨਾਂ ਤੋਂ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਹੈ।

ਯੈਲੋ ਕੈਬ ਅਧਿਕਾਰੀਆਂ ਵੱਲੋਂ ਵੱਡੇ ਪੱਧਰ 'ਤੇ ਧਾਂਦਲੀਆਂ ਅਤੇ ਟੈਕਸੀ ਡਰਾਈਵਰਾਂ ਨਾਲ ਹੁੰਦੀਆਂ ਵਧੀਕੀਆਂ ਅਤੇ ਹੋਰ ਮੰਗਾਂ ਮਨਵਾਉਣ ਲਈ ਵੱਖ ਵੱਖ ਸਮਿਆਂ 'ਤੇ ਟੈਕਸੀ ਡਰਾਈਵਰ ਸੰਘਰਸ਼ ਕਰਦੇ ਆ ਰਹੇ ਹਨ। ਤਕਰੀਬਨ ਸੱਤ ਕੁ ਸਾਲ ਪਹਿਲਾਂ ਇਸੇ ਹੀ ਕੰਪਨੀ ਦੇ ਡਰਾਈਵਰਾਂ ਦੇ ਇਕ ਵੱਡੇ ਇਕੱਠ ਨੇ ਉਨ੍ਹਾਂ ਨਾਲ ਹੁੰਦੀਆਂ ਵਧੀਕੀਆਂ ਨੂੰ ਲੈ ਕੇ 30-35 ਦਿਨ ਦੀ ਜੱਦੋਜਹਿਦ ਚਲਾਈ ਸੀ, ਜਿਸ ਦੌਰਾਨ ਡਰਾਈਵਰਾਂ ਨੇ ਇਕ ਵੱਡੀ ਜਿੱਤ ਜਿੱਤੀ ਕਿ ਉਹ ਆਪਣੀ ਯੂਨੀਅਨ ਬਣਾਉਣ ਵਿਚ ਕਾਮਯਾਬ ਹੋਏ। ਪਰ ਸਰਮਾਏਦਾਰਾਂ ਦੇ ਹੱਥ ਲੰਮੇ ਹੋਣ ਕਰਕੇ ਸੁਪਰੀਮ ਕੋਰਟ ਵਿਚ ਜਾ ਕੇ ਮਾਲਕਾਂ ਦੀ ਜਿੱਤ ਹੋਈ ਤੇ ਯੂਨੀਅਨ ਬਣਨ ਦੇਣ ਤੋਂ ਇਨਕਾਰ ਕਰ ਦਿਤਾ ਗਿਆ। ਕਾਰਨ ਦੱਸਿਆ ਗਿਆ ਕਿ ਡਰਾਈਵਰ ਯੈਲੋ ਕੈਬ ਦੇ ਮੁਲਾਜ਼ਮ ਨਹੀਂ, ਸਗੋਂ ਆਜ਼ਾਦ, ਠੇਕੇ 'ਤੇ ਕੰਮ ਕਰਦੇ ਹਨ। ਤਕਰੀਬਨ 550 ਟੈਕਸੀਆਂ ਦੀ ਇਸ ਕੰਪਨੀ ਦੇ ਤਕਰੀਬਨ 1500 ਡਰਾਈਵਰ (ਵੱਖ ਵੱਖ ਸਮਿਆਂ 'ਤੇ ਕੰਮ ਕਰਨ ਵਾਲੇ) ਬਿਨਾਂ ਕਿਸੇ ਸਾਂਝੀ ਆਵਾਜ਼ ਜਾਂ ਸੁਣਵਾਈ ਤੋਂ ਫਿਰ ਆਪਣਾ ਕੰਮ ਜਾਰੀ ਕਰਨ ਲਈ ਮਜਬੂਰ ਹੋ ਗਏ। ਹੌਲੀ ਹੌਲੀ ਹਾਲਾਤ ਬਦਲਣੇ ਸ਼ੁਰੂ ਹੋ ਗਏ। ਕੈਨੇਡਾ ਦੀ 'ਆਇਲ ਕੈਪੀਟਲ' ਕਹਾਉਂਦੇ ਇਸ ਸ਼ਹਿਰ ਵਿਚ ਤੇਲ ਦੀ ਮੰਗ ਅਤੇ ਕੀਮਤ ਸੁੰਗੜ ਜਾਣ ਕਰਕੇ ਅਤੇ ਬਹੁਤ ਸਾਰੇ ਹੋਰ ਸ਼ਹਿਰਾਂ ਵਾਂਗ ਆਰਥਕ ਮੰਦਵਾੜਾ ਪੈ ਗਿਆ। ਕਈ ਕਾਰੋਬਾਰ ਠੱਪ ਹੋ ਜਾਣ ਕਰਕੇ ਕਈ ਹੋਰ ਲੋਕ ਵੀ ਡਰਾਈਵਰਾਂ ਦੀ ਕਤਾਰ ਵਿਚ ਆ ਗਏ। ਇਸ ਕਰਕੇ ਜਿਥੇ ਇਕ ਪਾਸੇ ਟੈਕਸੀ ਤੋਂ ਹੁੰਦੀ ਆਮਦਨ ਬਹੁਤੇ ਹੱਥਾਂ ਵਿਚ ਵੰਡੀ ਜਾਣ ਕਰਕੇ ਸੁੰਗੜਦੀ ਗਈ, ਉਥੇ ਦੂਜੇ ਪਾਸੇ ਡਰਾਈਵਰਾਂ ਤੋਂ ਨੀਯਤ ਫੀਸ ਅਤੇ ਹੋਰ ਖ਼ਰਚੇ ਚੂਸ ਕੇ ਕੰਪਨੀ ਦੇ ਮਾਲਕ ਹੋਰ ਅਮੀਰ ਹੁੰਦੇ ਗਏ।

ਜਿਵੇਂ ਕਿ ਕੁਝ ਨਿੱਕੀਆਂ ਤੇ ਵੱਡੀਆਂ ਵਿਰੋਧਤਾਈਆਂ 'ਚੋਂ ਕੁਝ ਆਰਜ਼ੀ ਤੌਰ ਹੱਲ ਹੋ ਜਾਂਦੀਆਂ ਹਨ ਜਾਂ ਮੱਠੀਆਂ ਪੈ ਜਾਂਦੀਆਂ ਹਨ, ਕੁਝ ਨਵੀਆਂ ਉੱਭਰ ਕੇ ਪਰਚੰਡ ਹੋ ਜਾਂਦੀਆਂ ਹਨ। ਯੈਲੋ ਕੈਬ ਕੰਪਨੀ ਤੇ ਟੈਕਸੀ ਡਰਾਈਵਰਾਂ ਵਿਚਕਾਰ ਚੱਲ ਰਹੀ ਲਗਾਤਾਰ ਕਸ਼ਮਕਸ਼ ਇਕ ਵਾਰ ਫਿਰ ਤੇਜ਼ ਹੋਈ ਜਦੋਂ ਮਈ 1984 ਵਿਚ ਵਧੇ ਹੋਏ ਖ਼ਰਚੇ, ਘੱਟ ਆਮਦਨ ਤੇ ਉੱਤੋਂ ਭ੍ਰਿਸ਼ਟ ਪ੍ਰਬੰਧਕਾਂ ਵੱਲੋਂ ਕੀਤੇ ਜਾਂਦੇ ਅਣਮਨੁੱਖੀ ਵਤੀਰੇ ਦੇ ਵਿਰੋਧ ਵਿਚ ਯੈਲੋ ਕੈਬ ਦੇ ਨਿਤਾਰੇ ਹੋਏ ਇਕ ਗਰੁੱਪ ਨੇ ਆਪਣੀ ਨਵੀਂ ਕੰਪਨੀ KLONDIKE TAXI ਖੋਲ੍ਹ ਲਈ। ਆਪਣੇ ਬਰਾਬਰ ਦੇ ਸ਼ਰੀਕ ਵਜੋਂ ਉਭਰੀ ਇਸ ਨਵੀਂ ਟੈਕਸੀ ਕੰਪਨੀ ਨੇ ਯੈਲੋ ਕੈਬ ਦੇ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ। ਜਿਸ ਦੇ ਨਤੀਜੇ ਵਜੋਂ ਪ੍ਰਬੰਧਕੀ ਢਾਂਚੇ ਵਿਚ ਭਾਰੀ ਉਥਲ ਪੁਥਲ ਕੀਤੀ ਅਤੇ ਇਥੋਂ ਤੀਕ ਕਿ ਪ੍ਰਬੰਧਕੀ ਤਣਾਉ ਕਾਰਨ ਅਤੇ ਮਾਯੂਸੀ ਕਾਰਨ ਯੈਲੋ ਕੈਬ ਦਾ ਆਪਰੇਸ਼ਨਜ਼ ਮੈਨੇਜਰ ਖ਼ੁਦਕਸ਼ੀ ਕਰ ਗਿਆ। ਕਈ ਬਾਕੀ ਦੇ ਪ੍ਰਬੰਧਕਾਂ ਨੇ ਆਪਣੇ ਉਪਰ ਲੱਗੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਖ਼ੁਦਕਸ਼ੀ ਕਰਨ ਵਾਲੇ ਦੀ ਕਬਰ 'ਚ ਹੀ ਦੱਬ ਦਿੱਤੇ ਅਤੇ ਆਪ ਅਸਾਨੀ ਨਾਲ ਸੁਰਖ਼ਰੂ ਹੋ ਗਏ।

ਇਸ ਸਾਲ ਫਿਰ ਯੈਲੋ ਕੈਬ ਦੇ ਭ੍ਰਿਸ਼ਟ ਢਾਂਚੇ ਵਿਰੁੱਧ ਹੱਕੀ ਮੰਗਾਂ ਲੈ ਕੇ 6 ਸਤੰਬਰ ਨੂੰ ਇਕ ਸ਼ਕਤੀਸ਼ਾਲੀ ਉਭਾਰ ਉਠਿਆ। ਇਸ ਦਾ ਮੂਲ ਕਾਰਨ ਇਹ ਵੀ ਸੀ ਕਿ ਯੈਲੋ ਕੈਬ ਕੰਪਨੀ ਨੇ ਆਪਣੇ ਮੁਨਾਫ਼ੇ ਹੋਰ ਵਧਾਉਣ ਖ਼ਾਤਰ ਪਹਿਲਾਂ ਹੀ ਮਹਿੰਗਾਈ ਵਿਚ ਤੰਗੀ-ਤੁਰਸ਼ੀ ਨਾਲ ਦਿਨ ਕੱਟ ਰਹੇ ਡਰਾਈਵਰਾਂ ਉਪਰ ਹਰ ਹਫ਼ਤੇ ਚੂਸੇ ਜਾਂਦੇ ਕਿਰਾਏ ਵਿਚ ਦਸ ਡਾਲਰ ਇਕਦਮ ਵਾਧਾ ਕਰ ਦਿੱਤਾ। 200 ਤੋਂ ਉੱਪਰ ਟੈਕਸੀ ਡਰਾਈਵਰਾਂ ਨੇ ਬੜਾ ਸ਼ਕਤੀਸ਼ਾਲੀ ਅਤੇ ਰੋਹ ਭਰਿਆ ਮੁਜ਼ਾਹਰਾ ਕੀਤਾ। ਅਗਲੇ ਹੀ ਦਿਨ ਉਹਨਾਂ ਨੇ ਇੰਟਰਨੈਸ਼ਨਲ ਏਅਰਪੋਰਟ 'ਤੇ ਜਾ ਧਰਨਾ ਮਾਰਿਆ। ਯਾਦ ਰਹੇ ਇਹ ਇੰਟਰਨੈਸ਼ਨਲ ਏਅਰਪੋਰਟ ਟੈਕਸੀ ਚਾਲਕਾਂ ਦਾ ਸਭ ਤੋਂ ਵੱਡਾ ਅੱਡਾ ਹੈ। ਟੈਕਸੀ ਡਰਾਈਵਰਾਂ ਦੇ ਸਿਆਣੇ ਪ੍ਰਤੀਨਿਧਾਂ ਵੱਲੋਂ ਬੜੇ ਸੁਚੱਜੇ ਢੰਗ ਨਾਲ ਏਅਰਪੋਰਟ 'ਤੇ ਪਿਕਟਿੰਗ ਕੀਤੀ ਗਈ ਅਤੇ ਹੇਠ ਲਿਖੀਆਂ ਮੰਗਾਂ ਮਨਵਾਉਣ ਲਈ ਪ੍ਰਣ ਕੀਤਾ—

1. ਹਰ ਹਫ਼ਤੇ ਦੇ ਕਿਰਾਏ 'ਚ ਕੀਤਾ ਦਸ ਡਾਲਰ ਦਾ ਵਾਧਾ ਵਾਪਸ ਲਿਆ ਜਾਵੇ।

2. D.A.T.S. ਦੇ ਟਰਿੱਪਾਂ ਦਾ ਜਾਇਜ਼ ਬਣਦਾ ਕਿਰਾਇਆ ਦਿੱਤਾ ਜਾਵੇ।

3. ਡਰਾਈਵਰਾਂ ਨਾਲ ਕੀਤਾ ਜਾਂਦਾ ਵਿਤਕਰਾ ਬੰਦ ਕੀਤਾ ਜਾਵੇ।

4. ਚਾਰਜ ਸਲਿੱਪਾਂ ਅਤੇ ਕਰੈਡਿਟ ਕਾਰਡਾਂ ਦੀਆਂ ਸਲਿੱਪਾਂ ਤੇ ਦਸ ਪ੍ਰਤੀਸ਼ਤ ਦੀ ਕਟੌਤੀ ਬੰਦ ਕੀਤੀ ਜਾਵੇ।

ਇਹ ਜੱਦੋਜਹਿਦ ਕੋਈ 15-16 ਦਿਨ ਲਗਾਤਾਰ ਚਲਦੀ ਰਹੀ। ਇਸ ਦੌਰਾਨ ਵੱਖ ਵੱਖ ਜੱਥੇਬੰਦੀਆਂ ALBERTA FEDRATION OF LABOUR, EDMONTON VOTER'S ASSOCIATION, ALBERTA TAXI DRIVERS ASSOCIATION, KLONDIKE TAXI, A.1 TAXI ਅਤੇ ਨਿੱਜੀ ਤੌਰ ਤੇ ਕੁਝ ਵਿਅਕਤੀਆਂ ALDERMAN PERCY WICKMAN, ED EWASIUK ਤੇ MAYOR DECORE ਅਤੇ ਕਈ ਹੋਰ ਭਾਰਤੀ ਜੱਥੇਬੰਦੀਆਂ ਅਤੇ ਵਿਅਕਤੀ ਵਿਸ਼ੇਸ਼ਾਂ ਵੱਲੋਂ ਇਸ ਘੋਲ ਦੀ ਹਮਾਇਤ ਕੀਤੀ ਗਈ ਜਦ ਕਿ R.C.M.P ਅਤੇ ਮੀਡੀਏ ਨੇ ਤਕਰੀਬਨ ਤਮਾਸ਼ਬੀਨਾਂ ਵਾਲਾ ਸਟੈਂਡ ਲੈ ਕੇ ਆਪਣਾ ਪੱਲ ਬਚਾਉਣ ਦੀ ਕੋਸ਼ਸ਼ ਕੀਤੀ।

ਮੁਜ਼ਾਹਰੇ ਦੇ ਪਹਿਲੇ ਦਿਨ ਤੋਂ ਹੀ ਘੋਲ ਦੀ ਅਗਵਾਈ ਕਰਦੇ ਸਾਥੀ ਡਰਾਈਵਰਾਂ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਇੰਨ੍ਹਾਂ ਮੰਗਾਂ ਤੋਂ ਥੱਲੇ ਕੰਪਨੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਡਰਾਈਵਰਾਂ ਦੀ ਨਿੱਤ ਦੀ ਕਮਾਈ ਨੂੰ ਲੁੱਟਣ ਵਾਲੇ ਯੈਲੋ ਕੈਬ ਦੇ ਪ੍ਰਬੰਧਕ ਇਹ ਸਮਝਦੇ ਸਨ ਕਿ ਇਹ ਲੋਕ ਕੰਮ ਕੀਤੇ ਬਿਨਾਂ ਜ਼ਿਆਦਾ ਦੇਰ ਟਿਕ ਨਹੀਂ ਸਕਣਗੇ ਕਿਉਂਕਿ ਉਨ੍ਹਾਂ ਨੇ ਡਰਾਈਵਰਾਂ ਨੂੰ ਏਨੇ ਜੋਗਾ ਛੱਡਿਆ ਹੀ ਨਹੀਂ ਕਿ ਉਹ ਰੋਜ਼ ਦੀ ਕਮਾਈ 'ਚੋਂ ਬਚਾ ਕੇ ਹਫਤਾ ਦੋ ਹਫਤੇ ਵਿਹਲੇ ਬੈਠ ਸਕਣ। ਕੰਪਨੀ ਦੇ ਪ੍ਰਬੰਧਕਾਂ ਇਹ ਵੀ ਸੋਚਿਆ ਸੀ ਕਿ ਡਰਾਈਵਰਾਂ ਨਾਲ ਕੋਈ ਗੱਲਬਾਤ ਨਾ ਕੀਤੀ ਜਾਵੇ ਤਾਂ ਜੋ ਆਪਣੇ ਆਪ ਹੀ ਭੁੱਖੇ ਮਰਦੇ ਡਰਾਈਵਰ ਕੰਮ 'ਤੇ ਵਾਪਸ ਆ ਜਾਣਗੇ। ਪਰ ਦੂਜੇ ਪਾਸੇ ਟੈਕਸੀ ਡਰਾਈਵਰਾਂ ਦੀਆਂ ਮੰਗਾਂ ਵਧੇਰੇ ਪੈਸੇ ਕਮਾਉਣ ਵਰਗੇ ਕਿਸੇ ਲਾਲਚ 'ਚੋਂ ਨਹੀਂ, ਸਗੋਂ ਉਹਨਾਂ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ ਤੇ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਕੰਮ ਦੀਆਂ ਹਾਲਤਾਂ ਸੁਧਾਰਨ ਲਈ ਅਤੇ ਹੁੰਦੇ ਵਿਤਕਰੇ ਨੂੰ ਬੰਦ ਕਰਵਾਉਣ ਦੇ ਅਹਿਮ ਕਾਜ਼ ਵਜੋਂ ਉਭਰੀਆਂ ਸਨ। ਜਾਣ ਰਹੇ ਇਸ ਟੈਕਸੀ ਦੇ ਕੰਮ ਵਿਚ ਵਧੇਰੇ ਸ਼ਮੂਲੀਅਤ ਭਾਰਤੀ ਲੋਕਾਂ ਦੀ ਹੈ। ਇਹਨਾਂ ਵਿਚੋਂ ਕਈ ਚੰਗੇ ਪੜ੍ਹੇ ਲਿਖੇ ਵੀ ਹਨ। ਆਪਣੇ ਲੋਕਾਂ ਦੇ ਇਸ ਕਿੱਤੇ ਵਿਚ ਆਉਣ ਦੇ ਅਣਗਿਣਤ ਕਾਰਨ ਅਤੇ ਮਜਬੂਰੀਆਂ ਹਨ ਜਿਹੜੀਆਂ ਕਿ ਆਮ ਇੰਮੀਗਰੈਂਟ ਲੋਕਾਂ ਨੂੰ ਪੇਸ਼ ਆਉਂਦੀਆਂ ਹਨ।

ਯੈਲੋ ਕੈਬ ਦੇ ਅਫਸਰਸ਼ਾਹੀ ਰਵੱਈਏ ਨੂੰ ਦੇਖ ਕੇ ਸਾਥੀ ਡਰਾਈਵਰਾਂ ਨੇ ਵੱਧ ਦਲੇਰੀ ਨਾਲ ਘੋਲ ਨੂੰ ਪ੍ਰਚੰਡ ਰੂਪ ਦਿੱਤਾ। ਯੈਲੋ ਕੈਬ ਕੰਪਨੀ ਦੇ ਅਧਿਕਾਰੀਆਂ ਵੱਲੋਂ ਏਅਰਪੋਰਟ 'ਤੇ ਰੋਸ ਵਜੋਂ ਜਾਮ ਕੀਤੀਆਂ 200-250 ਟੈਕਸੀਆਂ ਦੇ ਕੁਝ ਕੁ ਦੀਆਂ ਪਲੇਟਾਂ ਲਾਹੁਣ ਦੀ ਕਾਲੀ ਕਰਤੂਤ ਨੂੰ ਜੁਝਾਰੂ ਕਾਰਕੁੰਨਾਂ ਨੇ ਪਛਾੜ ਦਿੱਤਾ ਅਤੇ ਇਕ ਦੋ ਮਾਲਕਾਂ ਦੇ ਚਮਚਿਆਂ 'ਤੇ ਛਿੱਤਰ ਵੀ ਫੇਰਿਆ। ਇਸ ਘੋਲ ਦੀ ਅਗਵਾਈ ਜਮਾਤੀ ਤੌਰ 'ਤੇ ਚੇਤੰਨ, ਮਜ਼ਦੂਰ ਲਹਿਰਾਂ ਬਾਰੇ ਵਾਕਿਫ਼ ਵਿਅਕਤੀ ਕਰ ਰਹੇ ਸਨ। ਆਪਣੀਆਂ ਮੰਗਾਂ ਦੀ ਪੂਰਤੀ ਲਈ ਤਿੰਨ ਟੈਕਸੀ ਡਰਾਈਵਰ ਸਾਥੀਆਂ ਵੱਲੋਂ ਏਅਰਪੋਰਟ 'ਤੇ ਭੁੱਖ ਹੜਤਾਲ ਵੀ ਕੀਤੀ ਗਈ।

ਅਖ਼ੀਰ ਵਿਚ ਇਸ ਸ਼ਹਿਰ ਦੇ ਮੇਅਰ ਡਿਕੋਰ ਨੇ ਵਿਚੋਲਗਿਰੀ ਕਰਕੇ ਤਿੰਨਾਂ ਦਿਨਾਂ ਦੇ ਸਮੇਂ ਦੌਰਾਨ ਯੈਲੋ ਕੈਬ ਕੰਪਨੀ ਤੇ ਟੈਕਸੀ ਡਰਾਈਵਰਾਂ ਦਾ ਸਮਝੌਤਾ ਕਰਵਾ ਦਿਤਾ। ਟੈਕਸੀ ਕੈਬ ਕਮਿਸ਼ਨ ਦੇ ਦੋ ਬੰਦੇ, ਯੈਲੋ ਕੈਬ ਕੰਪਨੀ ਦੇ ਪ੍ਰਤੀਨਿਧ, ਮੁਜ਼ਾਹਰਾਕਾਰ ਤੇ ਦੂਜੇ ਡਰਾਈਵਰ ਇਸ ਗੱਲਬਾਤ ਵਿਚ ਸ਼ਾਮਲ ਹੋਏ। ਭਾਵੇਂ ਇਸ ਗੱਲਬਾਤ ਦੌਰਾਨ ਕੰਪਨੀ ਨੇ ਆਪਣੇ ਕੁਝ ਚਮਚਿਆਂ ਵੱਲੋਂ ਸਿਟੀ ਹਾਲ ਲਿਆ ਕੇ ਮੁਜ਼ਾਹਰਾ ਕਰ ਰਹੇ ਡਰਾਈਵਰਾਂ ਵਿਰੁੱਧ ਬਿਆਨਬਾਜ਼ੀ ਕਰਵਾਈ ਪਰ ਫੇਰ ਵੀ ਵਿਸ਼ਾਲ ਗਿਣਤੀ ਟੈਕਸੀ ਡਰਾਈਵਰਾਂ ਦਾ ਇਸ ਘੋਲ ਵਿਚ ਸ਼ਾਮਲ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਜ਼ਿਆਦਾ ਦੇਰ ਟਰਕਾਇਆ ਨਹੀਂ ਜਾ ਸਕਦਾ। ਭਾਵੇਂ ਵਕਤੀ ਤੌਰ 'ਤੇ ਇਹ ਸੰਘਰਸ਼ ਹੁਣ ਮੱਠਾ ਪੈ ਗਿਆ ਹੈ ਤੇ ਗੱਲਬਾਤ ਅਖੌਤੀ ਕਮਿਸ਼ਨਾਂ ਦੇ ਹਵਾਲੇ ਕਰ ਦਿਤੀ ਗਈ ਹੈ ਫਿਰ ਵੀ ਸਾਨੂੰ ਪੂਰੀ ਆਸ ਹੈ ਕਿ ਟੈਕਸੀ ਡਰਾਈਵਰਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਵਿਰੁੱਧ ਭਵਿੱਖ ਵਿਚ ਹੋਣ ਵਾਲੇ ਘੋਲਾਂ ਲਈ ਇਹ ਘੋਲ ਇਕ ਪ੍ਰੇਰਨਾ ਸਰੋਤ ਬਣੇਗਾ।

● (EDMONTON, ALBERTA)

# ਬੋਲੀਆਂ

ਗੁਰਚਰਨ ਟੱਲੇਵਾਲੀਆ
(BURNABY, B.C.)

●

ਵਿਚ ਪ੍ਰਦੇਸੀਂ ਚੰਦਰਾ ਪਾਣੀ
ਕਿਸਨੂੰ ਖੋਲ੍ਹ ਸੁਣਾਈਏ
ਮਿੱਠੀ ਜੇਲ੍ਹ ਕੈਨੇਡਾ ਵਾਲੀ
ਦੋਜ਼ਖ ਨਾਲ ਹੰਢਾਈਏ
ਜੇ ਬੱਸ ਹੋਵੇ ਉਡਕੇ ਸੱਜਣਾ
ਆਪਣੇ ਵਤਨੀਂ ਜਾਈਏ
ਤੇਰੀਆਂ ਚਿੱਠੀਆਂ ਦੇ
ਵਾਰੇ ਵਾਰੇ ਜਾਈਏ
ਤੇਰੀਆਂ ਚਿੱਠੀਆਂ ਦੇ ...

●●

ਮੇਰੇ ਨਾਲੋਂ ਸੁਹਣੀਆਂ ਏਥੇ
ਪਰੀਆਂ ਵਰਗੀਆਂ ਨਾਰਾਂ।
ਝੂਠੇ ਤਾਅਨੇ ਮਾਰੇਂ ਮੈਨੂੰ
ਫੋਕੀਆਂ ਤੇਰੀਆਂ ਟਾਹਰਾਂ।
ਬਾਹੋਂ ਫੜਕੇ ਦੇਵੇਂ ਧੱਕੇ,
ਬਹਿ ਕੇ ਜੁੰਡੀ-ਯਾਰਾਂ।
ਤੇਰੇ ਵਰਗੇ ਡੰਗਰ ਚਾਰਦੇ
ਕਰਦੇ ਰੋਜ਼ ਵਗਾਰਾਂ।
ਵਿਚ ਪ੍ਰਦੇਸਾਂ ਦੇ,
ਰੁਲਦੀਆਂ ਦੇਸੀ ਨਾਰਾਂ।
ਵਿਚ ਪ੍ਰਦੇਸਾਂ ਦੇ

●●●

ਬੁਰਜੂ ਲਾਣਾ ਰੰਨਾਂ ਕੁੱਟਦਾ
ਬਣਦੇ ਦੇਸ਼ ਪੁਜਾਰੀ।
ਨੀਲੀ ਫਿਲਮ, ਸ਼ਰਾਬਾਂ ਪੱਤੇ
ਫੋਕੀ ਪੱਤਰ-ਕਾਰੀ।
ਨਵੇਂ ਸਾਲ ਦੀ ਦੇਣ ਵਧਾਈ
ਲੀਡਰ ਲਿਖਤ - ਲਿਖਾਰੀ।
ਵਿਚ ਚੁਰਾਹੇ ਕੁੱਤਿਆਂ ਵਾਂਗੂੰ
ਹੱਡ ਦੀ ਖੱਲ ਉਤਾਰੀ।
ਵਿਚ ਦਰਬਾਜੇ ਲੜਦੇ ਰਹਿੰਦੇ,
ਕੀਹਦੀ ਜੇਬ ਹੈ ਭਾਰੀ।
ਇਨ੍ਹਾਂ ਮੰਦਰਾਂ ਚੋਂ
ਲੱਦ ਗਏ ਕਈ ਵਪਾਰੀ
ਇਨ੍ਹਾਂ ਮੰਦਰਾਂ ਚੋਂ ...

●●●●

ਖਤਮ ਹੋ ਗਿਆ ਰਾਜ ਬੂਰੇ ਦਾ
ਕਾਲਾ ਝੋਟਾ ਆਇਆ।
ਦੇਸੀ ਢੱਗਾ, ਖੁਰੀ ਵਲੈਤੀ
ਵੱਗ ਡੰਗਰਾਂ ਦਾ ਧਾਇਆ।
ਮਿਲੀ ਆਜ਼ਾਦੀ ਚਿੱਡਲ ਜੋਕਾਂ
ਪੀਤਾ ਖੂਨ ਪਰਾਇਆ।
ਆਦਮਖੋਰ ਜਨੂੰਨੀ ਲੀਡਰ
ਕੇਹਾ ਭੇਖ ਵਟਾਇਆ।
ਟੈਕਸ ਗੱਡਾ, ਟੈਕਸ ਖੋਤਾ
ਟੈਕਸ ਮੰਜਿਆਂ ਲਾਇਆ।
ਆਈ ਆਜ਼ਾਦੀ, ਹੋਰ ਗੁਲਾਮੀ
ਲੋਕਾਂ ਸੱਚ ਸੁਣਾਇਆ।
ਛੱਡ ਗਿਆ ਵਤਨਾਂ ਨੂੰ
ਡੇਰਾ ਜਾ ਪ੍ਰਦੇਸੀਂ ਲਾਇਆ
ਛੱਡ ਗਿਆ ਵਤਨਾਂ ਨੂੰ ......

# ਚੋਰ-ਗੁਲਾਮੀ ਦੀਆਂ ਜੰਜ਼ੀਰਾਂ 'ਚ ਜਕੜਿਆ ਭਾਰਤ

ਗੁਲਜ਼ਾਰ

1947 'ਚ ਭਾਰਤ ਦੀ ਕੌਮੀ ਆਜ਼ਾਦੀ ਦੀ ਲਹਿਰ ਦੀ ਪਿੱਠ 'ਚ ਛੁਰਾ ਖੋਭ ਕੇ ਭਾਰਤੀ ਸਰਮਾਏਦਾਰਾਂ ਦੀ ਨੁਮਾਇੰਦਾ ਕਾਂਗਰਸ ਨੇ ਅੰਗਰੇਜ ਸਾਮਰਾਜੀਆਂ ਨਾਲ ਕੀਤੇ ਸ਼ਰਮਨਾਕ ਸਮਝੌਤੇ ਨੂੰ "ਆਜ਼ਾਦੀ' ਦਾ ਨਾਂ ਦਿੱਤਾ ਸੀ। ਬਦੇਸ਼ੀ ਸਾਮਰਾਜੀਆਂ ਅਤੇ ਭਾਰਤੀ ਵੱਡੇ ਸਰਮਾਏਦਾਰਾਂ ਦੋਹਾਂ ਨੂੰ ਸਪਸ਼ਟ ਸੀ ਕਿ ਅੰਗਰੇਜ਼ ਹਾਕਮਾਂ ਦੇ ਭਾਰਤ 'ਚੋਂ ਜਾਣ ਦਾ ਅਰਥ ਸਾਮਰਾਜੀ ਸਰਮਾਏ ਅਤੇ ਗਲਬੇ ਦਾ ਜਾਣਾ ਨਹੀਂ ਹੈ। ਸਭਨਾਂ ਬਦੇਸ਼ੀ ਸਾਮਰਾਜੀਆਂ ਦੇ ਸ਼ੰਕੇ ਨਵਿਰਤ ਕਰਦਿਆਂ ਭਾਰਤੀ ਵੱਡੀ ਸਰਮਾਏਦਾਰੀ ਦੇ ਨੁਮਾਇੰਦੇ ਨਹਿਰੂ ਨੇ ਕਿਹਾ ਸੀ, "ਭਾਰਤ ਸਰਕਾਰ, ਭਾਰਤ ਅੰਦਰਲੇ ਬਰਤਾਨਵੀ ਜਾਂ ਹੋਰਨਾਂ ਗੈਰ ਭਾਰਤੀ ਹਿਤਾਂ 'ਤੇ ਕਿਸੇ ਵੀ ਤਰ੍ਹਾਂ ਸੱਟ ਮਾਰਨ ਦਾ ਇਰਾਦਾ ਨਹੀਂ ਰੱਖਦੀ ਅਤੇ ਭਾਰਤੀ ਆਰਥਕਤਾ ਦੇ ਵਿਕਾਸ ਵਿੱਚ ਉਨ੍ਹਾਂ ਦੇ ਉਸਾਰੂ ਜਾਂ ਸਹਿਯੋਗੀ ਰੋਲ ਦੀ ਦੇਣ ਨੂੰ ਜੀ ਆਇਆਂ ਕਹੇਗੀ।" ......ਬਦੇਸ਼ੀ ਹਿਤਾਂ ਨੂੰ ਸਾਰਿਆਂ ਲਈ ਇੱਕੋ ਜਿਹੇ ਨਿਯਮਾਂ ਅਧੀਨ ਮੁਨਾਫ਼ੇ ਕਮਾਉਣ ਦੀ ਖੁਲ੍ਹ ਦਿੱਤੀ ਜਾਵੇਗੀ।"

ਭਾਰਤੀ ਲੋਕਾਂ ਨੂੰ ਝੂਠੇ ਵਾਅਦਿਆਂ ਤੇ ਲਾਰਿਆਂ ਦੇ ਗੱਫੇ ਵਰਤਾਉਣ ਵਾਲੇ ਕੌਮ ਧ੍ਰੋਹੀ ਭਾਰਤੀ ਹਾਕਮ ਸਾਮਰਾਜੀਆਂ ਨਾਲ ਕੀਤੇ ਇਨ੍ਹਾਂ ਕੌਲ ਕਰਾਰਾਂ 'ਤੇ ਸੋਲਾਂ ਆਨੇ ਖਰੇ ਉਤਰੇ ਹਨ !

ਆਉ ! ਭਾਰਤੀ ਹਾਕਮਾਂ ਦੀ ਇਸ ਨੀਤੀ ਦੇ ਸਿੱਟੇ ਵਜੋਂ ਭਾਰਤ ਦੀ ਧਰਤੀ 'ਤੇ ਬੇਫਿਕਰ ਦਨਦਨਾ ਰਹੇ ਸਾਮਰਾਜੀ ਸਰਮਾਏ ਦੀਆਂ ਕੁਝ ਝਲਕਾਂ ਵੇਖੀਏ।

### ਵੱਡੀ ਸੱਨਅਤ 'ਤੇ ਵੱਡਾ ਗਲਬਾ !

ਜਿਵੇਂ ਉੱਪਰ ਜਿਕਰ ਆ ਚੁੱਕਿਆ ਹੈ ਭਾਰਤੀ ਹਾਕਮਾਂ ਨੇ, ਇਥੋਂ ਦੇ ਮਾਲ ਖਜ਼ਾਨਿਆਂ ਤੇ ਮਿਹਨਤ ਸ਼ਕਤੀ ਦੀ ਲੁੱਟ ਸਦਕਾ ਵਧੇ ਫੁਲੇ ਬਦੇਸ਼ੀ ਸਰਮਾਏ ਨੂੰ ਜ਼ਬਤ ਤਾਂ ਕੀ ਕਰਨਾ ਸੀ, ਸਗੋਂ ਇਹਦੇ 'ਚ ਵਾਧੇ ਲਈ ਖੁਲ੍ਹਾਂ ਅਤੇ ਸਹੂਲਤਾਂ ਦਿੱਤੀਆ। ਨਤੀਜੇ ਵਜੋਂ ਇਹ ਸਰਮਾਇਆ ਲਗਾਤਾਰ ਵਧਦਾ ਜਾ ਰਿਹਾ ਹੈ। **1948 'ਚ ਇਹ 264 ਕਰੋੜ ਰੁਪਏ ਸੀ, ਜਿਹੜਾ ਵਧਕੇ 1958 'ਚ 562.5 ਕਰੋੜ ਰੁਪਏ, 1968 'ਚ 1542.8 ਕਰੋੜ ਰੁਪਏ ਅਤੇ 1981 'ਚ 2500 ਕਰੜ ਰੁਪਏ ਹੋ ਚੁਕਿਆ ਸੀ।** ਪਰ ਬਦੇਸ਼ੀ ਸਾਮਰਾਜੀਆਂ ਦੇ ਸਰਮਾਏ ਦੀ ਮਾਤਰਾ ਨਾਲੋਂ ਭਾਰਤ ਅੰਦਰਲੀ ਪੂੰਜੀ 'ਤੇ ਉਨ੍ਹਾਂ ਦਾ ਕੰਟਰੋਲ ਕਿਤੇ ਵੱਧ ਹੈ। ਇਕ ਉਦਾਹਰਣ ਇਸਨੂੰ ਸਪਸ਼ਟ ਕਰ ਦੇਵੇਗੀ।

ਸੱਨਅਤੀ ਲਾਈਸੈਂਸਿੰਗ ਨੀਤੀ ਜਾਂਚ ਕਮਿਸ਼ਨ ਦੀ ਰਿਪੋਰਟ ਮੁਤਾਬਕ 1966 'ਚ ਭਾਰਤ ਅੰਦਰ 5 ਕਰੋੜ ਤੋਂ ਵੱਧ ਪੂੰਜੀ ਵਾਲੀਆਂ ਪਬਲਿਕ ਤੇ ਪ੍ਰਾਈਵੇਟ ਕੰਪਨੀਆਂ ਦੀ ਗਿਣਤੀ 252 ਸੀ। ਇਨ੍ਹਾਂ ਵਿਚੋਂ ਕੱਢ ਕੰਪਨੀਆਂ ਦੀ ਕੁੱਲ ਜਾਇਦਾਦ 3407 ਕਰੋੜ ਰੁਪਏ ਸੀ। ਇਨ੍ਹਾਂ 'ਚੋਂ ਬਦੇਸ਼ੀ ਮਾਲਕੀ ਜਾਂ ਕੰਟਰੋਲ ਹੇਠਲੀਆਂ ਕੰਪਨੀਆਂ ਦੀ ਜਾਇਦਾਦ ਦੀ ਤਸਵੀਰ ਇਹ ਬਣਦੀ ਹੈ।

| ਨਂ: | ਗਿਣਤੀ | ਜਾਇਦਾਦ (ਕਰੋੜਾ ਰੁਪਏ 'ਚ) |
|---|---|---|
| 1 ਸੱਨਅਤੀ ਲਾਈਸੈਂਸਿੰਗ ਜਾਂਚ ਕਮਿਸ਼ਨ ਵੱਲੋਂ ਬਦੇਸ਼ੀ ਬਰਾਂਚਾਂ ਜਾਂ ਸਬਸਿਡੀਅਰੀਆਂ ਕਰਾਰ ਦਿੱਤੀਆਂ ਕੰਪਨੀਆਂ | 58 | 947.00 |
| 2 ਵੱਡੀਆਂ ਆਜ਼ਾਦ ਕੰਪਨੀਆਂ, ਵਡੇਰੇ ਸੱਨਅਤੀ ਹਾਊਸ ਅਤੇ ਵੱਡੇ ਸੱਨਅਤੀ ਹਾਊਸਾਂ ਦੀ ਸੂਚੀ 'ਚ ਦਰਜ ਬਦੇਸ਼ੀ ਕੰਪਨੀਆਂ | 31 | 315.81 |
| 3 ਹਿੱਸੇ, ਕਰਜੇ ਜਾਂ ਦੋਹਾਂ ਰੂਪਾਂ 'ਚ 50% ਤੋਂ ਵੱਧ ਬਦੇਸ਼ੀ ਪੂੰਜੀ ਕਾਰਨ ਬਦੇਸ਼ੀ ਕੰਟਰੋਲ ਹੇਠਲੀਆਂ ਅਖੌਤੀ ਭਾਰਤੀ ਕੰਪਨੀਆਂ | 15 | 565.96 |
| 4 ਬਦੇਸ਼ੀ-ਭਾਰਤੀ ਸਾਂਝੇ ਕਾਰੋਬਾਰ ਜਿਨ੍ਹਾਂ 'ਚ ਬਦੇਸ਼ੀ ਭਾਈਵਾਲਾਂ ਦੇ ਅਸਰਦਾਰ ਮਾਲੀ ਹਿਤ, ਤਕੜਾਂ ਤਕਨੀਕੀ ਜਕੜ ਤੇ ਭਾਰੀ ਪ੍ਰਬੰਧਕੀ ਤਾਕਤ ਹੈ। | 14 | 244.76 |
| ਕੁਲ | 118 | 2073.53 |

ਇਨ੍ਹਾਂ 252 ਕੰਪਨੀਆਂ 'ਚੋਂ ਕਈ ਬਦੇਸ਼ੀ ਭਾਈ-ਵਾਲੀ ਵਾਲੀਆਂ ਕੰਪਨੀਆਂ ਸਬੰਧੀ ਲੋੜੀਂਦੇ ਅੰਕੜੇ ਹਾਸਲ ਨਾ ਹੋਣ ਕਰਕੇ ਉਨ੍ਹਾਂ ਨੂੰ ਨੰ: 4 ਵਿਚ ਸ਼ਾਮਲ ਨਹੀਂ ਕੀਤਾ ਗਿਆ। ਸੋ ਇਹ ਬਦੇਸ਼ੀ ਮਾਲਕੀ 'ਤੇ ਕੰਟਰੋਲ ਹੇਠਲੀ ਜਾਇਦਾਦ ਦੀ ਮੁਕੰਮਲ ਤਸਵੀਰ ਨਹੀਂ ਹੈ। ਇਸ ਗੈਰ-ਮੁਕੰਮਲ ਜਾਣਕਾਰੀ ਮੁਤਾਬਕ ਵੀ ਬਦੇਸ਼ੀ ਮਾਲਕੀ ਜਾਂ ਕੰਟਰੋਲ ਹੇਠਲੀਆਂ ਉਪਰੋਕਤ 118 ਕੰਪਨੀਆਂ ਦੀ ਜਾਇ-ਦਾਦ (2073·53 ਕਰੋੜ), 252 ਵੱਡੀਆਂ ਕੰਪਨੀਆਂ ਦੀ ਜਾਇਦਾਦ (3407 ਕਰੋੜ) ਦਾ 60·9% ਬਣਦੀ ਹੈ। ਯਾਨੀ ਭਾਰਤ ਦੀ **ਵੱਡੀ ਸੱਨਅਤ ਦੇ ਘੱਟੋ ਘੱਟ** 61% ਸਰਮਾਏ 'ਤੇ ਕੰਟਰੋਲ! (ਵਿਸਥਾਰ ਲਈ ਪੜ੍ਹੋ INDIA MORTGAGED 'ਚ ਚੈਪਟਰ Foreign Capital in India)

ਜਿਵੇਂ ਉਪਰ ਜ਼ਿਕਰ ਆਇਆ ਹੈ, 1968 'ਚ ਲੱਗੀ ਕੁੱਲ ਬਦੇਸ਼ੀ ਪੂੰਜੀ 1543 ਕਰੋੜ ਰੁਪਏ ਸੀ, ਪਰ 1966 'ਚ ਹੀ ਬਿਦੇਸ਼ੀ ਸਾਮਰਾਜੀਏ ਘਟੋ ਘਟ 2074 ਕਰੋੜ ਦੇ ਸਰਮਾਏ ਨੂੰ ਕੰਟਰੋਲ ਕਰ ਰਹੇ ਸਨ। ਬਦੇਸ਼ੀ ਸਾਮਰਾਜੀਆਂ ਦੇ ਸਰਮਾਏ ਦੀ ਏਡੀ ਵਿਆਪਕ ਮਾਰ ਦਾ 'ਰਾਜ਼' ਜਾਨਣ ਲਈ ਆਉ ਕੁਝ ਹੋਰ ਪੱਖਾਂ 'ਤੇ ਝਾਤ ਮਾਰੀਏ!

## ਵੱਡੀ ਸੱਨਅਤ—ਵੱਡਾ ਠੂਠਾ

ਭਾਰਤੀ ਸੱਨਅਤ 'ਤੇ ਆਪਣਾ ਗਲਬਾ ਵਧਾਉਣ ਦਾ ਇਕ ਅਹਿਮ ਸਾਮਰਾਜੀ ਹਥਿਆਰ ਕਰਜ਼ੇ ਹਨ। ਇਹ ਕਰਜ਼ੇ ਭਾਰਤੀ ਸੱਨਅਤ ਅੰਦਰ ਪੂੰਜੀ ਲਾਉਣ 'ਤੇ ਇਸਨੂੰ ਕੰਟਰੋਲ ਕਰਨ ਦਾ ਟੇਢਾ ਢੰਗ ਹਨ। ਭਾਰਤੀ ਸੱਨਅਤ ਖਾਸ ਕਰਕੇ ਵੱਡੀ ਸਨਅਤ ਜੀਹਨੂੰ ਭਾਰਤ ਦੀ "ਸਵੈ-ਨਿਰਭਰ ਸੱਨਅਤੀ ਤਰੱਕੀ" ਦੇ ਸਬੂਤ ਵਜੋਂ ਪੇਸ਼ ਕੀਤਾ ਜਾਂਦਾ ਹੈ, ਕਿਸ ਹੱਦ ਤਕ ਬਿਦੇਸ਼ੀ ਸਾਮਰਾਜੀ ਮੁਲਕਾਂ ਤੇ ਸੰਸਥਾਵਾਂ 'ਤੇ ਨਿਰਭਰ ਹੈ, ਇਸਦਾ ਅੰਦਾਜ਼ਾ ਇਨ੍ਹਾਂ ਤੱਥਾਂ ਤੋਂ ਲੱਗ ਸਕਦਾ ਹੈ।

1967-68 'ਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਪੱਛਮੀ ਸਾਮਰਾਜੀ ਮੁਲਕਾਂ ਅਤ ਸੰਸਥਾਵਾਂ ਵਲੋਂ ਭਾਰਤੀ ਪ੍ਰਾਈਵੇਟ ਸੈਕਟਰ ਦੀਆਂ ਤਕਰੀਬਨ 80 ਕੰਪਨੀਆਂ ਨੂੰ 460 ਕਰੋੜ ਰੁਪਏ ਦੇ ਕਰਜੇ ਦਿਤੇ ਗਏ, ਇਨ੍ਹਾਂ 'ਚੋਂ 397 ਕਰੋੜ ਰੁਪਏ ਦੇ ਕਰਜੇ 19 ਦਿਉਕੱਦ ਕੰਪਨੀਆਂ ਨੂੰ ਦਿੱਤੇ ਗਏ, ਯਾਨੀ ਕੁਲ ਕਰਜ਼ਿਆਂ ਦਾ 86% ਵੱਡੀਆਂ ਕੰਪਨੀਆਂ ਦੇ ਹਿੱਸੇ ਆਇਆ।

ਸੋ ਪ੍ਰਾਈਵੇਟ ਖੇਤਰ ਦੀਆਂ ਸਭ ਤੋਂ ਵੱਡੀਆਂ ਕੰਪ-ਨੀਆਂ ਮੁੱਖ ਤੌਰ 'ਤੇ ਬਦੇਸ਼ੀ ਸਾਮਰਾਜੀ ਸਰਮਾਏ ਆਸਰੇ ਪਲ ਰਹੀਆਂ ਹਨ। ਉਪਰੋਕਤ 19 ਕੰਪਨੀਆਂ 'ਚੋਂ ਟਾਟੇ ਦੀਆਂ ਤਿੰਨ (ਟਿਸਕੋ, ਟਰੋਂਬੇ ਅਤੇ ਟੈਲਕੋ) ਅਤੇ ਬਿਰਲੇ ਦੀਆਂ 4 (ਹਿੰਦੁਸਤਾਨ ਮੋਟਰਜ਼, ਹਿੰਦੁਸਤਾਨ ਅਲਮੀਨੀ-ਅਮ, ਓਰੀਐਂਟ ਪੇਪਰ ਅਤੇ ਰੇਨੂ ਸਾਗਰ ਪਾਵਰ) ਕੰਪਨੀਆਂ ਨੂੰ ਦਿਤੇ ਕਰਜ਼ਿਆਂ ਅਤੇ ਇਨ੍ਹਾਂ ਕੰਪਨੀਆਂ ਦੀ ਜਾਇਦਾਦ 'ਚ ਵਾਧੇ ਦੀ ਤੁਲਨਾ ਵੱਡੀ ਭਾਰਤੀ ਸੱਅਨਤ ਦੀ ਵਿਦੇਸ਼ੀ ਸਾਮਰਾਜੀਆਂ 'ਤੇ ਮੁਥਾਜਗੀ ਨੂੰ ਹੋਰ ਵੀ ਸਪਸ਼ਟ ਕਰ ਦਿੰਦੀ ਹੈ। **ਇਨ੍ਹਾਂ ਸੱਤ ਕੰਪਨੀਆਂ ਨੇ ਉਪਰੋਕਤ 19 ਦਿਉ-ਕੱਦ ਕੰਪਨੀਆਂ ਨੂੰ ਦਿਤੇ 397 ਕਰੋੜ ਰੁਪਏ ਦੇ ਕਰਜ਼ੇ 'ਚੋਂ 211 ਕਰੋੜ ਰੁਪਏ ਦੇ ਕਰਜ਼ੇ ਹਾਸਲ ਕੀਤੇ ਜਦੋਂ ਕਿ 1956 ਤੋਂ 1968 ਤੱਕ ਇਨ੍ਹਾਂ ਦੀ ਜਾਇ-ਦਾਦ 'ਚ ਕੁਲ ਵਾਧਾ 375 ਕਰੋੜ ਰੁਪਏ ਬਣਦਾ ਸੀ ਸੋ ਭਾਰਤੀ ਸੱਅਨਤ ਦੇ ਦੋ ਸਭ ਤੋਂ ਵੱਡੇ ਘਰਾਣਿਆਂ ਦੀਆਂ ਸਿਖਰਲੀਆਂ ਕੰਪਨੀਆਂ ਦੀ ਜਾਇਦਾਦ ਮੁੱਖ ਤੌਰ ਤੇ ਬਦੇਸ਼ੀ ਕਰਜ਼ਿਆਂ ਆਸਰੇ ਵਧ ਰਹੀ ਹੈ।** ਵਰਨਣਯੋਗ ਗੱਲ ਇਹ ਹੈ ਕਿ ਇਨ੍ਹਾਂ ਕੰਪਨੀਆਂ ਵੱਲੋਂ ਬਦੇਸ਼ੀ ਸਾਮਰਾਜੀਆਂ ਤੋਂ ਲਏ ਕਈ ਕਰਜ਼ਿਆਂ ਦੇ ਪੂਰੇ ਵੇਰਵੇ ਸਰਕਾਰੀ ਅੰਕੜਿਆਂ 'ਚ ਸ਼ਾਮਲ ਨਹੀਂ ਹਨ। ਬਦੇਸ਼ੀ ਸਾਮਰਾਜੀਆਂ ਵਲੋਂ ਟੇਢੇ ਢੰਗ ਰਾਹੀਂ ਯਾਨੀ ਭਾਰਤੀ ਕਰਜ਼ਾ ਸੰਸਥਾਵਾਂ ਰਾਹੀਂ ਦਿੱਤੇ ਭਾਰੀ ਕਰਜ਼ੇ ਵੀ ਇਸਤੋਂ ਵਖਰੇ ਹਨ (1967-68 ਤੱਕ ਭਾਰਤ ਦੀਆਂ 4 ਕਰਜ਼ਾ ਸੰਸਥਾਵਾਂ ਪੱਛਮੀ ਸਾਮਰਾਜੀਆਂ ਤੋਂ 391 ਕਰੋੜ ਦੇ ਕਰਜ਼ੇ ਲੈ ਚੁਕੀਆਂ ਸਨ)। (ਵਧੇਰੇ ਵਿਸਥਾਰ ਲਈ ਦੇਖੋ INDIA MORTGAGED, ਚੈਪਟਰ Western Aid and Industrialisation)

ਸੋ ਵੱਡੇ ਸੱਨਅਤੀ ਘਰਾਣਿਆਂ ਨੂੰ ਦਿੱਤੇ ਇਹ ਭਾਰੀ ਕਰਜ਼ੇ ਹਨ ਜਿਹੜੇ ਸਾਮਰਾਜੀਆਂ ਨੂੰ ਇਨ੍ਹਾਂ ਦੀ ਪੂੰਜੀ 'ਤੇ ਫੈਸਲਾਕੁਨ ਕੰਟਰੋਲ ਕਰਨ ਦੇ ਯੋਗ ਬਣਾਉਂਦੇ ਹਨ। ਇਨ੍ਹਾਂ ਕਰਜ਼ਿਆਂ ਨਾਲ ਮੜ੍ਹੀਆਂ ਸਖਤ ਸ਼ਰਤਾਂ ਰਾਹੀਂ ਉਹ ਭਾਰਤੀ ਕਹੇ ਜਾਂਦੇ ਦਿਓਕੱਦ ਸੱਨਅਤੀ ਕਾਰੋਬਾਰਾਂ ਨੂੰ ਸਾਮਰਾਜੀ ਸਰਮਾਏ ਦੇ ਅਧੀਨ ਅੰਗ 'ਚ ਬਦਲ ਦੇਣ-ਦੇ ਸਮਰੱਥ ਹਨ।

ਪਿਛਲੇ ਸਾਲਾਂ 'ਚ ਭਾਰਤ ਦੀ ਸੱਨਅਤ ਲਈ ਦਿੱਤੇ ਸਾਮ-ਰਾਜੀ ਕਰਜ਼ਿਆਂ 'ਚ ਹੋਇਆ ਭਾਰੀ ਵਾਧਾ ਇਸ ਉੱਤੇ ਵਧਦੀ ਸਾਮਰਾਜੀ ਜਕੜ ਨੂੰ ਦਰਸਾਉਂਦਾ ਹੈ। 1968-69 ਤੱਕ 'ਸੱਨਅਤੀ ਵਿਕਾਸ' ਲਈ ਭਾਰਤ 'ਚ ਆਇਆ ਕੁੱਲ ਬਦੇਸ਼ੀ ਕਰਜ਼ਾ 2899 ਕਰੋੜ ਰੁਪਏ ਸੀ। ਭਾਰਤ ਸਰਕਾਰ ਨੇ 1981-82 'ਚ ਪਬਲਿਕ ਤੇ ਪ੍ਰਾਈਵੇਟ ਖੇਤਰ ਦੀਆਂ ਕੰਪਨੀਆਂ ਨੂੰ **ਸਿੱਧੇ ਤੌਰ 'ਤੇ ਹੀ** ਬਦੇਸ਼ੀ ਮੰਡੀ 'ਚੋਂ 2100 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਇਜਾਜ਼ਤ ਦਿੱਤੀ। 1982-83 'ਚ ਵੀ ਤਕਰੀਬਨ ਇੰਨਾ ਕੁ ਕਰਜ਼ਾ ਮੰਜੂਰ ਕੀਤਾ ਗਿਆ। ਯਾਨੀ 1981 ਤੋਂ 1983 ਤੱਕ ਦੇ ਦੋ ਸਾਲਾਂ 'ਚ ਲਿਆ ਸੱਨਅਤੀ ਕਰਜ਼ਾ 1968-69 ਤੱਕ ਲਏ ਕੁਲ ਸੱਨਅਤੀ ਕਰਜ਼ੇ ਤੋਂ ਕਿਤੇ ਵੱਧ ਹੈ।

ਬਦੇਸ਼ੀ ਸਾਮਰਾਜੀਆਂ ਤੋਂ ਇਹ ਕਰਜ਼ੇ ਲੈਣ 'ਚ ਭਾਰਤ ਦੇ ਸਭ ਤੋਂ ਵੱਡੇ ਸੱਨਅਤੀ ਘਰਾਣੇ ਤੇ ਉਨ੍ਹਾਂ ਦੀਆਂ ਕੰਪਨੀਆਂ ਫੇਰ ਸਭ ਤੋਂ ਅੱਗੇ ਹਨ। ਮੁਲਕ ਦੀ ਸਭ ਤੋਂ ਵੱਡੀ ਕੰਪਨੀ ਟਾਟਾ ਆਇਰਨ ਐਂਡ ਸਟੀਲ (ਟਿਸਕੋ) ਜੀਹਦਾ ਜ਼ਿਕਰ ਉੱਪਰ ਆ ਚੁਕਿਆ ਹੈ ਨੇ 1980 'ਚ ਬਦੇਸ਼ੀ ਸਿੱਕੇ ਦੇ ਰੂਪ 'ਚ ਕੌਮਾਂਤਰੀ ਮੰਡੀ 'ਚੋਂ ਸਭ ਤੋਂ ਵੱਡਾ ਕਰਜ਼ਾ ਲੈਣ ਦਾ 'ਰਿਕਾਰਡ' ਕਾਇਮ ਕੀਤਾ (ਕੌਮਾਂ-ਤਰੀ ਫਾਈਨੈਂਸ਼ੀਅਲ ਕਾਰਪੋਰੇਸ਼ਨ ਤੋਂ 53 ਕਰੋੜ ਰੁਪਏ ਅਤੇ ਇੰਗਲੈਂਡ ਦੇ ਲਾਜ਼ਾਰਡ ਬਰਦਰਜ਼ ਤੋਂ 21 ਕਰੋੜ ਰੁਪਏ, ਯਾਨੀ ਇਕ ਸਾਲ 'ਚ ਹੀ ਕੁਲ ਕਰਜ਼ਾ 74 ਕਰੋੜ ਰੁਪਏ)।

ਇਕ ਹੋਰ ਦਿਓਕੱਦ ਕੰਪਨੀ ਰਿਲਾਇੰਸ ਜਿਹੜੀ ਸਾਮਰਾਜੀਆਂ ਨਾਲ ਤਕਨੀਕੀ ਭਾਈਵਾਲੀ ਅਤੇ ਕਰਜ਼ਿਆਂ

ਆਸਰੇ ਪਿਛਲੇ ਕੁਝ ਸਾਲਾਂ 'ਚ ਹੀ ਹੈਰਾਨਕੁਨ ਤੇਜ਼ੀ ਨਾਲ ਭਾਰਤ ਦਾ ਪੰਜਵਾਂ ਚੋਟੀ-ਘਰਾਣਾ ਬਣ ਗਈ ਹੈ, ਦੇ ਹਰ ਪ੍ਰੋਜੈਕਟ ਦਾ ਅੱਧਾ ਸਰਮਾਇਆ ਸਿੱਧਾ ਬਦੇਸ਼ੀ ਬੈਂਕਾਂ ਦਾ ਹੈ। ਇਹਦੇ ਚੇਅਰਮੈਨ ਧੀਰੂ ਭਾਈ ਅੰਬਨੀ ਮੁਤਾਬਕ ਇਸ ਵੱਲੋਂ ਲਏ ਕਰਜ਼ੇ ਅਤੇ ਇਹਦੀ ਹਿੱਸਾ ਪੂੰਜੀ ਦਾ ਅਨੁਪਾਤ 1.3 : 1 ਹੈ। ਯਾਨੀ ਹਰ 10 ਕਰੋੜ ਦੀ ਲਾਈ ਪੂੰਜੀ ਮਗਰ 13 ਕਰੋੜ ਰੁਪਏ ਦਾ ਕਰਜ਼ਾ (ਇੰਡੀਅਨ ਐਕਸ-ਪ੍ਰੈੱਸ 24 ਮਈ 1985)।

**ਭਾਈਵਾਲੀ ਜਾਂ ਦਲਾਲੀ ?**

ਉੱਪਰ ਅਜਿਹੀਆਂ 14 ਕੰਪਨੀਆਂ ਦਾ ਜ਼ਿਕਰ ਆਇਆ ਹੈ ਜਿਹੜੀਆਂ ਭਾਰਤੀ ਲੇਬਲ ਦੇ ਬਾਵਜੂਦ ਬਦੇਸ਼ੀ ਸਾਮਰਾਜੀਆਂ ਦੇ ਕੰਟਰੋਲ ਹੇਠ ਹਨ। ਇਨ੍ਹਾਂ 'ਭਾਈ-ਭਾਲੀਆਂ' ਰਾਹੀਂ ਬਦੇਸ਼ੀ ਸਾਮਰਾਜੀਏ ਕਿਵੇਂ ਭਾਰਤੀ 'ਭਾਈਵਾਲਾਂ' ਤੋਂ ਦੀਨ ਮਨਾਉਂਦੇ ਹਨ ਇਹਦਾ ਪਤਾ ਇਕ ਭਾਰਤੀ ਕੰਪਨੀ ਮਦਰਾਸ ਅਲਮੀਨੀਅਮ ਦੇ ਇਟਲੀ ਦੀ ਕੰਪਨੀ ਮੋਨਟੈਕਟਿਨੀ ਨਾਲ ਹੋਏ ਸਮਝੌਤੇ ਦੀਆਂ ਸ਼ਰਤਾਂ ਤੋਂ ਲੱਗ ਸਕਦਾ ਹੈ। ਤਕਨੀਕੀ ਸਹਾਇਤਾ ਵਗੈਰਾ ਦੇ ਇਵਜ਼ਾਨੇ 'ਚ ਇਸ ਕੰਪਨੀ ਨੂੰ ਮਦਰਾਸ ਅਲਮੀਨੀਅਮ 'ਚ ਦਿੱਤੀ ਮੁਫਤ ਹਿੱਸਾਪੱਤੀ ਤੋਂ ਇਲਾਵਾ ਹੇਠ ਲਿਖੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ :

× **ਮੋਨਟੈਕਟਿਨੀ ਦੀ ਰਜ਼ਾਮੰਦੀ ਬਗ਼ੈਰ** ਹੋਰ ਕਿਸੇ ਦੇ ਇਕੁਆਇਟੀ ਹਿੱਸੇ ਨਹੀਂ ਪੁਆਏ ਜਾਣਗੇ, ਕੋਈ ਡਿਬੈਂਚਰ ਜਾਰੀ ਨਹੀਂ ਹੋਵੇਗਾ, ਅਧਿਕਾਰਤ ਪੂੰਜੀ 'ਚ ਨਵੇਂ ਹਿੱਸੇ ਪਾਕੇ ਕੋਈ ਵਾਧਾ ਨਹੀਂ ਕੀਤਾ ਜਾਵੇਗਾ, ਪ੍ਰਬੰਧਕੀ ਏਜੰਸੀ ਦੀਆਂ ਮੱਦਾਂ 'ਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ, ਪੈਦਾਵਾਰੀ ਸਮਰੱਥਾ 'ਚ ਕੋਈ ਵਾਧਾ ਜਾਂ ਨਵਾਂ ਕਾਰੋਬਾਰ ਸ਼ੁਰੂ ਨਹੀਂ ਕੀਤਾ ਜਾਵੇਗਾ।

\+ ਬੋਰਡ ਦੇ ਚਾਰ ਡਰੈਕਟਰ ਮੋਨਟੈਕਟਿਨੀ ਨਿਯੁਕਤ ਕਰੇਗੀ।

ਦਿਲਚਸਪ ਗੱਲ ਇਹ ਹੈ ਕਿ ਮਦਰਾਸ ਅਲਮੀ-ਨੀਅਮ ਦੇ ਮੁੱਖ ਹਿੱਸੇਦਾਰ ਦੋ ਪਬਲਿਕ ਖੇਤਰ ਦੇ ਅਦਾਰੇ ਮਦਰਾਸ ਸਟੇਟ I.C.C. ਅਤੇ IFCI ਹਨ। 6 ਕਰੋੜ ਦੀ ਕੁੱਲ ਹਿੱਸਾਪੂੰਜੀ 'ਚ 1.2 ਕਰੋੜ ਰੁਪਏ ਦਾ ਹਿੱਸਾ ਹਾਸਲ ਕਰਕੇ (ਉਹ ਵੀ ਪਾਕੇ ਨਹੀਂ ਸਿਰਫ਼ ਹਾਸਲ ਕਰਕੇ !) ਮੋਨ-ਟੈਕਟਿਨੀ ਨੇ ਭਾਰਤੀ ਕੰਪਨੀ ਨੂੰ ਆਪਣੇ ਗਲਬੇ ਹੇਠ ਲੈ ਲਿਆ ਹੈ, ਯਾਨੀ 25 ਫੀ ਸਦੀ ਤੋਂ ਵੀ ਘੱਟ ਹਿੱਸੇ ਨਾਲ 'ਵੱਡੇ' ਭਾਰਤੀ ਭਾਈਵਾਲਾਂ ਨੂੰ ਆਪਣੇ ਸੇਵਾਦਾਰਾਂ 'ਚ ਬਦਲ ਦਿੱਤਾ ਹੈ।

ਬਦੇਸ਼ਾਂ ਨਾਲ ਭਾਈਵਾਲੀ ਕਾਰੋਬਾਰਾਂ ਦੀ ਡਿਕਸ਼ਨਰੀ ਦੇ ਆਪਣੇ ਸ਼ਬਦ ਇਨ੍ਹਾਂ ਭਾਈਵਾਲੀਆਂ ਦੀ ਹਕੀਕਤ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੰਦੇ :

"......ਬਦੇਸ਼ੀ ਭਾਈਵਾਲ— ਕਿਸੇ ਵੀ ਮਤੇ ਨੂੰ ਵੀਟੋ ਕਰ ਸਕਦੇ ਹਨ......ਬਦੇਸ਼ੀ ਭਾਈਵਾਲੀ ਸਮਝੌ-ਤਿਆਂ ਦੀ ਕਿਰਪਾ ਨਾਲ ਬਦੇਸ਼ੀ ਕੰਪਨੀ ਨੂੰ ਘੱਟ ਹਿੱਸਾਪੱਤੀ ਨਾਲ ਹੀ, ਮਿਲਣ ਵਾਲੇ ਕਾਨੂੰਨੀ ਅਧਿਕਾਰਾਂ ਤੋਂ ਵੱਧ ਅਧਿਕਾਰ ਮਿਲ ਜਾਂਦੇ ਹਨ......ਕਈ ਵਾਰ ਇਹ ਤਹਿ ਕੀਤਾ ਜਾਂਦਾ ਹੈ ਕਿ ਮੈਨੇਜਿੰਗ ਡਰੈਕਟਰ ਨੂੰ ਬਦੇਸ਼ੀ ਭਾਈ-ਵਾਲ ਨਾਮਜ਼ਦ ਕਰੇਗਾ.. ...ਕਿ ਪੈਦਾਵਾਰ ਤੇ ਵਿਕਰੀ ਸਬੰਧੀ ਤਕਨੀਕੀ ਮਾਮਲੇ ਬਦੇਸ਼ੀ ਭਾਈਵਾਲ ਵੱਲੋਂ ਨਿਯੁ-ਕਤ ਕੀਤੇ ਡਰੈਕਟਰ ਦੇ ਹੱਥ ਹੋਣਗੇ।" (ਭਾਗ ਪਹਿਲਾ ਸੈਕਸ਼ਨ 3 ਸਫ਼ਾ 8)

ਭਾਰਤੀ ਸੱਨਅਤ ਨੂੰ ਬਦੇਸ਼ੀ ਸਾਮਰਾਜੀਆਂ ਦੇ ਹਿਤਾਂ ਤੇ ਹੁਕਮਾਂ ਨਾਲ ਨੂੜਦੇ ਅਜਿਹੇ ਭਾਈਵਾਲੀ ਸਮਝੌਤੇ ਛੋਟੀਆਂ ਮੋਟੀਆਂ ਨਹੀਂ ਸਗੋਂ ਭਾਰਤ ਦੀਆਂ ਸਿਖਰਲੀਆਂ ਦਿਓਕੱਦ ਕੰਪਨੀਆਂ ਵੱਲੋਂ ਕੀਤੇ ਜਾਂਦੇ ਹਨ। ਬਿਰਲੇ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਹਿੰਦੁਸਤਾਨ ਅਲਮੀਨੀਅਮ, ਹਿੰਦੁਸਤਾਨ ਮੋਟਰਜ਼ ਹੋਣ ਜਾਂ ਟਾਟਾ ਦੀਆਂ ਟਿਸਕੋ ਟੈਲਕੋ, ਵਾਲ ਚੰਦ ਦੀ ਸਿੰਥੈਟਕ ਐਂਡ ਕੈਮੀਕਲ ਹੋਵੇ ਜਾਂ ਮਫਤ ਲਾਲ ਦੀ ਨੈਸ਼-ਨਲ ਆਰਗੈਨਿਕ ਕੈਮੀਕਲ, ਸ੍ਰੀ ਰਾਮ ਦੀ ਡੈਅਲੀ ਕਲਾਥ ਮਿਲਜ਼ ਹੋਵੇ ਜਾਂ ਰਿਲਾਇੰਸ ਦੇ ਪਤਾਲਗੰਜ ਪਲਾਂਟ ਬਦੇਸ਼ੀ ਸੱਅਨਤਕਾਰ ਹਰ ਥਾਂ ਵੱਡੇ ਘਰਾਣਿਆਂ ਦੀਆਂ ਪਿੱਠਾਂ 'ਤੇ ਸਵਾਰ ਹਨ।

ਸਨਅੱਤੀ ਖੇਤਰ 'ਚ ਬਦੇਸ਼ੀ ਸਾਮਰਾਜੀਆਂ ਨਾਲ ਭਾਈਵਾਲੀ ਸਮਝੌਤਿਆਂ ਦੀ ਛਾਲਾਂ ਮਾਰਕੇ ਵਧਦੀ ਗਿਣਤੀ ਤੋਂ ਭਾਰਤੀ ਆਰਥਕਤਾ 'ਤੇ ਸਾਮਰਾਜੀਆਂ ਦੇ ਵਧਦੇ ਗਲਬੇ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। 1947 'ਚ ਮੁਲਕ ਅੰਦਰ 50 ਤੋਂ ਘਟ ਭਾਈਵਾਲੀ ਕਾਰੋਬਾਰ ਸਨ। ਇਨ੍ਹਾਂ ਦੀ ਗਿਣਤੀ 1947 'ਚ 447, 1960 'ਚ 1080, 196_ 'ਚ 2724, 1970 'ਚ 3557 ਅਤੇ 1980 'ਚ 6044 ਹੋ ਚੁਕੀ ਸ(। 1980 ਤੋਂ ਬਾਅਦ ਵੀ ਇਸ ਵਾਧੇ ਨੇ ਹੋਰ ਤੇਜ਼ੀ ਫੜੀ ਹੈ। 1979-80 ਦੇ ਪੂਰੇ ਸਾਲ 'ਚ 289 ਬਦੇਸ਼ੀ ਭਾਈਵਾਲੀ ਦੇ ਸਮਝੌਤੇ ਮੰਨਜ਼ੂਰ ਕੀਤੇ ਗਏ ਜਦੋਂ ਕਿ 1984 ਦੇ ਪਹਿਲੇ 6 ਮਹੀਨਿਆਂ 'ਚ ਹੀ 336 ਸਮਝੌਤਿਆਂ ਨੂੰ ਮੰਨਜ਼ੂਰੀ ਦਿੱਤੀ ਗਈ।

ਉਪਰਲੀ ਚਰਚਾ 'ਚ ਅਸੀਂ ਵੇਖਿਆ ਹੈ ਕਿ ਭਾਰਤ ਅੰਦਰ ਲੱਗੀ ਬਿਦੇਸ਼ੀ ਪੂੰਜੀ 1948 ਦੇ ਮੁਕਾਬਲੇ 1981 'ਚ ਤਕਰੀਬਨ ਸਾਢੇ 9 ਗੁਣਾ ਹੋ ਚੁਕੀ ਸੀ, 1980 ਤਕ ਵਿਦੇਸ਼ੀ ਭਾਈਵਾਲੀਆਂ (Collobora-tions) ਦੀ ਗਿਣਤੀ 120 ਗੁਣਾ ਹੋ ਚੁੱਕੀ ਸੀ ਅਤੇ 1981 ਤੋਂ 1983 ਤਕ ਦੇ ਦੋ ਸਾਲਾਂ 'ਚ ਭਾਰਤੀ ਸਨਅੱਤ ਵੱਲੋਂ ਬਦੇਸ਼ੀ ਸਾਮਰਾਜੀਆਂ ਤੋਂ ਸਿੱਧੇ ਰੂਪ 'ਚ ਲਏ ਕਰਜ਼ੇ ਦੀ ਰਕਮ 1968-69 ਤਕ ਲਏ ਕੁੱਲ ਕਰਜ਼ੇ ਨਾਲੋਂ ਡੇੜ ਗੁਣਾਂ ਬਣਦੀ ਹੈ। ਸਾਮਰਾਜੀ ਕਰਜ਼ਿਆਂ ਅਤੇ ਭਾਈਵਾਲੀਆਂ ਦੇ ਸੱਭ ਤੋਂ ਵੱਡੇ ਗਾਹਕ ਸਭ ਤੋਂ ਵੱਡੇ-ਭਾਰਤੀ, ਸਅੱਨਤੀ ਘਰਾਣੇ ਹਨ। ਸੋ ਉਪਰੋਕਤ ਤੱਥ ਭਾਰਤ ਦੀ ਸਅੱਨਤੀ ਪੂੰਜੀ 'ਤੇ ਬਦੇਸ਼ੀ ਸਾਮਰਾਜੀਆਂ ਦੇ ਵਧਦੇ ਕੰਟਰੋਲ ਬਾਰੇ ਸ਼ੱਕ ਨਹੀਂ ਰਹਿਣ ਦਿੰਦੇ।

## ਵੱਡੇ ਸ਼ਾਹਾਂ ਦੇ ਵੱਡੇ ਮੁਨਾਫ਼ੇ !

ਭਾਰਤੀ ਸਅੱਨਤ ਦੇ ਔਸਤ ਮੁਨਾਫ਼ਿਆਂ ਨਾਲੋਂ ਬਦੇਸ਼ੀ ਕੰਪਨੀਆਂ ਵੱਲੋਂ ਕਮਾਏ ਜਾਣ ਵਾਲੇ ਮੁਨਾਫ਼ੇ ਵੀ ਵਧੇਰੇ ਹਨ। 1953 ਤੇ 1955 ਦੇ ਸਾਲਾਂ 'ਚ ਭਾਰਤੀ ਸਅੱਨਤ 'ਚ ਲੱਗੀ ਕੁੱਲ ਬਦੇਸ਼ੀ ਪੂੰਜੀ ਤੇ ਮੁਨਾਫ਼ਾ 12.1% ਸੀ ਜਦੋਂ ਕਿ ਭਾਰਤੀ ਕੰਪਨੀਆਂ ਦਾ ਇਨ੍ਹਾਂ ਹੀ ਸਾਲਾਂ ਦਾ ਮੁਨਾਫ਼ਾ ਕ੍ਰਮਵਾਰ 6.8% ਅਤੇ 9.4% ਸੀ। 1957 ਤੋਂ 1961 ਦੇ ਪੰਜ ਸਾਲਾਂ ਦੌਰਾਨ ਬਦੇਸ਼ੀ ਕੰਟਰੋਲ ਹੇਠਲੀਆਂ ਫਰਮਾਂ ਦੇ ਮੁਨਾਫ਼ੇ ਭਾਰਤੀ ਫਰਮਾਂ ਨਾਲੋਂ 20% ਵਧੇਰੇ ਸਨ। ਰਿਜ਼ਰਵ ਬੈਂਕ ਆਫ਼ ਇੰਡੀਆ ਦੇ 1970 ਦੇ ਅੰਕੜਿਆਂ ਅਨੁਸਾਰ 1965-66 ਤੇ 1966-67 ਦੇ ਸਾਲਾਂ 'ਚ ਬਦੇਸ਼ੀ ਕੰਟਰੋਲ ਹੇਠਲੀਆਂ 365 ਕੰਪਨੀਆਂ ਦੀ ਕੁੱਲ ਵਿਕਰੀ 'ਤੇ ਮੁਨਾਫ਼ਾ ਕ੍ਰਮਵਾਰ 12.9% ਅਤੇ 12.3% ਸੀ ਜਦੋਂ ਕਿ ਭਾਰਤੀ ਕੰਟਰੋਲ ਹੇਠਲੀਆਂ 1944 ਪਬਲਿਕ ਤੇ ਪ੍ਰਾਈਵੇਟ ਸੈਕਟਰ ਦੀਆਂ ਕੰਪਨੀਆਂ ਦਾ ਮੁਨਾਫ਼ਾ ਕ੍ਰਮਵਾਰ 8.6% ਅਤੇ 8.4% ਸੀ।

ਇਹ ਵਰਨਣਯੋਗ ਹੈ ਕਿ ਭਾਰਤੀ ਪ੍ਰਾਈਵੇਟ ਸੈਕਟਰ ਦੇ ਕੁੱਲ ਮੁਨਾਫ਼ੇ 'ਚੋਂ ਬਦੇਸ਼ੀ ਹਿਸਾ 1967-68 'ਚ 30% ਤੋਂ ਵਧਕੇ 1972-73 'ਚ 50% ਹੋ ਚੁੱਕਿਆ ਸੀ।

## ਪਬਲਿਕ ਖੇਤਰ—ਲੋਕਾਂ ਦਾ ਜਾਂ ਬਦੇਸ਼ੀ ਜੋਕਾਂ ਦਾ ?

ਹਾਕਮ ਜਮਾਤਾਂ ਦੇ ਸੋਧਵਾਦੀ ਸੇਵਾਦਾਰਾਂ ਵਲੋਂ ਪਬਲਿਕ ਖੇਤਰ ਬਾਰੇ "ਆਜ਼ਾਦ ਕੌਮੀ ਆਰਥਕਤਾ ਦੀ ਉਸਾਰੀ ਦਾ ਸੰਦ" ਬਣਨ ਅਤੇ "ਬਦੇਸ਼ੀ ਅਜਾਰੇਦਾਰ ਸਰਮਾਏ ਦੀ ਜਕੜ ਨੂੰ ਕਮਜ਼ੋਰ ਕਰਨ" ਦੇ ਕੂੜ ਪ੍ਰਚਾਰ ਦੇ ਐਨ ਉਲਟ ਇਸਨੇ ਸਾਮਰਾਜੀ ਹਿੱਤਾਂ ਦੀ ਵਧੀਆ ਸੇਵਾ ਕੀਤੀ ਹੈ। ਨਾ ਸਿਰਫ਼ ਇਹ "ਸਾਂਝੇ ਕਾਰੋਬਾਰਾਂ" ਦੇ ਪਰਦੇ ਹੇਠ ਬਦੇਸ਼ੀ ਸਾਮਰਾਜੀਆਂ ਤੇ ਉਨ੍ਹਾਂ ਦੇ ਭਾਰਤੀ ਸੇਵਾਦਾਰਾਂ ਨੂੰ ਪੂੰਜੀ ਇਕੱਤਰ ਕਰਕੇ ਦਿੰਦਾ ਹੈ, ਵੱਡੀਆਂ ਸਾਮਰਾਜੀ ਸਅੱਨਤਾਂ ਦੀ ਸਹਾਈ ਸ਼ਾਖ਼ ਵਜੋਂ ਕੰਮ ਕਰਦਾ ਹੈ ਅਤੇ ਕੌਮ ਦੇ ਹਿਤਾਂ ਦੀ ਕੀਮਤ 'ਤੇ ਸਸਤੇ ਊਰਜਾ ਸੋਮੇ ਤੇ ਕੱਚਾ ਮਾਲ ਮੁਹੱਈਆ ਕਰਦਾ ਹੈ, ਸਗੋਂ ਭਾਰੀ ਮਾਤਰਾ ਚ' ਕਰਜ਼ੇ ਦੇ ਕੇ ਵੀ ਬਦੇਸ਼ੀ ਸਾਮਰਾਜੀਆਂ ਦੀ ਸੇਵਾ ਕਰਦਾ ਹੈ। ਉਪਰਲੇ ਸੱਭਨਾ ਪੱਖਾਂ ਨੂੰ ਕਿਸੇ ਹੋਰ ਮੌਕੇ ਵਿਚਾਰਨ ਲਈ ਛੱਡਦੇ ਹੋਏ ਇਥੇ ਅਸੀਂ ਸਰਕਾਰੀ ਭਾਰਤੀ ਕਰਜ਼ਾ ਸੰਸਥਾਵਾਂ ਵਲੋਂ ਸਅੱਨਤ ਲਈ ਦਿਤੇ ਕਰਜ਼ੇ ਦੀ ਇਕ ਮਿਸਾਲ ਲਵਾਂਗੇ। ਸਅੱਨਤੀ ਲਾਈਸੈਂਸਿੰਗ ਨੀਤੀ ਦੀ ਜਾਂਚ ਲਈ ਬਣਾਈ ਕਮੇਟੀ ਵਲੋਂ ਜਾਰੀ ਕੀਤੇ ਇਕ ਟੇਬਲ ਮੁਤਾਬਕ ਸਰਕਾਰੀ ਕਰਜ਼ਾ ਸੰਸਥਾਵਾਂ ਵੱਲੋਂ 33 ਕੰਪਨੀਆਂ ਨੂੰ ਦਿਤੇ 114 ਕਰੋੜ 33 ਲੱਖ ਦੇ ਕਰਜ਼ੇ ਦਾ 56% ਹਿੱਸਾ ਯਾਨੀ 64 ਕਰੋੜ 67 ਲੱਖ ਰੁਪਏ 9 ਜਾਣੀਆਂ ਪਛਾਣੀਆਂ ਬਦੇਸ਼ੀ ਕੰਪਨੀਆਂ ਨੂੰ ਦਿੱਤਾ ਗਿਆ ਹੈ। ਇਹਦੇ ਚੋਂ 30% ਹਿੱਸਾ (ਯਾਨੀ 45 ਕਰੋੜ 27 ਲੱਖ ਰੁਪਏ) ਬਦੇਸ਼ੀ ਕੰਟਰੋਲ ਹੇਠਲੀਆਂ ਦੋ ਵੱਡੀਆਂ ਕੰਪਨੀਆਂ ਕੋਰਾਮੰਡਲ ਫਰਟੇਲਾਈਜ਼ਰ ਅਤੇ ਨੈਸ਼ਨਲ ਔਰਗੈਨਿਕ ਕੈਮੀਕਲ ਇੰਡਸਟਰੀਜ਼ ਨੇ ਹਾਸਲ ਕੀਤਾ ਹੈ (ਵਿਸਥਾਰ ਲਈ ਦੇਖੋ INDIA MORTGAGED).

26 ਮਾਰਚ 1972 ਤਕ ਭਾਰਤ ਦੇ ਕੌਮੀ ਕੀਤੇ ਬੈਂਕਾਂ ਵੱਲੋਂ 75 ਵੱਡੇ ਘਰਾਣਿਆਂ ਨੂੰ 500 ਕਰੋੜ ਰੁਪਏ ਦਾ ਕਰਜਾ ਦਿਤਾ ਜਾ ਚੁੱਕਿਆ ਸੀ ਜੀਹਦਾ 50% ਤੋਂ ਵੱਧ ਬਦੇਸ਼ੀ ਪੂੰਜੀ ਨਾਲ ਨੇੜਿਓਂ ਜੁੜੇ 20 ਅਜਾਰੇਦਾਰ ਘਰਾਣਿਆਂ ਨੂੰ ਦਿਤਾ ਗਿਆ।

ਜੇ ਇਸ ਦੇ ਬਾਵਜੂਦ ਕੋਈ ਭਾਰਤੀ ਪਬਲਿਕ ਖੇਤਰ ਕੋਲੋਂ "ਬਦੇਸ਼ੀ ਸਰਮਾਏ ਦੀ ਜਕੜ ਤੋੜਨ" ਦੀ ਆਸ ਰੱਖਦਾ ਹੈ ਤਾਂ ਇਹ ਹਾਕਮ ਜਮਾਤਾਂ ਦੇ ਕੂੜ ਪ੍ਰਚਾਰ ਨਾਲ ਜਕੜੇ ਦਿਮਾਗ ਤੇ ਉਨ੍ਹਾਂ ਪ੍ਰਤੀ ਸੇਵਾ ਭਾਵਨਾ ਨਾਲ ਡੁਲ੍ਹ-ਡੁਲ੍ਹ ਪੈਂਦੇ ਮਨ ਦਾ ਹੀ ਕ੍ਰਿਸ਼ਮਾ ਹੋ ਸਕਦਾ ਹੈ।

ਭਾਰਤੀ ਸਅੱਨਤ ਚ ਸਾਮਰਾਜੀ ਸਰਮਾਏ ਦੇ ਪਸਾਰੇ ਦੀਆਂ ਇਹ ਚੰਦ ਕੁ ਚਲੰਤ ਝਲਕਾਂ ਹਨ। ਭਾਰਤੀ ਸਅੱਨਤ ਦੇ ਸ਼ੀਸ਼ੇ 'ਚੋਂ ਝਲਕਦਾ "ਆਜ਼ਾਦ ਕੌਮੀ ਤਰੱਕੀ" ਦਾ ਇਹ ਅਕਸ ਉਨ੍ਹਾਂ ਦੀ ਚੁਗਲੀ ਕਰਦਾ ਹੈ ਜਿਹੜੇ 15 ਅਗਸਤ ਦੇ ਦਿਹਾੜੇ ਨੂੰ ਭਾਰਤ ਦੀ ਆਜਾਦੀ ਅਤੇ ਸਵੈ-ਨਿਰਭਰ ਕੌਮੀ ਤਰੱਕੀ ਦੀ ਸ਼ੁਰੂਆਤ ਕਹਿੰਦੇ ਹਨ। ਬਿਨਾ ਸ਼ੱਕ 15 ਅਗਸਤ ਦਾ ਦਿਹਾੜਾ ਸਿੱਧੀ ਗੁਲਾਮੀ ਦੀ ਥਾਂ, ਭਾਰਤ ਦੇ ਚੋਰ ਗੁਲਾਮੀ 'ਚ ਜਕੜੇ ਜਾਣ ਦਾ ਦਿਹਾੜਾ ਹੈ। ●

(ਧੰਨਵਾਦ ਸਹਿਤ 'ਇਨਕਲਾਬੀ ਜਨਤਕ ਲੀਹ' ਅਗਸਤ 85 ਵਿੱਚੋਂ)


**For Advertisement in Watno Dur Please Contact:**

GURCHARAN TALLEWALIA ... (604) 298-3982
PAUL BINNING ........... (604) 270-9467
LAAT BHINDER ........... (403) 435-7469

*OR CONTACT:*

**WATNO DUR**
**P.O. BOX 9545**
**Edmonton, Alberta T6E 5X2**

# "ਲਾਲ ਕੁੱਤਿਆਂ" ਦੇ ਸੰਦਰਭ 'ਚ

ਸੁਖਦੇਵ ਸਿੱਧੂ

ਪਿਛਲੇ ਕੁਝ ਅਰਸੇ ਦੌਰਾਨ, ਜਦੋਂ ਦਾ ਸਿਰ ਫਿਰੇ ਜਨੂੰਨੀਆਂ ਦੇ ਸਿਰ ਜਨੂੰਨ ਚੜ੍ਹਿਆ ਹੋਇਆ ਹੈ, ਉਨ੍ਹਾਂ ਨੇ ਬੜਾ ਊਲ-ਜਲੂਲ ਲਿਖਿਆ ਹੈ। ਬਹੁਤੀ ਵਾਰੀ ਉਨ੍ਹਾਂ ਨੂੰ ਖੁਦ ਵੀ ਖਬਰ ਨਹੀਂ ਹੁੰਦੀ, ਉਨ੍ਹਾਂ ਕੀ ਲਿਖ ਮਾਰਿਆ ਹੈ। ਸੋਚ ਉਹਨਾਂ ਦੀ ਕੋਈ ਹੈ ਨਹੀਂ, ਬੱਸ ਔਂਦੇ ਮਨ ਦੇ ਢੰਗ 'ਚ ਬਹਿ ਜੋ ਸੁਝਿਆ ਲਿਖ ਮਾਰਿਆ ਤੇ ਛਾਪਣ ਵਾਲਿਆਂ ਦਾ ਹਾਲ ਇਹ ਹੈ ਉਨ੍ਹਾਂ ਨੂੰ ਅੱਜਕੱਲ ਛਾਪਣ ਨੂੰ ਹੋਰ ਕੁੱਝ ਨਹੀਂ ਲੱਭਦਾ; ਨਾ ਹੀ ਕੋਈ ਸਮਝਦਾਰ ਲੇਖਕ ਉਨ੍ਹਾਂ ਲਈ ਲਿਖਦਾ ਹੈ, ਉਹ ਇਹ ਬਿਨਾ ਹੀਲ-ਹੁੱਜਤ ਦੇ ਛਾਪ ਦਿੰਦੇ ਹਨ। ਹੋਰ ਕੋਈ ਚਾਰਾ ਨਹੀਂ ਹੈ।

ਅਸੀਂ ਇਥੇ ਸਿਰਫ਼ ਕਮਿਊਨਿਸਟਾਂ ਨੂੰ 'ਲਾਲ ਕੁੱਤੇ' ਆਖਣ ਦੇ ਸੰਦਰਭ 'ਚ ਚਰਚਾ ਕਰਾਂਗੇ। ਬਿਨਾਂ ਸ਼ੱਕ ਲਾਲ ਰੰਗ ਕਿਰਤੀਆਂ ਦਾ ਰੰਗ ਹੈ, ਉਨ੍ਹਾਂ ਨੂੰ ਇਸ ਉਪਰ ਮਾਣ ਹੈ, ਬੜਾ ਮਾਣ ਹੈ। ਇਸੇ ਲਾਲ ਰੰਗ 'ਚੋਂ ਉਨ੍ਹਾਂ ਨੂੰ ਆਪਣੀ ਖ਼ੂਨ ਪਸੀਨੇ ਦੀ ਕਮਾਈ ਦੀ ਲੁੱਟ ਦੇ ਖਿਲਾਫ਼ ਸੰਘਰਸ਼ ਕਰਨ ਦਾ ਹੌਸਲਾ ਤੇ ਪਰੇਰਨਾ ਮਿਲਦੀ ਰਹਿੰਦੀ ਹੈ। ਇਹ ਗੱਲ ਕਿਉਂਕਿ ਧਾਰਮਿਕ ਜਨੂੰਨੀਆਂ ਵੱਲੋਂ ਆਈ ਹੈ, ਅਸੀਂ ਇਸ ਨੂੰ ਧਾਰਮਿਕ ਨਜ਼ਰੀਏ ਤੋਂ ਹੀ ਵਿਚਾਰਾਂਗੇ।

ਬਾਬੇ ਨਾਨਕ ਨੂੰ ਹੀ ਲੈ ਲਉ - ਉਹਨੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ ਸੀ - ਉਹਨੇ ਕਿਹਾ ਸੀ 'ਰਾਜੇ ਸ਼ੀਂਹ ਮੁਕੱਦਮ ਕੁੱਤੇ'। ਖ਼ੂਬ ਭਲਾ ਬਾਬਾ ਨਾਨਕ ਵੀ ਲੁੱਟ ਹੁੰਦੇ ਲੋਕਾਂ ਨਾਲ ਖੜ੍ਹਾ ਸੀ। ਉਸ ਮਹਾਂਪੁਰਸ਼ ਦੀ ਅਸੀਂ ਕਦਰ ਕਰਦੇ ਹਾਂ ਤੇ ਕਾਮਰੇਡ ਵੀ ਮਜ਼ਦੂਰ ਕਿਸਾਨਾਂ ਨਾਲ ਖੜ੍ਹੇ ਹਨ। ਭਲਾ ਜੇ ਕਾਮਰੇਡ ਕੁੱਤੇ ਹਨ ਤਾਂ ਫਿਰ ਬਾਬਾ ਨਾਨਕ ਕੀ ਸੀ? ਇਨ੍ਹਾਂ ਦੇ ਦਿਮਾਗ 'ਚ ਏਨੀ ਕਹੀ ਵੀ ਹੈ ਨਹੀਂ ਕਿ ਸੋਚ ਲਿਆ ਕਰਨ ਕਿ ਗੱਲ ਕਿੱਥੇ ਪਹੁੰਚਦੀ ਹੈ। ਹਾਲੇ ਕੱਲ ਤੱਕ ਤਾਂ ਇਹ ਤਿੰਘ- ਤਿੰਘ, ਅੜਿੰਗ, ਅੜਿੰਗ ਕੇ ਕਹਿ ਰਹੇ ਸਨ ਕਿ ਬਾਬਾ ਨਾਨਕ ਪਹਿਲਾ ਇਨਕਲਾਬੀ ਸੀ ਕਿਉਂਕਿ ਉਹ ਮਾਰਕਸ ਤੋਂ ਪਹਿਲਾਂ ਹੋਇਆ ਸੀ। ਜੇਕਰ ਬਾਬੇ ਨਾਨਕ ਨੇ ਹੀ ਇਹ ਲਹਿਰ ਸ਼ੁਰੂ ਕੀਤੀ (ਜਿਵੇਂ ਇਹ ਕਹਿੰਦੇ ਹਨ) ਤਾਂ ਫਿਰ ਉਸ ਲਹਿਰ ਦੇ ਸਮਰਥਕ ਕੁੱਤੇ ਹੋ ਗਏ? ਇਹ ਉਹੀ ਬਾਬਾ ਨਾਨਕ ਸੀ ਜਿਸਨੇ ਦਸਾਂ ਨਹੁੰਆਂ ਦੀ ਕਿਰਤ ਦਾ ਸਿਧਾਂਤ ਦਿੱਤਾ ਸੀ; 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਅਤੇ 'ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਕਿਹਾ ਸੀ। ਇਨ੍ਹਾਂ ਨੂੰ ਸਾਡੀ ਸਲਾਹ ਹੈ ਭਾਈ ਜੇ ਇੰਨੇ ਜਿਹਾ ਹੀ ਕਲਮ ਘੋਟਣਾ ਹੈ ਤਾਂ ਬਾਬੇ ਨਾਨਕ ਦੇ ਉਹਲੇ ਹੋ ਕੇ ਨਾ ਕੂਟੋ, ਸ਼ਰੇਆਮ ਆਖੋ ਸਾਨੂੰ ਛੂਤ ਹੋ ਗਿਐ।

ਇਸ ਦੀ ਪਹਿਲ ਕਿਸੇ ਸੁਰਜੀਤ ਜਲੰਧਰੀ ਨੇ ਕੀਤੀ। ਉਹ ਆਪਣੇ ਆਪ ਨੂੰ ਪੱਤਰਕਾਰ ਦੱਸਦਾ ਹੈ ਤੇ ਇਥੋਂ ਦੇ ਜਨੂੰਨੀ ਅਖਬਾਰਾਂ ਨੂੰ ਚੋਬਰੀਆਂ ਰਿਪੋਰਟਾਂ ਭੇਜਦਾ ਹੈ। ਇਹਦੇ ਬਾਰੇ ਅਸੀਂ ਏਨਾਂ ਕੁ ਜਾਣਦੇ ਹਾਂ ਕਿ ਪਹਿਲਾਂ ਇਹ ਕਿਸੇ ਹੋਰ ਪੇਪਰ 'ਚ ਛਪਦਾ ਸੀ ਅੱਜਕੱਲ ਸਿਰੇ ਦੇ ਖ਼ੂਨ-ਪਿਆਸੇ ਪੇਪਰ 'ਚ ਛਪਦਾ ਹੈ। ਫਰਕ ਸਿਰਫ਼ ਏਨਾ ਹੈ ਕਿ ਪਹਿਲੇ ਪੇਪਰ 'ਚ ਇਹਦੀ ਫੋਟੋ ਵੀ ਛਪਦੀ ਸੀ ਤੇ ਇਹਦੇ 'ਚ ਨਹੀਂ। ਉਹ ਫੋਟੋ ਤੋਂ ਬਿਲਕੁਲ ਖੁਮੀਨੀ ਦਾ ਚੇਲਾ ਲੱਗਦਾ ਸੀ। ਲੰਬੀ ਦਾੜ੍ਹੀ ਤੇ ਮੁੱਛਾਂ ਬਰਾਬਰ ਲਾ ਕੇ ਕੱਟੀਆਂ ਹੋਈਆਂ। ਫਰਕ ਸਿਰਫ ਏਨਾ ਸੀ ਕਿ ਇਸ ਦੀ ਪੱਗ ਖ਼ੁਮੀਨੀ ਵਾਂਗ ਗੋਲ ਨਹੀਂ ਸੀ। ਸ਼ਾਇਦ ਫੋਟੋ ਅੱਜ ਕੱਲ ਇਥੇ ਇਸੇ ਕਰਕੇ ਨਹੀਂ ਛਪਦੀ ਕਿ ਇਹ ਆਪਣੀਆਂ ਮੁੱਛਾਂ ਨੂੰ ਦਬਾ ਰਿਹੈ ਤੇ ਖੱਟੀ ਟੀਟ ਪੱਗ ਗੋਲ ਕਰਕੇ ਬੰਨਣੀ ਸਿੱਖ ਰਿਹੈ। ਉਸਦਾ ਕਹਿਣਾ ਹੈ ਕਿ ਜਦੋਂ ਭਿੰਡਰਾਂ ਵਾਲਾ ਜਿਉਂਦਾ ਸੀ ਤਾਂ ਇਹ 'ਲਾਲ ਕੁੱਤੇ' ਲੁਕੇ ਰਹੇ। ਜਦੋਂ ਉਹ ਮਰ ਗਿਆ ਤਾਂ ਇਹ ਬਾਹਰ ਨਿੱਕਲ ਆਏ। ਇਸ ਵਿਚ ਕਿੰਨਾ ਕੁ ਸੱਚ ਹੈ, ਆਪਾਂ ਵਿਚਾਰ ਕਰਦੇ ਹਾਂ ਕਿ ਲੁਕਿਆ ਕੌਣ ਸੀ। ਇਸ ਨੂੰ ਭਲਾ ਕੋਈ ਪੁੱਛੇ ਕੀ ਕਮਿਊਨਿਸਟ ਲੁਕ ਕੇ ਦਰਬਾਰ ਸਾਹਿਬ ਜਾ ਵੜੇ ਸਨ? ਕੀ ਉਨ੍ਹਾਂ ਨੇ ਗੁਰਦਵਾਰਿਆਂ ਨੂੰ ਆਪਣੀ ਲੁਕਣ ਜਗ੍ਹਾ ਬਣਾਇਆ ਸੀ? ਅਭਾਈ ਅਸਿੱਖਾ ਇਨਕਲਾਬੀਆਂ ਨੇ ਤਾਂ ਨਕਸਲਬਾੜੀ ਲਹਿਰ ਸਮੇਂ ਦਰਮਿਆਨ ਵੀ ਲੋਕਾਂ 'ਚ ਰਹਿ ਕੇ ਕੰਮ ਕੀਤਾ ਸੀ ਨਾ ਕਿ ਮੰਦਰਾਂ ਗੁਰਦਵਾਰਿਆਂ 'ਚ ਲੁਕ ਕੇ। ਜੇਕਰ ਇਹ ਲੁਕੇ ਹੁੰਦੇ ਤਾਂ ਸੁਖਰਾਜ ਨੂੰ ਇਹ ਭਲਾ ਕਿਵੇਂ ਮਾਰ ਸਕਦੇ ਸਨ? ਉਹ ਆਪਣੇ ਘਰ ਸੀ ਤੇ ਉਹਨੂੰ ਘਰ ਵਿਚ ਹੀ ਇਸ ਦੇ (ਭਿੰਡਰਾਂਵਾਲੇ) ਪਿੱਠੂਆਂ ਨੇ ਕਤਲ ਕੀਤਾ ਸੀ।

ਸੁਰਖ਼ ਰੇਖਾ ਵਾਲਿਆਂ ਕਮਿਊਨਿਸਟਾਂ ਨੇ ਭਿੰਡਰਾਂ ਵਾਲੇ ਦੀ ਹੀ ਬੋਲੀ ਵਿਚ ਜਦੋਂ ਉਸਦਾ ਨੰਗ ਲੋਕਾਂ 'ਚ ਲਿਆਂਦਾ ਸੀ ਤਾਂ ਉਹ ਬੁਖਲਾ ਉਠਿਆ ਸੀ, ਉਹਨੇ ਕਿਹਾ ਸੀ ਇਨ੍ਹਾਂ ਛੋਕਰਿਆਂ ਦੀਆਂ ਰੇਖਾਵਾਂ ਮੈਂ ਛੇਤੀ ਹੀ ਸੁਰਖ਼ ਕਰਾਂਗਾ। ਅੱਗੋਂ ਇਨ੍ਹਾਂ ਸੂਰਬੀਰਾਂ ਨੇ ਕਿਹਾ ਸੀ, "ਅਸੀਂ ਪੰਜਾਬ ਪੁਲੀਸ ਨਹੀਂ ਹਾਂ ਜਿਹੜੀ ਦਰਬਾਰ ਸਾਹਿਬ 'ਚ ਨਹੀਂ ਜਾ ਸਕਦੀ। ਅਗਰ ਸਾਡੇ ਕਿਸੇ ਵੀ ਬੰਦੇ ਦਾ ਨੁਕਸਾਨ ਹੋਇਆ ਤਾਂ ਉਸ ਦਾ ਬਦਲਾ ਉਸੇ ਦਿਨ ਲੈ ਲਿਆ ਜਾਏਗਾ।" ਤੇ ਇਹਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ ਸਨ। ਅੰਮ੍ਰਿਤਸਰ ਸ਼ਹਿਰ ਵਿਚ ਇਹਦੇ ਕੁਝ ਚਾਟੜਿਆਂ ਨੇ ਗੁਰਸ਼ਰਨ ਸਿੰਘ ਦੇ ਨਾਟਕ 'ਚ ਖੱਪ ਪਾਈ ਸੀ ਤੇ ਭਿੰਡਰਾਂ ਵਾਲੇ ਨੂੰ ਜਾ ਦੱਸਿਆ ਸੀ ਕਿ 'ਕਾਮਰੇਡ ਬਹੁਤ ਬੋਲਦਾ ਸੀ'। ਤਾਂ ਉਸਨੇ ਕਿਹਾ ਸੀ 'ਉਹਨੂੰ ਚੁੱਪ ਕਰਾ ਦੇਣਾ ਸੀ।' ਕੀ ਭਲਾ ਇਹ ਸਭ ਕੁਝ ਓਹਲੇ 'ਚ ਹੀ ਹੋਇਆ? ਅਭਾਈ ਅਸਿੱਖਾ, ਇਹ ਸਭ ਕੁਝ ਦਿਨ ਦਿਹਾੜੇ ਹੋਇਆ ਅੰਮ੍ਰਿਤਸਰ ਸ਼ਹਿਰ ਵਿਚ। ਹੋਰ ਸੁਣ, ਜਦੋਂ ਭਿੰਡਰਾਂ ਵਾਲਾ ਜਿਉਂਦਾ ਸੀ ਤਾਂ ਉਹਦੇ ਪਿੰਡ ਜਾ ਕੇ ਗੁਰਸ਼ਰਨ ਸਿੰਘ ਨੇ ਪ੍ਰੋਗਰਾਮ ਕੀਤੇ ਸਨ ਕਿ ਇਸਦਾ ਪ੍ਰੋਗਰਾਮ ਭਰਾ ਮਾਰੂ ਹੈ, ਲੋਕ ਮਾਰੂ ਹੈ, ਅਭਾਈ ਅਸਿੱਖਾ ਇਹ ਗੱਲ ਦੱਸਦੀ ਹੈ ਕਿ ਇਹ ਸ਼ਹਿਰ ਜਲੰਧਰ (ਜਲੰਧਰੀ) 'ਚ ਨਹੀਂ ਹੋਇਆ ਤੇ ਤੂੰ ਸ਼ਾਇਦ ਪੱਤਰਕਾਰੀ ਨਹੀਂ, ਸੁਪਨਕਾਰੀ ਕਰਦਾ ਏਂ ਜਾਂ ਕਿਆਸਕਾਰੀ।

ਦੂਜਾ ਅਸੱਜਣ ਇਥੋਂ ਦਾ (ਇੰਗਲੈਂਡ) ਦਰਸ਼ਨ ਸਿੰਘ ਹੈ। ਅਜੀਬੋ ਗਰੀਬ ਆਦਮੀ (?) ਹੈ। ਕਦੇ ਰੋਅਬ ਪਾਉਣ ਖ਼ਾਤਰ ਆਪਣੇ ਨਾਂ ਨਾਲ 'ਪ੍ਰੋਫੈਸਰ' ਠੋਕ ਦਿੰਦਾ ਹੈ ਤੇ ਕਦੇ ਇਕੱਲਾ ਦਰਸ਼ਨ ਸਿੰਘ ਹੋ ਜਾਂਦਾ ਹੈ। ਉਂਜ ਭਲਾ ਜੇ ਗਧੇ ਦੇ ਨਾਂ ਨਾਲ ਡਾ: ਗਧਾ ਸਿੰਘ ਲਿਖ ਦੇਈਏ ਤਾਂ ਉਸਦੀ ਕਾਬਲੀਅਤ ਵਧ ਨਹੀਂ ਜਾਂਦੀ। ਉਂਜ ਵੀ ਪੰਜਾਬ 'ਚ ਜਿਹੜਾ ਦੋ ਢਾਈ ਦਿਨ ਪੜ੍ਹਾ ਲਵੇ ਉਹ ਪ੍ਰੋਫੈਸਰ ਹੋ ਜਾਂਦਾ ਹੈ ਭਾਵੇਂ ਐਮ.ਏ. ਤੋਂ ਬਾਅਦ ਐਮ.ਫਿਲ ਵੀ ਨਾ ਹੋਈ ਹੋਵੇ। ਇਸੇ ਅਭਾਈ ਨੇ ਕਾਰਲ ਮਾਰਕਸ ਦੀਆਂ ਲਿਖਤਾਂ 'ਚੋਂ ਤੋੜ ਮਰੋੜ ਕੇ ਟੂਕਾਂ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਨਸਲਵਾਦੀ ਸੀ। ਪੰਜਾਬੀ ਦੀ ਬੜੀ ਪੁਰਾਣੀ ਕਹਾਵਤ ਹੈ: ਚੰਦ 'ਤੇ ਥੁੱਕਿਆਂ ਮੂੰਹ 'ਤੇ ਹੀ ਪੈਂਦਾ ਹੈ - ਇਹੋ ਹਾਲ ਇਸ ਅਭਾਈ ਦਾ ਹੋਇਆ ਸੀ। ਜਦੋਂ ਇਸ ਨੂੰ ਜਵਾਬ ਵਿਚ ਵੀ ਕੁੱਤਾ ਲਿਖਿਆ ਗਿਆ ਤਾਂ ਕੁੱਝ ਹੋਰ ਜਨੂੰਨੀਆਂ ਨੂੰ ਬੜਾ ਸੇਕ ਲੱਗਾ ਸੀ ਕਿ ਇਕ ਸਿੱਖ ਨੂੰ ਕੁੱਤਾ ਆਖ ਦਿੱਤਾ ਹੈ, ਇਹ ਵੈਰ ਹਨ, ਔਹ ਹਨ। ਭਲਾ ਜੇਕਰ ਕੋਈ ਸਿੱਖ ਕਿਸੇ ਦੀ ਪੱਗ ਨੂੰ ਹੱਥ ਪਾ ਲਵੇ ਤਾਂ ਸਿੱਖ ਦੀ ਆਪਣੀ ਕੋਈ ਕਲਗੀ ਵਾਲੀ ਨਹੀਂ; ਮੁਹਰਲੇ 'ਚ ਜੁੱਰਅਤ ਹੋਈ ਤਾਂ ਉਹ ਵੀ ਲਾਹ ਲਏਗਾ। ●

(BEDFORD, ENGLAND)

# S & S Insurance Services



ਹਰਦੇਵ ਸਿੰਘ ਗਿੱਲ

ਪੰਜਾਬੀ ਮਾਰਕਿਟ ਵਿਚ

**PH. 324-5711**

**6658 MAIN ST., VANCOUVER.**



ਦਲਜੀਤ ਸਿੰਘ ਸਿੱਧੂ

**An Autoplan reminder—**
Leisure vans with modifications to the interior require a special equipment endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.

**The shop where you can get all kinds of Fabrics!**

## PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

** We make to measure Salwar - Kamiz - Lehnga*

** Also in gents wear Pants, Shirts, Coats, etc.*

** Mail order accepted*

**EYE EXAMINATIONS ARRANGED**



## SOFT CONTACT LENS SALE

**NOW $119.00**
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

Bring us your prescription (or ask us to arrange an eye examination) and be experty fitted by our qualified staff. You'll be surprised how quickly you can adapt to wearing soft contact lenses!

## EXTENDED WEAR CONTACT LENS $219.00

## Campus Eye Center

**11151-87 Ave.** **432-1372**

**WATNO DUR**
P.O. Box 9545
Edmonton, Alberta, T6E 5X2
Second Class Mail Reg. No. 3233

TO:

# ਫਰੰਟੀਅਰ ਕਲਾਥ ਹਾਊਸ




FRONTIER - the NAME you can TRUST
***********************************************

We are the best in:

1. Indian Silk Sarees
2. Crepe-de-Chine Silk Sarees
3. Mysoori Silk Sarees
4. Punjabi Silk Suits with Fancy Chunis, in latest designs
5. Embroidered Chunis of all kinds
6. Japanese Printed and Plain Sarees
7. French Chiffon Plain and Printed Sarees

Always visit FRONTIER for your wedding shopping. FRONTIER is FRONT in FASHION.
REMEMBER ... just one place, - FRONTIER

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515